# ਬਾਰਹਮਾਹਾ ਰਾਗ ਤੁਖਾਰੀ ਅਤੇ ਮਾਝ

***ਡਾ. ਜਗਜੀਤ ਸਿੰਘ***

ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹਮਾਹਾ ਪ੍ਰਾਪਤ ਹਨ। ਇਕ ਰਾਗ ਤੁਖਾਰੀ ਵਿਚ ਹੈ, ਜੋ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਦੂਜਾ ਰਾਗ ਮਾਝ ਵਿਚ ਹੈ ਜੋ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਦੋਹਾਂ ਦਾ ਵਿਸ਼ਾ ਅਧਿਆਤਮਕ ਹੈ। ਵਿਛੁੜੀ ਹੋਈ ਜੀਵਆਤਮਾ ਆਪਣੇ ਪਤੀ ਪ੍ਰਮੇਸ਼ਰ ਪ੍ਰਭੂ ਨੂੰ ਮਿਲਣ ਲਈ ਤਰਲਾ ਲੈਂਦੀ ਹੈ, ਮਿਲਾਪ ਮਾਣਦੀਆਂ ਸੁਹਾਗਣਾਂ ਦੀ ਸੰਗਤ ਲੋਚਦੀ ਹੈ। ਬਿਰਹਾ ਦੇ ਦੁੱਖਾਂ ਹਾਵਿਆਂ ਹੌਕਿਆਂ ਦਾ ਵਰਨਣ ਹੈ। ਵਿਛੋੜੇ ਵਿਚ ਹਰ ਰੁੱਤ ਦੁਖਾਵੀਂ ਹੈ, ਮਿਲਾਪ ਵਿਚ ਹਰ ਰੁੱਤ ਸੁਖਾਵੀਂ। ਮਿਲਾਪ ਵਿਚ ਨਾ ਜੇਠ ਹਾੜ ਦੀ ਗਰਮੀ ਪਹੁੰਦੀ ਹੈ, ਨਾ ਪੋਹ ਮਾਘ ਦਾ ਕੱਕਰ-ਪਾਲਾ ਸਤਾਂਦਾ ਹੈ। ਪ੍ਰਭੂ ਵਿਛੋੜੇ ਦਾ ਕਾਰਨ ਕਿਰਤ ਕਰਮ ਹਨ, ਮਿਲਾਪ ਦਾ ਸਾਧਨ ਨਾਮ ਸਿਮਰਨ, ਗੁਣ ਗਾਇਨ, ਪ੍ਰਭੂ-ਗੁਣਾਂ ਦੀ ਸੰਭਾਲ, ਸੰਤ ਸਾਧੂ ਜਨਾ ਦੀ ਸੰਗਤ ਅਤੇ ਪ੍ਰਭੂ ਮਿਹਰ ਹੈ।

### ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

ਚੇਤੁ ਦਾ ਮਹੀਨਾ ਨਵੇਂ ਸਾਲ ਦਾ ਪਹਿਲਾ ਮਹੀਨਾ ਹੈ। ਗੁਰੂ ਨਾਨਕ ਦੇਵ ਜੀ ਦੇ ਤੁਖਾਰੀ ਰਾਗ ਵਿਚ ਉਚਾਰਨ ਕੀਤੇ ਬਾਰਹਮਾਹਾ ਵਿਚ ਚੇਤੁ ਮਹੀਨੇ ਦਾ ਵਰਣਨ ਕਰਨ ਤੋਂ ਪਹਿਲਾਂ ਚਾਰ ਅੰਕ ਬਾਰਹਮਾਹਾ ਦੀ ਭੂਮਿਕਾ ਵਜੋਂ ਉਚਾਰਨ ਕੀਤੇ ਹਨ ਜਿਨ੍ਹਾਂ ਦੇ ਪਾਠ ਤੋਂ ਇਸ ਰਚਨਾ ਦੇ ਵਿਸ਼ਾ ਵਸੂਤ ਦਾ ਗਿਆਨ ਪ੍ਰਾਪਤ ਹੁੰਦਾ ਹੈ। ਪਾਠ ਤੇ ਸਰਲ ਵਿਆਖਿਆ ਇਸ ਪ੍ਰਕਾਰ ਹੈ -

*ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥*
*ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥*
*ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ॥*
*ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ॥*
*ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨ ਕਰਮ ਸੁਕਰਮਾ॥*
*ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ॥*

*ਪੰਨਾ - 1107*

ਅਰਥਾਤ ਪ੍ਰਮਾਤਮਾ ਹਰੇਕ ਜੀਵ ਨੂੰ ਆਪਣੇ ਪੂਰਬਲੇ ਕੀਤੇ ਹੋਏ, ਕਮਾਏ ਹੋਏ ਕਰਮਾਂ ਅਨੁਸਾਰ ਦੁਖ ਸੁਖ ਭੋਗਣ ਲਈ ਦਿੰਦਾ ਹੈ ਅਤੇ ਜੋ ਉਹ ਜੀਵ ਨੂੰ ਦਿੰਦਾ ਹੈ ਓਹੀ ਠੀਕ ਹੈ, ਭਲਾ ਹੈ। ਮਾਝ ਰਾਗ ਵਿਚ ਵੀ ਗੁਰੂ ਅਰਜਨ ਦੇਵ ਜੀ ਨੇ ਇਹੋ ਵਿਚਾਰ ਪ੍ਰਗਟ ਕੀਤੇ ਹਨ ਕਿ ਅਸੀਂ ਜੀਵ ਆਪਣੇ ਕੀਤੇ ਹੋਏ ਕਰਮਾਂ ਦੀ ਕਮਾਈ ਅਨੁਸਾਰ ਹੀ ਪ੍ਰਭੂ ਤੋਂ ਵਿਛੁੜੇ ਹਾਂ -

*ਕਿਰਤ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*

*ਪੰਨਾ - 133*

ਅੱਗੇ ਫੁਰਮਾਨ ਕੀਤਾ ਹੈ ਕਿ ਹੇ ਪ੍ਰਮਾਤਮਾ! ਇਹ ਸਾਰਾ ਬ੍ਰਹਿਮੰਡ ਤੇਰੀ ਰਚਨਾ ਹੈ, ਇਸ ਵਿਚ ਮੇਰੀ ਹਸਤੀ ਕੋਈ ਅਰਥ ਨਹੀਂ ਰਖਦੀ, ਤੇਰੇ ਬਿਨਾਂ ਮੇਰਾ ਇਕ ਘੜੀ ਦਾ ਜੀਵਨ ਵੀ ਕਾਹਦਾ ਜੀਵਨ ਹੈ? ਹੇ ਪਿਆਰੇ! ਤੇਰੇ ਤੋਂ ਵਿਛੜ ਕੇ ਮੇਰਾ ਜੀਵਨ ਦੁਖ ਹੀ ਦੁਖ ਹੈ, ਇਸ ਦੁਖ ਵਿਚੋਂ ਕੱਢਣ ਲਈ ਕੋਈ ਸਹਾਇਕ, ਬੇਲੀ ਵੀ ਨਹੀਂ ਦੀਂਹਦਾ। ਤੂੰ ਹੀ ਮਿਹਰ ਕਰ, ਗੁਰੂ ਦੀ ਸ਼ਰਨ ਬਖਸ਼ਿਸ਼ ਕਰ ਤਾਕਿ ਮੈਂ ਸਦਾ ਹੀ ਆਤਮਿਕ-ਜੀਵਨ ਬਖਸ਼ਣ ਵਾਲਾ ਨਾਮ ਅੰਮ੍ਰਿਤ ਪੀਂਦਾ ਰਹਾਂ। ਆਪਣੀ ਬੇਅੰਤ ਰਚਨਾ ਵਿਚ ਵਿਆਪਕ, ਰਚੇ ਹੋਏ ਨਿਰੰਕਾਰ ਪ੍ਰਭੂ ਨੂੰ ਮਨ ਵਿਚ ਵਸਾਣਾ ਹੀ ਸਭ ਕੰਮਾਂ ਤੋਂ ਸ੍ਰੇਸ਼ਟ ਕੰਮ ਹੈ, ਇਹੋ ਮਨੁੱਖ ਦਾ ਜੀਵਨ ਮਨੋਰਥ ਹੈ। ਹੇ ਸਰਬ ਵਿਆਪਕ ਪ੍ਰਮਾਤਮਾ! ਤੂੰ ਇਸ ਜੀਵ-ਇਸਤ੍ਰੀ ਦੀ ਅਰਜ਼ੋਈ ਸੁਣ ਅਤੇ ਉਸਨੂੰ ਆਪਣੇ ਦਰਸ਼ਨ ਬਖਸ਼, ਜੀਵ ਇਸਤ੍ਰੀ ਤੇਰਾ ਰਾਹ ਤੱਕ ਰਹੀ ਹੈ।

*ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥*
*ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥*
*ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ॥*
*ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ॥*
*ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ॥*
*ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥*

*ਪੰਨਾ - 1107*

ਜਿਵੇਂ ਪਪੀਹਾ (ਬਬੀਹਾ) ਪਿਆਰ ਵਿਚ 'ਪ੍ਰਿਉ ਪ੍ਰਿਉ' ਬੋਲਦਾ ਹੈ, ਜਿਵੇਂ ਕੋਇਲ ਪਿਆਰ ਦੀ ਮਿੱਠੀ ਸੁਰੀਲੀ ਭਾਸ਼ਾ 'ਕੂ ਕੂ' ਕਰਕੇ ਬੋਲਦੀ ਹੈ, ਤਿਵੇਂ ਹੀ ਜਿਹੜੀ ਜੀਵ ਆਤਮਾ (ਜੀਵ ਇਸਤ੍ਰੀ) ਪ੍ਰਭੂ ਪਤੀ ਦੇ ਪਿਆਰ ਵੈਰਾਗ ਵਿਚ ਆ ਕੇ ਮਿੱਠੀ ਸੁਰ ਵਿਚ ਉਸ ਨੂੰ ਦਿਲੋਂ ਯਾਦ ਕਰਦੀ ਹੈ, ਉਹ ਜੀਵ ਇਸਤ੍ਰੀ ਪ੍ਰਭੂ ਪਤੀ ਦੇ ਮਿਲਾਪ ਦਾ ਸਭ ਅਨੰਦ ਰਸ ਮਾਣਦੀ ਹੈ ਤੇ ਉਸ ਦੀ ਬਿਰਤੀ ਸਦਾ ਪ੍ਰਭੂ ਚਰਨਾਂ ਵਿਚ ਟਿਕੀ ਰਹਿੰਦੀ ਹੈ। ਪ੍ਰਭੂ ਦੀ ਮਿਹਰ ਸਦਕਾ ਹੀ ਜੀਵ ਇਸਤ੍ਰੀ ਪ੍ਰਭੂ ਨੂੰ ਚੰਗੀ ਲਗਦੀ ਹੈ ਅਤੇ ਉਸ ਦੀ ਬਿਰਤੀ ਵੀ ਪ੍ਰਭੂ ਮਿਹਰ ਸਦਕਾ ਹੀ ਉਸ ਦੇ ਵਿਚ ਜੁੜੀ ਰਹਿੰਦੀ ਹੈ। ਐਸੀ ਸੁਹਾਗਣ ਇਸਤ੍ਰੀ ਉਚੇ ਭਾਗਾਂ ਵਾਲੀ ਹੁੰਦੀ ਹੈ। ਐਸੀ ਸੁਹਾਗਣ ਨਾਰ ਆਪਣੇ ਸਰੀਰ ਦੀਆਂ ਨੌਂ ਗੋਲਕਾਂ (ਇੰਦ੍ਰਿਆਂ) ਨੂੰ ਜੁਗਤਿ ਵਿਚ ਰੱਖ ਕੇ ਆਪਣੇ ਆਪੇ ਨੂੰ ਪ੍ਰਭੂ ਦੇ ਸਰੂਪ ਵਿਚ ਟਿਕਾ ਦਿੰਦੀ ਹੈ ਅਤੇ ਮਾਇਕ ਪਦਾਰਥਾਂ ਦੇ ਮੋਹ ਤੋਂ ਉਠ ਕੇ ਪ੍ਰਭੂ

ਦਾ ਉਚਾ ਟਿਕਾਣਾ ਮੱਲ ਲੈਂਦੀ ਹੈ। ਐਸੀ ਜੀਵ ਇਸਤ੍ਰੀ ਪ੍ਰਭੂ ਪਿਆਰ ਵਿਚ ਰੰਗੀਜ ਕੇ ਦਿਨ ਰਾਤ ਉਸ ਨੂੰ ਸਿਮਰਦੀ ਹੈ ਤੇ ਅੰਦਰੋਂ ਬਾਹਰੋਂ ਇਹ ਅਨੁਭਵ ਮਾਣਦੀ ਹੈ ਕਿ ਸਾਰੀ ਸ੍ਰਿਸ਼ਟੀ ਉਸ ਦੀ ਰਚੀ ਹੋਈ ਹੈ ਤੇ ਉਹ ਪ੍ਰਮਾਤਮਾ ਹੀ ਉਸ ਜੀਵ ਇਸਤ੍ਰੀ ਦਾ ਮਾਲਕ ਖਸਮ ਸਾਂਈ ਹੈ। ਜਿਵੇਂ ਪਪੀਹਾ ਪ੍ਰਿਉ ਪ੍ਰਿਉ ਬੋਲਦਾ ਹੈ, ਜਿਵੇਂ ਕੋਇਲ ਮਿੱਠੇ ਗੀਤ ਬੋਲਦੀ ਹੈ, ਤਿਵੇਂ ਪ੍ਰਭੂ ਪਿਆਰ ਵਾਲੀ ਜੀਵ ਇਸਤ੍ਰੀ ਗੁਰ-ਸ਼ਬਦ ਰਾਹੀਂ ਪ੍ਰਭੂ ਦੀ ਸਿਫਤਿ ਸਾਲਾਹ ਦੇ ਗੀਤ ਗਾਉਂਦੀ ਸੋਹਣੀ ਲਗਦੀ ਹੈ। ਅਰਥਾਤ ਨਾਮ ਦੀ ਬਰਕਤ ਨਾਲ, ਪ੍ਰਭੂ ਸਿਫਤਿ ਸਾਲਾਹ ਰਾਹੀਂ ਮਨੁੱਖ ਆਪਣੇ ਸਾਰੇ ਗਿਆਨ ਅਤੇ ਕਰਮ ਇੰਦ੍ਰਿਆਂ ਨੂੰ ਸੰਜਮ ਵਿਚ ਰੱਖ ਕੇ ਮਾਇਕ ਪਦਾਰਥਾਂ ਦੇ ਮੋਹ ਤੋਂ ਉਚਾ ਟਿਕਿਆ ਰਹਿੰਦਾ ਹੈ ਅਤੇ ਗੁਰੂ ਦੇ ਸ਼ਬਦ ਰਾਹੀਂ ਉਸ ਦਾ ਜੀਵਨ ਪਵਿੱਤਰ ਹੋ ਜਾਂਦਾ ਹੈ ਤੇ ਉਸਨੂੰ ਪ੍ਰਭੂ ਮਿਲਾਪ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ।

*ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥*
*ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥*
*ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥*
*ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ॥*
*ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ॥*
*ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ*
*ਗੁਰ ਸਬਦੀ ਮਨੁ ਧੀਰਾ॥* *ਪੰਨਾ - 1107*

ਹੇ ਮੇਰੇ ਰਸ-ਭਿੰਨੇ ਪਿਆਰੇ ਮਿੱਠੇ ਪ੍ਰੀਤਮ! ਤੁਸੀਂ ਮੇਰੇ ਮਨ ਤਨ ਅਤੇ ਰੋਮ ਰੋਮ ਵਿਚ ਰਮੇ ਹੋਏ ਹੋ। ਮੇਰੀ ਬੇਨਤੀ ਸੁਣੋ! ਤੁਸੀਂ ਹਰ ਪਲ ਮੇਰੀ ਯਾਦ ਵਿਚ ਵਸਦੇ ਹੋ। ਮੈਂ ਇਕ ਘੜੀ ਵੀ ਤੈਨੂੰ ਕਿਵੇਂ ਵਿਸਾਰ ਸਕਦੀ ਹਾਂ? ਮੈਂ ਹਰ ਪਲ ਤੈਥੋਂ ਸਦਕੇ ਜਾਂਦੀ ਹਾਂ। ਤੇਰੀ ਸਿਫਤਿ-ਸਾਲਾਹ ਕਰ ਕਰਕੇ ਮੇਰੇ ਅੰਦਰ ਆਤਮਿਕ ਅਨੰਦ ਪੈਦਾ ਹੁੰਦਾ ਹੈ। ਤੇਰੇ ਤੋਂ ਬਿਨਾਂ ਨਾ ਕੋਈ ਮੇਰਾ ਸਦਾ ਨਿਭਣ ਵਾਲਾ ਮਿਤ੍ਰ ਜਾਂ ਆਸਰਾ ਹੈ, ਨਾ ਹੀ ਕੋਈ ਸਾਥੀ। ਮੇਰਾ ਮਿਤ੍ਰ ਸਾਥੀ ਮਾਲਕ ਸਭ ਤੂੰ ਹੀ ਹੈਂ। ਤੇਰੀ ਯਾਦ ਤੋਂ ਬਿਨਾਂ ਮੇਰੇ ਮਨ ਵਿਚ ਧੀਰਜ ਨਹੀਂ ਬੱਝਦਾ। ਜਿਸ ਮਨੁੱਖ ਨੇ ਪ੍ਰਮਾਤਮਾ ਦਾ ਹੀ ਆਸਰਾ ਲਿਆ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ ਵਸ ਗਏ ਹਨ, ਉਸ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ। ਉਹ ਦੀਰਘ ਦ੍ਰਿਸਟਿ ਵਾਲਾ, ਸੁਘੜ ਲੰਮੀ ਨਜ਼ਰ ਵਾਲਾ ਸਦੀਵ ਆਤਮਿਕ ਅਨੰਦ ਮਾਣਦਾ ਹੈ ਅਤੇ ਗੁਰੂ ਦੇ ਸ਼ਬਦ ਨਾਲ ਜੁੜ ਕੇ ਉਸ ਦਾ ਮਨ ਸਦਾ ਧੀਰਜ ਵਿਚ ਵਿਚਰਦਾ ਹੈ।

*ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥*
*ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥*
*ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥*
*ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥*
*ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥*
*ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥*
*ਪੰਨਾ - 1107*

ਜਿਸ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਪ੍ਰਭੂ ਦੀਆਂ ਸਿਫਤਿ ਸਾਲਾਹ ਦੀਆਂ ਸੁਹਾਵਣੀਆਂ ਬੂੰਦਾਂ ਦੀ ਅੰਮ੍ਰਿਤਧਾਰਾ ਵਰ੍ਹਦੀ ਹੈ, ਉਸ ਦੇ ਮਨ ਨੂੰ ਟਿਕਾਉ ਤੇ ਸਹਜ ਪ੍ਰਾਪਤ ਹੁੰਦਾ ਹੈ ਅਤੇ ਉਸ ਦੀ ਪ੍ਰਭੂ ਨਾਲ ਸੱਚੀ ਪ੍ਰੀਤ ਕਾਰਨ ਉਸ ਨੂੰ ਸੱਜਣ ਪ੍ਰਭੂ ਆ ਮਿਲਦਾ ਹੈ। ਐਸੀ ਜੀਵ ਇਸਤ੍ਰੀ ਆਪਣੇ ਹਿਰਦੇ ਨੂੰ ਪ੍ਰਭੂ ਦੇ ਟਿਕਣ ਦਾ ਨਿਵਾਸ (ਮੰਦਰ) ਬਣਾ ਲੈਂਦੀ ਹੈ ਤੇ ਇਹ ਪ੍ਰਭੂ ਨੂੰ ਵੀ ਟਿਕਣ ਲਈ ਚੰਗਾ ਲਗਦਾ ਹੈ ਅਤੇ ਉਹ ਉਸ ਜੀਵ ਇਸਤ੍ਰੀ ਦੇ ਹਿਰਦੇ ਮੰਦਰ ਵਿਚ ਆ ਟਿਕਦਾ ਹੈ। ਅਨੰਦ ਵਿਚ ਸਰਸ਼ਾਰ ਹੋਈ ਜੀਵ ਇਸਤ੍ਰੀ ਉਸ ਦੇ ਗੁਣ ਗਾਇਨ ਕਰਦੀ ਹੈ। ਪਰ ਪ੍ਰਭੂ ਤੋਂ ਵਿਛੜੀ ਬਿਰਹਨ ਵਿਰਲਾਪ ਕਰਦੀ ਕਹਿੰਦੀ ਹੈ - ਹਰੇਕ ਭਾਗਾਂ ਵਾਲੀ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਪ੍ਰਭੂ-ਪਤੀ ਰਲੀਆਂ ਮਾਣਦਾ ਹੈ, ਉਸ ਨੇ ਮੈਨੂੰ ਕਿਉਂ ਭੁਲਾ ਦਿਤਾ ਹੈ? ਲਿਫ ਲਿਫ ਕੇ ਨੀਵੇਂ ਆਏ ਘਣੇ ਬੱਦਲਾਂ ਨੂੰ ਆਪਣੀ ਵੇਦਨਾ ਦਸਦੀ ਕਹਿੰਦੀ ਹੈ ਕਿ ਤੁਸੀਂ ਖੂਬ ਵਰ੍ਹੋ, ਪਿਆਰ ਨਾਲ ਵਰ੍ਹੋ ਤਾਕਿ ਮੇਰੇ ਅੰਦਰ ਵੀ ਪ੍ਰਭੂ-ਪਿਆਰ ਤੇ ਸਿਫਤਿ ਸਾਲਾਹ ਦੀ ਵਰਖਾ ਹੋਵੇ ਕਿਉਂਕਿ ਪ੍ਰਭੂ-ਪਿਆਰ ਮੇਰੇ ਮਨ ਵਿਚ, ਮੇਰੇ ਤਨ ਵਿਚ ਅਨੰਦ ਪੈਦਾ ਕਰਦਾ ਹੈ। ਹੇ ਨਾਨਕ! ਜਿਸ ਭਾਗਾਂ ਵਾਲੇ ਹਿਰਦੇ ਘਰ ਵਿਚ ਸਿਫਤਿ ਸਾਲਾਹ ਦੀ ਬਾਣੀ ਦੀ ਵਰਖਾ ਹੁੰਦੀ ਹੈ, ਪ੍ਰਭੂ ਕ੍ਰਿਪਾ ਧਾਰ ਕੇ ਉਥੇ ਆ ਟਿਕਦਾ ਹੈ -

*ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥*
*ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥*
*ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ*
*ਬਿਰਹਿ ਬਿਰੋਧ ਤਨੁ ਛੀਜੈ॥*
*ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥*
*ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥*
*ਨਾਨਕ ਚੇਤਿ ਸਹਜਿ ਸੁਖੁ ਪਾਵੈ*
*ਜੇ ਹਰਿ ਵਰੁ ਘਰਿ ਧਨ ਪਾਏ॥* *ਪੰਨਾ - 1108*

ਚੇਤ ਦਾ ਮਹੀਨਾ ਰੁੱਤ ਕਰਕੇ ਬਹੁਤ ਸੁਹਾਵਣਾ ਹੁੰਦਾ ਹੈ, ਚੰਗਾ ਲਗਦਾ ਹੈ, ਚੇਤ ਵਿਚ ਬਸੰਤ ਦੀ ਰੁੱਤ ਵੀ ਪਿਆਰੀ ਲਗਦੀ ਹੈ। ਇਸ ਮਹੀਨੇ ਖੁਲ੍ਹੀ ਜੂਹ ਵਿਚ ਬਨਸਪਤੀ ਨੂੰ ਫੁੱਲ ਲਗ ਪੈਂਦੇ ਹਨ ਅਤੇ ਫੁੱਲਾਂ ਉਤੇ ਬੈਠੇ ਭੌਰੇ ਸੋਹਣੇ ਲਗਦੇ ਹਨ। ਜਿਸ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਪ੍ਰਭੂ ਪਤੀ ਨਹੀਂ ਆਉਂਦਾ, ਨਹੀਂ ਵਸਦਾ, ਉਸ ਜੀਵ ਇਸਤ੍ਰੀ ਨੂੰ ਸੁੱਖ ਅਨੰਦ ਕਿਵੇਂ ਆ ਸਕਦਾ ਹੈ? ਸਗੋਂ ਵਿਛੋੜੇ ਕਾਰਨ ਉਸ ਦਾ ਸਰੀਰ ਬਿਰਹਾ ਵਿਚ ਟੁੱਟਦਾ ਹੈ, ਦੁਖੀ ਹੁੰਦਾ

ਹੈ। ***(ਪਿਰੁ ਘਰਿ ਨਹੀ ਆਵੈ, ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ)***। ਚੇਤਰ ਦੇ ਮਿੱਠੇ ਸੁਹਾਵਣੇ ਮੌਸਮ ਵਿਚ ਕੋਇਲ ਅੰਬ ਦੇ ਰੁੱਖ ਤੇ ਬੈਠੀ ਮਿੱਠੇ ਗੀਤ ਬੋਲ ਰਹੀ ਹੈ, ਪਰ ਵਿਜੋਗਣ ਨੂੰ ਇਹ ਗੀਤ ਮਿੱਠੇ ਨਹੀਂ ਲਗਦੇ ਸਗੋਂ ਚੋਭਵੇਂ ਤੇ ਦੁਖਦਾਈ ਲਗਦੇ ਹਨ ਅਤੇ ਵਿਛੋੜੇ ਦਾ ਦੁੱਖ ਉਸ ਦੇ ਹਿਰਦੇ ਤੋਂ ਸਹਾਰਿਆ ਨਹੀਂ ਜਾਂਦਾ। ***(ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥)*** ਬਿਰਹਾ ਵਿਚ ਦੁਖੀ ਜੀਵ ਇਸਤ੍ਰੀ ਆਪਣਾ ਦੁਖ ਦਰਦ ਮਾਂ ਨਾਲ ਸਾਂਝਾ ਕਰਦੀ ਕਹਿੰਦੀ ਹੈ ਕਿ ਬਾਹਰ ਭੌਰਾ ਖਿੜੇ ਹੋਏ ਫੁੱਲਾਂ ਦੀਆਂ ਡਾਲੀਆਂ ਤੇ ਮੌਜ ਮਸਤੀਆਂ ਮਾਣਦਾ ਹੈ ਪਰ ਮੇਰਾ ਮਨ ਭੌਰਾ ਬਿਰਹਾ ਦੀ ਵੇਦਨਾ ਵਿਚ ਵਿਆਕੁਲ ਹੈ, ਇਹ ਕੋਈ ਜੀਵਨ ਨਹੀਂ, ਇਹ ਤਾਂ ਆਤਮਿਕ ਮੌਤ ਹੈ। ਚੇਤਰ ਮਹੀਨੇ ਦੀ ਸੁਹਾਵਣੀ ਬਸੰਤ ਰੁੱਤ ਵਿਚ ਜਿਸ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਪ੍ਰਭੂ ਪਤੀ ਆ ਵਸੇ, ਉਹ ਜੀਵ ਇਸਤ੍ਰੀ ਸਹਿਜ ਅਵਸਥਾ ਵਿਚ ਟਿਕ ਕੇ ਸੱਚਾ ਸੁਖ ਅਤੇ ਆਤਮਿਕ ਅਨੰਦ ਮਾਣਦੀ ਹੈ।

ਬਾਰਹਮਾਹਾ ਮਾਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ

***ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥***
***ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥***
***ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥***
***ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥***
***ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥***
***ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥***
***ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥***
***ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥***
***ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥***
***ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥***

*ਪੰਨਾ - 133*

ਮਨੁੱਖ ਪ੍ਰਭੂ ਤੋਂ ਕਿਉਂ ਵਿਛੜਿਆ ਹੋਇਆ ਹੈ? ਬੜਾ ਮਹਾਨ ਪ੍ਰਸ਼ਨ ਹੈ ਜੋ ਹਰ ਜਗਿਆਸੂ ਦੇ ਮਨ ਵਿਚ ਉਠਦਾ ਹੈ। ਗੁਰੂ ਅਰਜਨ ਦੇਵ ਜੀ ਇਸ ਦਾ ਬੜਾ ਸਰਲ, ਸਪਸ਼ਟ ਤੇ ਸਹੀ ਉਤਰ ਦਿੰਦੇ ਕਹਿੰਦੇ ਹਨ ਕਿ ਮਨੁੱਖ ਆਪਣੇ ਕਰਮਾਂ ਕਰਕੇ ਪ੍ਰਭੂ ਤੋਂ ਵਿਛੜ ਜਾਂਦਾ ਹੈ। ਕੀਤੇ ਹੋਏ ਕਰਮ ਸਾਡੇ ਸੰਸਕਾਰ ਬਣਦੇ ਹਨ, ਜੋ ਸੂਖਸ਼ਮ ਸਰੀਰ ਦਾ ਭਾਗ ਬਣ ਜਾਂਦੇ ਹਨ। ਜਿਨ੍ਹਾਂ ਦੇ ਫਲ ਸਰੂਪ ਮਨੁੱਖ ਪ੍ਰਭੂ ਤੋਂ ਵਿਛੜ ਕੇ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ। ਵਿਛੋੜੇ ਦਾ ਦੋਸ਼ ਕਿਸੇ ਨੂੰ ਨਹੀਂ ਦਿਤਾ ਜਾ ਸਕਦਾ ਕਿਉਂਕਿ ਮਨੁੱਖ ਜੋ ਕਰਮ ਕਰਦਾ ਹੈ, ਉਸ ਦਾ ਪ੍ਰਤੀਕਰਮ ਭੋਗਦਾ ਹੈ। ਫੇਰ ਦੋਸ਼ ਕਿਸ ਨੂੰ ਦੇਈਏ?

***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

*ਪੰਨਾ - 433*

ਹੁਣ ਮਿਲਾਪ ਕਿਵੇਂ ਹੋਵੇ? ਮਿਲਾਪ ਪ੍ਰਭੂ ਦੀ ਬਖਸ਼ਿਸ਼ ਹੈ। ਆਪਣੀ ਹਉਂ ਆਸਰੇ, ਕਰਮਾਂ ਆਸਰੇ ਕੋਈ ਮਨੁੱਖ ਪ੍ਰਭੂ ਪ੍ਰਾਪਤੀ ਨਹੀਂ ਕਰ ਸਕਦਾ। ਚੰਗੇ ਕਰਮਾਂ ਕਰਕੇ ਚੰਗਾ ਮਨੁੱਖੀ ਜਾਮਾ ਤਾਂ ਮਿਲ ਸਕਦਾ ਹੈ ਪਰ ਜਨਮ ਮਰਣ ਤੋਂ ਮੁਕਤ ਹੋ ਕੇ ਮੋਖ ਦੁਆਰ ਪ੍ਰਾਪਤ ਕਰਨਾ ਕੇਵਲ 'ਨਦਰ' ਰਾਹੀਂ ਹੀ ਸੰਭਵ ਹੈ -

***ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥***

*ਪੰਨਾ - 2*

ਏਥੇ ਗੁਰੂ ਅਰਜਨ ਦੇਵ ਜੀ ਬਖਸ਼ਿਸ਼ ਕਰ ਰਹੇ ਹਨ ਕਿ ਹੇ ਪ੍ਰਭੂ! ਅਸੀਂ ਆਪਣੇ ਕਰਮਾਂ ਦੀ ਕਮਾਈ ਅਨੁਸਾਰ ਤੈਥੋਂ ਵਿਛੁੜੇ ਹੋਏ ਹਾਂ, ਤੈਨੂੰ ਭੁੱਲੇ ਬੈਠੇ ਹਾਂ, ਮਿਹਰ ਕਰਕੇ ਸਾਨੂੰ ਮਿਲਾਪ ਬਖਸ਼ਿਸ਼ ਕਰ। ਸੰਸਕਾਰਾਂ ਦੀ ਗ੍ਰਿਫਤ ਵਿਚ ਅਤੇ ਮਾਇਆ ਦੇ ਮੋਹ ਵਿਚ ਅਸੀਂ ਚਾਰਾਂ ਦਿਸ਼ਾਵਾਂ ਵਿਚ ਅਤੇ ਅਨੇਕ ਪਾਸਿਆਂ ਵਲ ਸੁਖਾਂ ਖਾਤਰ ਭਟਕਦੇ ਰਹੇ ਹਾਂ ਤੇ ਹੁਣ ਥੱਕ ਹੁਟ ਕੇ, ਹੇ ਪ੍ਰਭੂ! ਤੇਰੀ ਸ਼ਰਨ ਵਿਚ ਆਏ ਹਾਂ। ***(ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ। ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥ ਪੰਨਾ - 133)*** ਜਿਵੇਂ ਦੁੱਧ ਤੋਂ ਸੱਖਣੀ ਗਾਂ ਕਿਸੇ ਕੰਮ ਨਹੀਂ ਆਉਂਦੀ, ਜਿਵੇਂ ਪਾਣੀ ਤੋਂ ਬਿਨਾਂ ਖੇਤੀ ਸੁੱਕ ਜਾਂਦੀ ਹੈ, ਫਸਲ ਨਹੀਂ ਪ੍ਰਾਪਤ ਹੁੰਦੀ, ਧਨ ਦੀ ਕਮਾਈ ਨਹੀਂ ਹੋ ਸਕਦੀ, ਤਿਵੇਂ ਹੀ ਨਾਮ ਤੋਂ ਬਿਨਾਂ ਸਾਡਾ ਜੀਵਨ ਵਿਅਰਥ ਚਲਾ ਜਾਂਦਾ ਹੈ। ਖਸਮ-ਪ੍ਰਭੂ ਨੂੰ ਮਿਲਣ ਤੋਂ ਬਿਨਾਂ ਕਿਸੇ ਹੋਰ ਥਾਂ ਸੁਖ ਭੀ ਨਹੀਂ ਮਿਲ ਸਕਦਾ। ਸੁਖ ਮਿਲੇ ਭੀ ਕਿਵੇਂ? ਕਿਉਂਕਿ ਜਿਸ ਹਿਰਦੇ ਘਰ ਵਿਚ ਪ੍ਰਭੂ-ਪਤੀ ਨਹੀਂ ਵਸਦਾ, ਉਹ ਹਿਰਦਾ ਘਰ, ਪਿੰਡ ਤੇ ਸ਼ਹਿਰ ਤਪਦੀ ਭੱਠੀ ਵਾਂਗ ਹੁੰਦੇ ਹਨ, ਦੁਖਾਂ ਦਾ ਘਰ ਹੁੰਦੇ ਹਨ। ਵਿਛੁੜੀ ਹੋਈ ਇਸਤ੍ਰੀ ਲਈ ਆਪਣੇ ਸਰੀਰ ਸਮੇਤ ਸਾਰੇ ਹਾਰ ਸ਼ਿੰਗਾਰ ਪਾਨ ਬੀੜੇ ਤੇ ਹੋਰ ਰਸ ਵਿਅਰਥ ਦਿਸਦੇ ਹਨ ਅਤੇ ਪਤੀ ਦੇ ਵਿਛੋੜੇ ਵਿਚ ਸਾਰੇ ਸੱਜਣ ਮਿਤ੍ਰ ਵੀ ਚੰਗੇ ਨਹੀਂ ਲਗਦੇ ਸਗੋਂ ਜਿੰਦ ਦੇ ਵੈਰੀ ਹੋ ਢੁਕਦੇ ਹਨ।

ਗੁਰੂ ਮਹਾਰਾਜ ਬੇਨਤੀ ਰੂਪ ਵਿਚ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਕ੍ਰਿਪਾ ਕਰਕੇ ਆਪਣੇ ਨਾਮ ਦੀ ਦਾਤ ਬਖਸ਼ਿਸ਼ ਕਰ। ਆਪਣੇ ਚਰਨਾਂ ਨਾਲ ਜੋੜ ਕੇ ਰੱਖ। ਹੋਰ ਸਾਰੇ ਆਸਰੇ ਪਰਨੇ ਨਾਸਵੰਤ ਹਨ। ਇਕ ਤੇਰਾ ਆਸਰਾ, ਤੇਰਾ ਘਰ, ਸਦਾ ਕਾਇਮ ਰਹਿਣ ਵਾਲਾ ਹੈ। ਇਸ ਨਾਲ ਜੋੜ ਕੇ ਰੱਖ।

(ਬਾਕੀ ਪੰਨਾ 7 ਤੇ)

# ਸੰਪਾਦਕੀ

***ਡਾ. ਜਗਜੀਤ ਸਿੰਘ***

ਆਤਮ-ਮਾਰਗ ਦੇ ਅਤੀ ਪਿਆਰੇ ਪ੍ਰੇਮੀਓ! ਜਨਵਰੀ, ਫਰਵਰੀ ਦੇ ਅੰਕਾਂ ਵਿਚ ਅਸੀਂ ਜਪੁਜੀ ਵਿਚ ਪ੍ਰਾਪਤ ਅਧਿਆਤਮਕ ਵਿਚਾਰਧਾਰਾ ਬਾਰੇ ਕੁਝ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਏਸੇ ਲੜੀ ਨੂੰ ਅੱਗੇ ਤੋਰਦੇ ਹਾਂ।

ਹੁਣ ਤੱਕ ਅਸੀਂ ਇਹ ਵਿਚਾਰ ਕੀਤੀ ਹੈ ਕਿ ਬ੍ਰਹਿਮੰਡ ਰਚਨਾ ਪ੍ਰਮਾਤਮਾ ਦੇ ਹੁਕਮ ਵਿਚ ਹੋਂਦ ਵਿਚ ਆਈ ਅਤੇ ਹੁਕਮ ਵਿਚ ਹੀ ਕਿਰਿਆਸ਼ੀਲ ਹੈ। ਕੋਈ ਪਦਾਰਥ, ਕੋਈ ਗ੍ਰਹਿ, ਸੂਰਜ, ਚੰਦਰਮਾ, ਧਰਤੀ, ਜੀਵ ਜੰਤ, ਪਸ਼ੂ ਪੰਛੂ ਸਭ ਉਸਦੇ ਹੁਕਮ ਵਿਚ ਕਿਰਿਆਸ਼ੀਲ ਹਨ, ਹੁਕਮ ਤੋਂ ਬਾਹਰ ਕੁਝ ਨਹੀਂ ਹੋ ਰਿਹਾ। ਹੁਕਮ ਵਿਚ ਪੂਰਨ ਨਿਆਂ ਵੀ ਹੈ ਅਤੇ ਨਦਰ ਵੀ ਹੈ। ਮਨੁੱਖ ਕੀਤੇ ਕਰਮਾਂ ਅਨੁਸਾਰ ਦੁਖ ਸੁਖ ਭੋਗਦਾ ਹੈ ਪਰ ਉਸ ਦੀ ਨਦਰ ਦਾ ਪਾਤਰ ਵੀ ਬਣ ਸਕਦਾ ਹੈ ਜਿਸ ਨਾਲ ਹਜ਼ਾਰਾਂ ਜਨਮਾਂ ਦੇ ਕਰਮਾਂ ਦਾ ਨਾਸ ਵੀ ਹੋ ਜਾਂਦਾ ਹੈ। ਨਦਰ ਦਾ ਪਾਤਰ ਬਣਨ ਲਈ ਹੁਕਮ ਨੂੰ ਸਮਝਣਾ, ਅੰਮ੍ਰਿਤ ਵੇਲੇ ਸੱਚੇ ਨਾਮ ਨਾਲ ਜੁੜਨਾ, ਵਡਿਆਈਆਂ ਦੀ ਵੀਚਾਰ ਕਰਨੀ (ਜਿਵੇਂ ਗੁਰਬਾਣੀ ਦੀ ਸਮੁੱਚੀ ਵਿਚਾਰ ਉਸ ਦੀਆਂ ਵਡਿਆਈਆਂ ਦੀ ਵਿਚਾਰ ਹੈ) ਅੰਦਰ ਬਾਹਰ ਹਰ ਥਾਂ ਉਸ ਨੂੰ ਪਰੀਪੂਰਨ ਵੇਖਣਾ ਅਤੇ ਵੈਰ-ਵਿਰੋਧ, ਈਰਖਾ, ਦ੍ਵੈਤ ਅਤੇ ਕਾਮਾਦਿਕ ਦੋਸ਼ਾਂ ਤੋਂ ਨਿਰਲੇਪ ਹੋਣਾ ਕੁਝ ਜ਼ਰੂਰੀ ਕਿਰਿਆਵਾਂ ਹਨ ਜਿਨ੍ਹਾਂ ਨਾਲ ਨਦਰ ਦੇ ਪਾਤਰ ਬਣ ਸਕੀਦਾ ਹੈ।

ਨਾਮ ਅਤੇ ਨਦਰ ਦੀ ਇਸੇ ਸਾਧਨਾ ਵਿਚ ਗੁਰੂ ਮਹਾਰਾਜ ਅਗਲੀਆਂ 4 ਪਉੜੀਆਂ (8-11) ਵਿਚ ਨਾਮ ਦੇ ਸੁਣਨ ਅਤੇ ਚਾਰ ਪਉੜੀਆਂ (12-15) ਨਾਮ ਦੇ ਮੰਨਣ ਦੀ ਮਹੱਤਤਾ ਦਰਸਾਉਂਦੇ ਹਨ। ਦਰਅਸਲ ਗੁਰਮਤਿ ਦਾ ਮੂਲ ਸਿਧਾਂਤ 'ਸੁਰਤਿ-ਸ਼ਬਦ ਦੇ ਸੁਮੇਲ' ਦਾ ਸਿਧਾਂਤ ਹੈ। ਸੁਰਤਿ ਨੂੰ ਸ਼ਬਦ ਵਿਚ, ਨਾਮ ਵਿਚ ਜੋੜਨ ਨਾਲ ਹੀ ਪ੍ਰਮਾਤਮ ਅਨੁਭਵ ਹੁੰਦਾ ਹੈ। ਦਰਅਸਲ ਸਾਡੀ ਸੁਰਤਿ ਸੰਸਾਰਕ ਕੰਮਾਂ ਅਤੇ ਬਖੇੜਿਆਂ ਵਿਚ ਬਿਖਰੀ ਹੋਈ ਹੈ। ਬਿਖਰੀ ਹੋਈ ਸੁਰਤਿ ਨਾਮ-ਸ਼ਬਦ ਵਿਚ ਨਹੀਂ ਜੁੜ ਸਕਦੀ। ਇਸ ਨੂੰ ਕਿਸੇ ਇਕ ਬਿੰਦੂ ਤੇ ਕੇਂਦਰਤ ਕਰਨ ਨਾਲ ਹੀ ਨਾਮ ਦੀ ਸ਼ਕਤੀ ਪ੍ਰਗਟ ਹੁੰਦੀ ਹੈ। ਖਿੰਡੀਆਂ ਹੋਈਆਂ ਸੂਰਜ ਦੀਆਂ ਕਿਰਨਾਂ ਬਿਜਲੀ ਘਰ ਦਾ ਕਾਰਜ ਨਹੀਂ ਕਰ ਸਕਦੀਆਂ ਪਰ ਕੇਂਦਰਤ ਕੀਤੀਆਂ ਕਿਰਨਾਂ ਘਰ ਰੌਸ਼ਨ ਕਰ ਸਕਦੀਆਂ ਹਨ, ਕਾਰਖਾਨੇ ਚਲਾ ਸਕਦੀਆਂ ਹਨ, ਇਨ੍ਹਾਂ ਵਿਚ ਬਹੁਤ ਊਰਜਾ ਸ਼ਕਤੀ ਹੁੰਦੀ ਹੈ। ਗੁਰੂ ਮਹਾਰਾਜ ਪਹਿਲਾਂ ਹੀ ਪੰਜਵੀਂ ਪਉੜੀ ਵਿਚ ਧਿਆਨ ਕੇਂਦਰਤ ਕਰਨ ਦਾ ਸਾਧਨ ਦੱਸ ਚੁੱਕੇ ਹਨ –

***ਗਾਵੀਐ ਸੁਣੀਐ ਮਨਿ ਰਖੀਐ ਭਾਉ॥*** ***ਅੰਗ -2***

ਰਸਨਾ ਨਾਲ ਉਸ ਦੀ ਉਸਤਤੀ ਗਾਇਨ ਕਰਨੀ ਹੈ, ਇਹ ਗਾਇਨ ਗੁਰਬਾਣੀ ਦਾ ਹੋ ਸਕਦਾ ਹੈ, ਇਹ ਗਾਇਨ ਮੂਲ ਮੰਤਰ ਦਾ ਹੋ ਸਕਦਾ ਹੈ, ਇਹ ਗਾਇਨ ਗੁਰਮੰਤਰ ਦਾ ਹੋ ਸਕਦਾ ਹੈ। ਸੁਰ ਵਿਚ ਉਚਾਰਨ ਕਰਨਾ ਗਾਇਨ ਹੈ। ਸੁਰ ਤਾਲ ਹੀ ਜੀਵਨ ਹਨ, ਬੇਸੁਰਾ ਬੋਲਣਾ ਜਾਂ ਗਾਇਨ ਕਰਨਾ ਨਿਰਾਰਥ ਹੈ। ਦੂਜੀ ਸ਼ਰਤ ਇਹ ਹੈ ਕਿ ਗਾਇਨ ਕੀਤੇ ਨੂੰ ਪੂਰੇ ਧਿਆਨ ਨਾਲ ਸੁਣੀਏ। ਹਰ ਆਵਾਜ਼ ਦਾ ਇਕ ਮਾਪ ਹੁੰਦਾ ਹੈ। ਜੇ ਧਿਆਨ ਨਾਲ ਸੁਣਾਂਗੇ ਤਾਂ ਪਤਾ ਲਗ ਜਾਵੇਗਾ। ਫੇਰ ਹਰ ਆਵਾਜ਼ ਦਾ ਅਰਥ ਹੁੰਦਾ ਹੈ। ਜੇ ਧਿਆਨ ਲਾ ਕੇ ਸੁਣਾਂਗੇ, ਤਾਂ ਸ਼ਬਦ ਆਪਣੇ ਅਰਥ-ਭਾਵ ਪ੍ਰਗਟ ਕਰ ਦਿੰਦਾ ਹੈ। ਰਸਨਾ ਨਾਲ ਉਚਾਰਨ ਕਰੋ, ਗਾਇਨ ਕਰੋ, ਕੰਨਾਂ ਨਾਲ ਸੁਣੋ। ਇਹੋ ਸਰੁਤੀ ਹੈ, ਸ਼ਬਦ-ਸੁਰਤਿ ਦਾ ਵੀ ਇਹੋ ਭਾਵ ਹੈ ਪਰ ਅਗਲੀ ਤੀਜੀ ਸ਼ਰਤ ਇਹ ਹੈ ਕਿ ਅੰਦਰ ਪਿਆਰ ਦੀ ਭਾਵਨਾ ਹੋਵੇ, ਇਹ ਉਚਾਰਨ ਅਤੇ ਸੁਣਨ ਦੀ ਕਿਰਿਆ ਕਿਸੇ ਅਣਡਿੱਠੇ ਪਿਆਰੇ ਦੇ ਦਰਸ਼ਨ ਦੀਦਾਰਾਂ ਦੀ ਤਾਂਘ ਵਿਚ ਕੀਤਾ ਜਾਵੇ, ਜਿਵੇਂ ਦੁਨਿਆਵੀ ਪਿਆਰ ਵਿਚ ਪ੍ਰੇਮੀ ਪ੍ਰੇਮਕਾ ਦਾ ਜਾਂ ਪ੍ਰੇਮਕਾ ਪ੍ਰੇਮੀ ਦਾ ਨਾਮ ਲੈਂਦੀ ਹੈ, ਅੰਦਰ ਪਿਆਰ ਭਾਵਨਾ ਹੁੰਦੀ ਹੈ, ਆਵਾਜ਼ ਚੰਗੀ ਮਿੱਠੀ ਲਗਦੀ ਹੈ। ਜਦੋਂ ਮਾਂ ਪੁੱਤਰ ਨੂੰ ਆਵਾਜ਼ ਦਿੰਦੀ ਹੈ ਤਾਂ ਆਪਣਾ ਸਾਰਾ ਪਿਆਰ ਉਸ ਵਿਚ ਭਰ ਦਿੰਦੀ ਹੈ ਜਾਂ ਛੋਟਾ ਬਾਲਕ 'ਮਾਂ' ਸ਼ਬਦ ਪੁਕਾਰਦਾ ਹੈ ਤਾਂ ਮਾਂ ਦੇ ਕਲੇਜੇ ਵਿਚ ਅਨੂਠੀ ਝਰਨਾਹਟ ਛਿੜਦੀ ਹੈ। ਐਸੀ ਪ੍ਰੇਮ ਭਾਵਨਾ ਵਿਚ ਹੀ ਗੁਰ ਸ਼ਬਦ, ਗੁਰਮੰਤ੍ਰ ਦਾ ਉਚਾਰਨ ਹੋਵੇ ਅਤੇ ਪੂਰੇ ਧਿਆਨ ਨਾਲ ਕੰਨਾਂ ਰਾਹੀਂ ਇਸ ਦਾ ਸ੍ਰਵਣ ਹੋਵੇ ਤਾਂ ਭਵ-ਸਾਗਰ ਤਰਨਾ ਸੁਖਾਲਾ ਹੋ ਜਾਂਦਾ ਹੈ। ਗੁਰੂ ਜੀ ਦਾ ਫੁਰਮਾਨ ਹੈ–

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥***

***ਅੰਗ - 938***

ਸ਼ਬਦ ਵਿਚ ਸੁਰਤਿ ਜੋੜਨ ਦਾ ਭਾਵ ਇਹੋ ਹੈ ਕਿ ਅੰਦਰ ਪ੍ਰੇਮ ਹੋਵੇ ਤੇ ਸ਼ਬਦ ਦੀ ਆਵਾਜ਼ ਨੂੰ ਪੂਰੇ ਧਿਆਨ ਨਾਲ ਸੁਣਿਆ ਜਾਵੇ ਤੇ ਭਾਵ ਨੂੰ ਗ੍ਰਹਿਣ ਕੀਤਾ ਜਾਵੇ। ਏਸੇ ਲਈ ਸ੍ਰਵਣ ਭਗਤੀ ਨੂੰ ਨੌਂ ਪ੍ਰਕਾਰ ਦੀ ਭਗਤੀ ਵਿਚ ਬੜਾ ਉਚ ਅਸਥਾਨ ਪ੍ਰਾਪਤ ਹੈ। ਨਾਮ-ਸ਼ਬਦ-ਗੁਰਮੰਤਰ ਦੇ

ਰਸਨਾ-ਉਚਾਰਣ ਸਮੇਂ ਮਨੁੱਖ ਕੇਵਲ ਰਸਨਾ ਹੀ ਹੋ ਜਾਵੇ, ਹੋਰ ਕੁਝ ਨਹੀਂ, ਸਾਰਾ ਸਰੀਰ ਰਸਨਾ-ਰੂਪ ਬਣ ਜਾਵੇ ਅਤੇ ਸ੍ਰਵਣ ਸਮੇਂ ਸਾਰਾ ਵਜੂਦ ਕੰਨ-ਰੂਪ ਹੋ ਜਾਵੇ। ਗੁਰਮੰਤਰ, ਨਾਮ-ਸ਼ਬਦ ਦੀ ਧੁਨਿ ਤਦ ਹੀ ਪ੍ਰਗਟ ਹੁੰਦੀ ਹੈ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* *ਅੰਗ - 879*

'ਸੁਣਨ' ਦੀ ਇਸ ਅਕੱਥ ਕਥਾ ਨੂੰ ਗੁਰੂ ਮਹਾਰਾਜ ਸੁਣਿਐ ਦੀ ਚਾਰ ਪਉੜੀਆਂ ਵਿਚ ਵਿਅਕਤ ਕਰਦੇ ਫੁਰਮਾਨ ਕਰਦੇ ਹਨ ਕਿ ਨਾਮ ਵਿਚ ਸੁਰਤਿ ਜੋੜਨ ਨਾਲ ਭਗਤ ਜਨਾਂ ਦੇ ਹਿਰਦੇ ਵਿਚ 'ਸਦਾ ਵਿਗਾਸ' ਸਦਾ ਖਿੜਾਉ ਬਣਿਆ ਰਹਿੰਦਾ ਹੈ ਕਿਉਂਕਿ ਨਾਮ ਧੁਨ ਦੀ ਕਿਰਿਆ ਨਾਲ ਉਨ੍ਹਾਂ ਦੇ ਹਿਰਦੇ ਵਿਚ ਸਭ ਦੁਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ -

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥* *ਅੰਗ - 2*

ਨਾਮ ਵਿਚ ਸੁਰਤਿ ਜੋੜਨ ਨਾਲ ਮਨੁੱਖ ਉਹ ਪਦ ਪ੍ਰਾਪਤ ਕਰ ਲੈਂਦਾ ਹੈ ਜੋ ਸਿੱਧ, ਪੀਰ, ਨਾਥ, ਦੇਵਤੇ ਬੜੀਆਂ ਔਖੀਆਂ ਘਾਲਨਾਵਾਂ ਕਰਕੇ ਪ੍ਰਾਪਤ ਕਰਦੇ ਹਨ। ਸ੍ਰਵਣ-ਕਿਰਿਆ ਨਾਲ ਸਾਰੇ ਖੰਡਾਂ ਬ੍ਰਹਿਮੰਡਾਂ, ਦੀਪਾਂ, ਲੋਆਂ, ਪਾਤਾਲਾਂ ਵਿਚ ਵਸਦੇ ਪ੍ਰਭੂ ਦੀ ਝਲਕ ਪ੍ਰਾਪਤ ਹੁੰਦੀ ਹੈ।

*ਸੁਣਿਐ ਸਿਧ ਪੀਰ ਸੁਰਿ ਨਾਥ॥*
*ਸੁਣਿਐ ਧਰਤਿ ਧਵਲ ਆਕਾਸ॥*
*ਸੁਣਿਐ ਦੀਪ ਲੋਅ ਪਾਤਾਲ॥*
*ਸੁਣਿਐ ਪੋਹਿ ਨ ਸਕੈ ਕਾਲੁ॥* *ਅੰਗ - 2*

ਨਾਮ ਵਿਚ ਸੁਰਤਿ ਜੋੜਨ ਸਦਕਾ ਮਨੁੱਖ ਸ਼ਿਵ, ਬ੍ਰਹਮਾ ਤੇ ਇੰਦਰ ਵਰਗਾ ਮਹਾਨ ਬਣ ਜਾਂਦਾ ਹੈ, ਸਰੀਰ ਦੇ ਗੁੱਝੇ ਭੇਤ, ਪ੍ਰਭੂ-ਮਿਲਾਪ ਦੀ ਜੁਗਤਿ ਅਤੇ ਸ਼ਾਸਤਰਾਂ ਸਿੰਮ੍ਰਿਤੀਆਂ ਤੇ ਵੇਦਾਂ ਦਾ ਸਹੀ ਗਿਆਨ ਸੁਤੇ ਸਿਧ ਪ੍ਰਾਪਤ ਕਰ ਲੈਂਦਾ ਹੈ -

*ਸੁਣਿਐ ਈਸਰੁ ਬਰਮਾ ਇੰਦੁ॥*
*ਸੁਣਿਐ ਮੁਖਿ ਸਾਲਾਹਣ ਮੰਦੁ॥*
*ਸੁਣਿਐ ਜੋਗ ਜੁਗਤਿ ਤਨਿ ਭੇਦ॥*
*ਸੁਣਿਐ ਸਾਸਤ ਸਿਮ੍ਰਿਤਿ ਵੇਦ॥* *ਅੰਗ - 2*

ਸੁਰਤਿ ਜੋੜ ਕੇ ਨਾਮ ਸੁਣਨ ਨਾਲ ਮਨੁੱਖ ਸਾਰੇ ਸਾਤਵਿਕ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਸਤ, ਸੰਤੋਖ, ਸ੍ਰੇਸ਼ਠ ਗਿਆਨ, ਅਠਾਹਠ ਤੀਰਥਾਂ ਦਾ ਮਹਾਤਮਾ ਅਤੇ ਉਚੀ ਸਹਿਜ-ਮਈ ਅਧਿਆਮਤਕ ਅਵਸਥਾ ਪ੍ਰਾਪਤ ਹੁੰਦੀ ਹੈ।

*ਸੁਣਿਐ ਸਤੁ ਸੰਤੋਖੁ ਗਿਆਨੁ॥*
*ਸੁਣਿਐ ਅਠਸਠਿ ਕਾ ਇਸਨਾਨੁ॥*
*ਸੁਣਿਐ ਪੜਿ ਪੜਿ ਪਾਵਹਿ ਮਾਨੁ॥*
*ਸੁਣਿਐ ਲਾਗੈ ਸਹਜਿ ਧਿਆਨੁ॥* *ਅੰਗ - 3*

ਨਾਮ ਵਿਚ ਸੁਰਤਿ ਜੋੜਨ ਨਾਲ ਮਨੁੱਖ ਬੇਅੰਤ, ਸਦਾਚਾਰਕ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ ਅਤੇ ਉਸ ਦੀ ਪਦਵੀ ਸ਼ੇਖ, ਪੀਰ ਤੇ ਪਾਤਸ਼ਾਹ ਤੋਂ ਉਚੀ ਤੇ ਸਤਿਕਾਰਯੋਗ ਹੋ ਜਾਂਦੀ ਹੈ।

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥* *ਅੰਗ - 5*

ਨਾਮ ਸੁਣਨ ਦੀ ਬਰਕਤ ਨਾਲ ਅੰਨ੍ਹੇ, ਗਿਆਨ-ਹੀਨ ਮਨੁੱਖ ਵੀ ਪ੍ਰਮਾਤਮਾ ਦੇ ਦਰ ਦੇ ਮਾਰਗ ਦਾ ਗਿਆਨ ਸੋਝਈ ਪ੍ਰਾਪਤ ਕਰ ਲੈਂਦੇ ਹਨ ਅਤੇ ਡੂੰਘੇ ਸੰਸਾਰ ਸਮੁੰਦਰ ਦੇ ਭੇਦ ਜਾਣ ਲੈਂਦੇ ਹਨ -

*ਸੁਣਿਐ ਸਰਾ ਗੁਣਾ ਕੇ ਗਾਹ॥*
*ਸੁਣਿਐ ਸੇਖ ਪੀਰ ਪਾਤਿਸਾਹ॥*
*ਸੁਣਿਐ ਅੰਧੇ ਪਾਵਹਿ ਰਾਹੁ॥*
*ਸੁਣਿਐ ਹਾਥ ਹੋਵੈ ਅਸਗਾਹੁ॥* *ਅੰਗ - 3*

ਅਗਲੀਆਂ ਚਾਰ ਪਉੜੀਆਂ (12-15) 'ਮੰਨੇ' ਦੀਆਂ ਹਨ ਅਰਥਾਤ ਉਸ ਮਨੁੱਖ ਦੀ ਸਥਿਤੀ ਦੱਸੀ ਹੈ ਜੋ ਪ੍ਰਭੂ ਨਾਮ ਦੀ ਸ਼ਕਤੀ ਨੂੰ ਦਿਲੋਂ ਮੰਨਦਾ ਹੈ, ਅੰਦਰੋਂ ਪਤੀਜ ਜਾਂਦਾ ਹੈ, ਪੂਰਾ ਯਕੀਨ ਕਰ ਲੈਂਦਾ ਹੈ, ਪੂਰੀ ਸ਼ਰਧਾ ਨਾਲ ਨਾਮ ਜਪਦਾ ਹੈ। ਐਸੇ ਨਾਮ-ਅਭਿਆਸੀ ਦੀ ਹਾਲਤ ਦੱਸੀ ਨਹੀਂ ਜਾ ਸਕਦੀ ਜਿਵੇਂ ਗੂੰਗਾ ਮਠਿਆਈ ਦੇ ਸਵਾਦ ਨੂੰ ਦੱਸ ਨਹੀਂ ਸਕਦਾ। ਕਾਰਨ ਈਹ ਹੈ ਨਾਮ ਨਾਮੀ ਵਾਂਗ, ਪ੍ਰਮਾਤਮਾ ਵਾਂਗ ਹੀ ਉਚਾ ਹੈ, ਨਿਰੰਜਨ ਹੈ, ਮਾਇਆ ਦੇ ਪ੍ਰਭਆਵ ਤੋਂ ਪਰ੍ਹੇ ਹੈ -

*ਮੰਨੇ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥*
*ਕਾਗਦਿ ਕਲਮ ਨ ਲਿਖਣਹਾਰੁ॥*
*ਮੰਨੇ ਕਾ ਬਹਿ ਕਰਨਿ ਵੀਚਾਰੁ॥* *ਅੰਗ - 3*

ਪਤੀਜੇ ਹੋਏ ਮਨ ਵਿਚ ਜਦੋਂ ਨਾਮ ਦੀ ਲਗਨ ਲਗ ਜਾਵੇ ਤਾਂ ਸੁਰਤਿ ਉਚੀ ਹੋ ਜਾਂਦੀ ਹੈ, ਸੁੱਤਾ ਮਨ ਜਾਗ ਪੈਂਦਾ ਹੈ, ਪ੍ਰਭੂ ਦੇ ਸਿਰਜੇ ਸਭਨਾਂ ਭਵਨਾਂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ ਅਤੇ ਵਿਕਾਰਾਂ ਰਹਿਤ ਹੋ ਕੇ ਜਨਮ-ਮਰਣ ਦੇ ਗੇੜ ਤੋਂ ਵੀ ਮੁਕਤ ਹੋ ਜਾਂਦਾ ਹੈ -

*ਮੰਨੈ ਸੁਰਤਿ ਹੋਵੈ ਮਨਿ ਬੁਧਿ॥*
*ਮੰਨੈ ਸਗਲ ਭਵਣ ਕੀ ਸੁਧਿ॥*
*ਮੰਨੈ ਮੁਹਿ ਚੋਟਾ ਨਾ ਖਾਇ॥*
*ਮੰਨੈ ਜਮ ਕੈ ਸਾਥਿ ਨ ਜਾਇ॥* *ਪੰਨਾ - 3*

ਪਤੀਜੇ ਮਨ ਨਾਲ ਨਾਮ ਵਿਚ ਸੁਰਤਿ ਜੋੜਨ ਨਾਲ ਮਨੁੱਖ ਪ੍ਰਭੂ ਮਾਰਗ ਤੋਂ ਭਟਕਦਾ ਨਹੀਂ, ਪ੍ਰਭੂ ਨਾਲ ਪੱਕਾ ਸਬੰਧ ਜੋੜੀ ਰਖਦਾ ਹੈ ਅਤੇ ਸੰਸਾਰ ਯਾਤਰਾ ਤੋਂ ਸੁਰਖਰੂ ਹੋ ਕੇ ਪ੍ਰਭੂ ਦਰ ਜਾਂਦਾ ਹੈ -

*ਮੰਨੈ ਮਾਰਗਿ ਠਾਕ ਨ ਪਾਇ॥*
*ਮੰਨੈ ਪਤਿ ਸਿਉ ਪਰਗਟੁ ਜਾਇ॥*

*ਮੰਨੈ ਮਗੁ ਨ ਚਲੈ ਪੰਥੁ॥*
*ਮੰਨੈ ਧਰਮ ਸੇਤੀ ਸਨਬੰਧੁ॥* *ਅੰਗ - 3*

ਐਸਾ ਮਨੁੱਖ ਨਾਕੇਵਲ ਆਪ ਨਾਮ ਨਾਲ ਜੁੜ ਕੇ ਸੰਸਾਰ ਸਾਗਰ ਪਾਰ ਕਰਦਾ ਹੈ ਸਗੋਂ ਹੋਰਨਾਂ ਦੇ ਤਰਨ ਦਾ ਵੀ ਵਸੀਲਾ ਬਣਦਾ ਹੈ -

*ਮੰਨੈ ਪਾਵਹਿ ਮੋਖੁ ਦੁਆਰੁ॥*
*ਮੰਨੈ ਪਰਵਾਰੈ ਸਾਧਾਰੁ॥*
*ਮੰਨੈ ਤਰੈ ਤਾਰੇ ਗੁਰੁ ਸਿਖ॥*
*ਮੰਨੈ ਨਾਨਕ ਭਵਹਿ ਨ ਭਿਖ॥* *ਅੰਗ - 3*

'ਸੁਣਿਐ' ਅਤੇ 'ਮੰਨੈ ਦੀਆਂ ਪਉੜੀਆਂ ਸੁਣਿਆ, ਮੰਨਿਆ, ਮਨਿ ਕੀਤਾ ਭਾਉ॥ ਦੇ ਭਾਵ ਸਪਸ਼ਟ ਕਰਦੀਆਂ ਹਨ। ਇਸ ਜੁਗਤਿ ਦੇ ਧਾਰਨੀ ਨੂੰ ਹੀ 'ਪੰਚ' ਪਦ ਨਾਲ ਸੰਬੋਧਨ ਕੀਤਾ ਹੈ ਜਿਸ ਦੀ ਵੀਚਾਰ ਅਸੀਂ ਅਗਲੇ ਅੰਕ ਵਿਚ ਕਰਾਂਗੇ। ਆਤਮ ਮਾਰਗ ਵਿਚ ਪ੍ਰਾਪਤ ਸਾਰੀ ਸਮੱਗਰੀ ਨਾਮ-ਸਿਮਰਨ ਦੀ ਜੁਗਤਿ ਤੇ ਗੁੱਝੇ ਭੇਦਾਂ ਨੂੰ ਖੋਲ੍ਹਣ ਦਾ ਹੀ ਉਪਰਾਲਾ ਹੈ। ਆਉ, ਅਸੀਂ ਸਾਰੇ ਸ਼ਬਦ-ਸੁਰਤਿ ਦੇ ਅਭਿਆਸ ਨੂੰ ਅਮਲ ਵਿਚ ਲਿਆ ਕੇ ਵਿਗਾਸ-ਮਈ ਅਵਸਥਾ ਪ੍ਰਾਪਤ ਕਰਨ ਦੇ ਯੋਗ ਬਣੀਏ। ਸਤਿਗੁਰੂ ਮਿਹਰ ਕਰਨ।

---

(ਪੰਨਾ 4 ਦੀ ਬਾਕੀ)

*ਚੇਤਿ ਗੋਵਿੰਦੁ ਆਰਾਧੀਐ ਹੋਵੈ ਅਨੰਦੁ ਘਣਾ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥*
*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*
*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥*
*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥*
*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥*
*ਪੰਨਾ - 133*

ਚੇਤ ਦਾ ਮਹੀਨਾ ਬਸੰਤ ਰੁੱਤ ਦਾ ਬੜਾ ਸੁਹਾਵਣਾ ਮਹੀਨਾ ਹੈ, ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਅਨੰਦ ਦਿੰਦੀ ਹੈ। ਜੇ ਇਸ ਮਹੀਨੇ ਦੀ ਮਿੱਠੀ ਰੁੱਤ ਵਿਚ ਪ੍ਰਭੂ ਦਾ ਸਿਮਰਨ ਕਰੀਏ ਤਾਂ ਸਿਮਰਨ ਦੀ ਬਰਕਤਿ ਨਾਲ ਬਹੁਤ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ ਪਰ ਰਸਨਾ ਨਾਲ ਪ੍ਰਭੂ ਸਿਮਰਨ ਕਰਨ ਦੀ ਦਾਤਿ ਗੁਰੂ ਪਿਆਰ ਵਾਲੇ ਨਾਮ-ਅਨੁਭਵੀ ਸੰਤ ਜਨਾਂ ਨੂੰ ਮਿਲ ਕੇ ਹੀ ਪ੍ਰਾਪਤ ਹੁੰਦੀ ਹੈ। ***(ਚੇਤਿ ਗੋਵਿੰਦੁ ਆਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥)*** ਸੰਸਾਰ ਵਿਚ ਉਸ ਮਨੁੱਖ ਦਾ ਹੀ ਆਉਣਾ ਸਫਲ ਹੈ ਜਿਸ ਨੇ ਸਿਮਰਨ ਦੀ ਸਹਾਇਤਾ ਨਾਲ ਆਪਣੇ ਪ੍ਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ ਹੈ ਕਿਉਂਕਿ ਪ੍ਰਭੂ ਦੀ ਯਾਦ ਤੋਂ ਬਿਨਾਂ ਇਕ ਖਿਨ ਦਾ ਸਮਾਂ ਗੁਜ਼ਾਰਨਾ ਭੀ ਜ਼ਿੰਦਗੀ ਨੂੰ ਬਰਬਾਦ ਕਰਨਾ ਹੈ। ***(ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ। ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥)*** ਅਸਲ ਜੀਵਨ ਉਸ ਦੀ ਯਾਦ ਵਿਚ ਜੀਉਣਾ ਹੈ। ਉਹ ਹੀ ਸਫਲ ਜੀਵਨ ਹੈ, ਆਤਮਿਕ ਜੀਵਨ ਹੈ, ਸਦੀਵ ਜੀਵਨ ਹੈ। ਫੁਰਮਾਨ ਹੈ -

*ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ॥*
*ਪੰਨਾ - 1019*

ਜਿਹੜਾ ਪ੍ਰਭੂ ਪਾਣੀ ਵਿਚ, ਧਰਤੀ ਵਿਚ, ਆਕਾਸ਼ ਅਤੇ ਜੰਗਲ ਵਿਚ ਹਰ ਥਾਂ ਪਰੀਪੂਰਨ ਹੈ, ਸਰਬ-ਵਿਆਪਕ ਹੈ, ਐਸਾ ਪ੍ਰਭੂ ਜਿਸਦੇ ਹਿਰਦੇ ਵਿਚ ਨਾ ਵਸੇ ਤਾਂ ਉਸ ਮਨੁੱਖ ਦੇ ਦੁਖਾਂ ਦੀ ਗਿਣਤੀ ਹੀ ਨਹੀਂ ਹੋ ਸਕਦੀ ਅਰਥਾਤ ਉਸ ਦਾ ਜੀਵਨ ਅਤਿਅੰਤ ਦੁੱਖਾਂ ਨਾਲ ਆ ਘਿਰਦਾ ਹੈ। ***(ਪ੍ਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗੁ॥)*** ਪਰ ਜਿਨ੍ਹਾਂ ਗੁਰੂ ਪਿਆਰ ਵਾਲਿਆਂ ਨੇ ਉਸ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਉਨ੍ਹਾਂ ਦਾ ਮਾਨੋ ਬੜਾ ਭਾਗ ਜਾਗ ਪਿਆ ਹੈ, ਉਹ ਵਡਭਾਗੀ ਹਨ। ਸੋ ***(ਸੋ ਪ੍ਰਭੂ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥)*** ਫੁਰਮਾਨ ਹੈ -

*ਵਡਭਾਗੀ ਮੇਰਾ ਪ੍ਰਭੂ ਮਿਲੈ ਤਾਂ ਉਤਰਹਿ ਸਭਿ ਬਿਓਗ॥*
*ਪੰਨਾ - 135*

ਸ਼ਬਦ ਦੀਆਂ ਅੰਤਲੀਆਂ ਤੁਕਾਂ ਵਿਚ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਉਨ੍ਹਾਂ ਦਾ ਮਨ ਵੀ ਪ੍ਰਭੂ ਦਰਸ਼ਨ ਦੀਦਾਰਾਂ ਲਈ ਤਾਂਘ ਰਿਹਾ ਹੈ, ਨਾਨਕ ਦੇ ਮਨ ਵਿਚ ਹਰੀ ਦਰਸ਼ਨਾਂ ਦੀ ਪਿਆਸ ਬਣੀ ਹੋਈ ਹੈ। ਜਿਹੜਾ ਮਨੁੱਖ ਹਰੀ ਮਿਲਾਪ ਕਰਵਾ ਦੇਵੇ, ਦਰਸ਼ਨ-ਦੀਦਾਰ ਕਰਨ ਵਿਚ ਸਹਾਇਤਾ ਕਰੇ, ਮੈਂ ਨਾਨਕ ਉਸ ਦੇ ਚਰਨੀਂ ਲਗਾਂਗਾ ਅਰਥਾਤ ਉਸ ਦਾ ਬਹੁਤ ਇਜ਼ਤ ਮਾਣ ਕਰਾਂਗਾ। ***(ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥)***

# ਆਵੈ ਅੰਤੁ ਨ ਭਜਿਆ ਜਾਈ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-17)*

ਬਾਬਾ ਸਾਹਬ ਸਿੰਘ ਜੀ ਮਹਾਰਾਜ ਦੇ ਅਸਥਾਨ ਤੇ ਸਾਹਿਬ ਵਾਲੇ, ਜੋ ਰਾੜਾ ਸਾਹਿਬ ਦੀ ਸੰਪਰਦਾ ਦੇ ਉਪਰਲੇ ਮਹਾਤਮਾ ਭਾਈ ਦਇਆ ਸਿੰਘ ਜੀ ਤੋਂ ਤੀਸਰੇ ਥਾਂ ਤੇ, ਆਪ ਦੇ ਲੰਗਰ ਵਿਚ ਸੇਵਾ ਕਰਿਆ ਕਰਦੇ ਸੀ, ਨਾਮ ਸੀ ਉਸ ਦਾ ਭਾਗ ਸਿੰਘ। ਮਾਤਾ ਵੀ ਆਉਂਦੀ ਸੀ, ਉਹ ਆ ਕੇ ਬਰਤਨ ਮਾਂਜਦੀ ਸੀ, ਝਾੜੂ ਵੀ ਦੇਂਦੀ ਸੀ, ਹੋਰ ਵੀ ਸੇਵਾ ਕਰਦੀ ਸੀ, ਵਸਤਰ ਧੋਂਦੀ ਸੀ। ਕਈ ਘੰਟੇ ਸੇਵਾ ਕਰਕੇ ਫਿਰ ਆਪਣੇ ਘਰ ਜਾਇਆ ਕਰਦੀ ਸੀ।

ਇਕ ਦਿਨ ਬਾਬਾ ਜੀ ਕੋਲ ਸੇਵਕ ਆਏ ਤੇ ਆ ਕੇ ਕਹਿਣ ਲੱਗੇ ਬਾਬਾ ਜੀ, ਭਾਈ ਭਾਗ ਸਿੰਘ ਦੀ ਮਾਤਾ ਚੜ੍ਹਾਈ ਕਰ ਗਈ। ਬਾਬਾ ਜੀ ਅੰਤਰ ਧਿਆਨ ਹੋ ਕੇ ਦੇਖਣ ਲਗ ਪਏ ਕਿ ਕੀ ਗਤੀ ਹੋ ਰਹੀ ਹੈ ਉਹਦੀ, ਜੇ ਜਮਦੂਤਾਂ ਨੇ ਫੜੀ ਹੋਈ ਹੈ ਤਾਂ ਛੁਡਾ ਦੇਈਏ। ਸਾਰੀ ਗੱਲ ਸਮਝ ਕੇ ਕਹਿਣ ਲੱਗੇ ਕਿ ਉਹਦੀ ਦੇਹ ਦਾ ਸੰਸਕਾਰ ਨਾ ਕਰਿਓ, ਉਹਨੇ ਜਿਊਂਦੀ ਹੋ ਜਾਣਾ ਹੈ, ਉਹਦਾ ਸਮਾਂ ਬਚਦਾ ਹੈ, ਗਲਤੀ ਨਾਲ ਲੈ ਗਏ।

ਜਦ ਉਹਨੂੰ ਧਰਮਰਾਜ ਦੇ ਲੈ ਕੇ ਗਏ, ਮਾਰਿਆ ਤਾਂ ਹੈ ਨਾ, ਕਿਉਂਕਿ ਜੇ ਸਾਧੂ ਦੀ ਸੇਵਾ ਕਰਨੀ ਤਾਂ ਇਕ ਪਾਸੇ ਰਹਿ ਗਈ, ਜੇ ਕੋਈ ਦੋਵੇਂ ਹੱਥ ਜੋੜ ਕੇ ਪਿਆਰ ਨਾਲ ਪਹਿਲਾਂ ਫਤਹਿ ਵੀ ਬੁਲਾ ਦੇਵੇ ਨਿਮਰਤਾ ਤੇ ਸ਼ਰਧਾ ਦੇ ਨਾਲ, ਮਹਾਰਾਜ ਕਹਿੰਦੇ ਪਿਆਰਿਓ! ਉਹਨੂੰ ਜਮਦੂਤ ਕੁਝ ਵੀ ਨਹੀਂ ਕਹੇਗਾ, ਇਹ ਨਿਰੰਕਾਰ ਦਾ ਹੁਕਮ ਹੈ।

***ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥***
***ਅੰਗ - 1328***

ਜਮਦੂਤ ਨਹੀਂ ਉਸ ਨੂੰ ਕੁਝ ਕਹਿ ਸਕਦੇ।

ਇਕ ਮਹਾਤਮਾ ਲਹੌਰ ਰਹਿੰਦੇ ਸੀ, ਗੁਰੂ ਛੇਵੇਂ ਪਾਤਸ਼ਾਹ ਉਨ੍ਹਾਂ ਦੇ ਕੋਲ ਗਏ ਸੀ, ਰਸਤੇ ਵਿਚ, ਬਾਬਾ ਬੁੱਢਾ ਜੀ ਕੋਲ ਜਾਂਦੇ ਜਾਂਦੇ ਤਾਂ ਉਹ ਦਰਸ਼ਨ ਕਰਨ ਆਇਆ ਮਹਾਰਾਜ ਜੀ ਦੇ, ਬੜੀ ਕਰਨੀ ਕਮਾਈ ਵਾਲਾ ਮਹਾਤਮਾ ਸੀ ਤੇ ਮਹਾਰਾਜ ਜੀ ਨੇ ਇਕ ਸਵਾਲ ਕਰਿਆ ਕਹਿਣ ਲੱਗੇ, "ਭਗਤ ਜੀ, ਤੁਸੀਂ ਤਾਂ ਮੌਜਾਂ ਨਾਲ ਰਹਿੰਦੇ ਹੋ, ਆਹ ਸਾਡੇ ਮਗਰ ਖਾਹਮ-ਖਾਹ ਮੁਗਲ ਪਏ ਰਹਿੰਦੇ ਨੇ।'' ਸਿੱਧਾ ਜਿਹਾ ਸਵਾਲ ਸੀ, ਕਹਿਣ ਲੱਗਾ, "ਮਹਾਰਾਜ! ਤੁਸੀਂ ਮੁਗਲਾਂ ਦੀ ਕੁੱਤੀ ਬੰਨ੍ਹੀ ਹੋਈ ਹੈ ਪਾਵੇ ਨਾਲ, ਓ ਕੁੱਤੇ ਭੌਂਕੀ ਜਾਂਦੇ ਨੇ।"

ਮਤਲਬ ਸੀ ਕਿ ਤੁਸੀਂ ਮਾਇਆ ਨੂੰ ਆਉਣ ਦੇ ਦਿਤਾ ਤੇ ਮਾਇਆ ਆ ਗਈ ਤਾਂ ਫਿਰ ਇਨ੍ਹਾਂ ਨੇ ਵੀ ਆਉਣਾ, ਝਗੜੇ ਝਪਟੇ ਵਾਲਿਆਂ ਨੇ, ਜਿਥੇ ਮਾਇਆ ਹੋਵੇਗੀ ਓਥੇ ਰੌਲਾ ਗੌਲਾ ਵੀ ਜ਼ਰੂਰਤ ਮਚੇਗਾ, ਕੁੱਤੀ ਖੋਲ੍ਹ ਦਿਓ, ਆਪੇ ਹਟ ਜਾਣਗੇ।

ਮਹਾਰਾਜ ਕਹਿਣ ਲੱਗੇ, ਸੰਤ ਜੀ ਹੁਣ ਤਾਂ ਨਹੀਂ ਅਸੀਂ ਕੁੱਤੀ ਖੋਲ੍ਹਣੀ, ਹੁਣ ਜਿਹੜਾ ਕੁੱਤਾ ਆਊ ਉਹਦਾ ਸਿਰ ਹੀ ਪਾੜ੍ਹਨਾ ਹੈ। ਕੌਤਕ ਸੀ ਕੋਈ, ਰਮਜ਼ ਸੀ ਤੇ ਉਸ ਸਮੇਂ ਮਹਾਰਾਜਾ ਦੇ ਮਨ ਵਿਚ ਆਇਆ ਕਿ ਬਹੁਤੀ ਸੰਗਤ ਆਉਣ ਲਗ ਪਈ, ਜਿਹੜੇ ਮਹਾਤਮਾ ਨਿਰਵਿਰਤੀ ਪੱਖ ਦੇ ਹੁੰਦੇ ਹਨ, ਪ੍ਰਵਿਰਤੀ ਤੇ ਨਰਵਿਰਤੀ ਦੋ ਤਰ੍ਹਾਂ ਦੇ ਮਹਾਤਮਾ ਹੁੰਦੇ ਨੇ। ਪ੍ਰਵਿਰਤੀ ਵਾਲੇ ਮਹਾਤਮਾ ਉਹ ਹੁੰਦੇ ਨੇ ਜਿਨ੍ਹਾਂ ਦੇ ਅੰਦਰ ਫੁਰਨਾ ਆ ਜਾਵੇ ਕਿ ਸੰਸਾਰ ਦਾ ਭਲਾ ਕਰਨਾ, ਉਹ ਭਲਾ ਕਰਨ ਵਾਸਤੇ ਹਸਪਤਾਲ ਬਣਵਾਉਂਦੇ ਨੇ, ਸਕੂਲ ਬਣਾਉਂਦੇ ਨੇ, ਆਸ਼ਰਮ ਬਣਵਾਉਂਦੇ ਨੇ, ਓਥੇ ਠਹਿਰਦੇ ਨੇ, ਦਵਾਈਆਂ ਦਿੰਦੇ ਨੇ, ਹੋਰ ਅਨੇਕਾਂ ਕੰਮ ਕਰਦੇ ਨੇ ਤਾਂ ਕਿ ਸੰਸਾਰ ਦਾ ਭਲਾ ਹੁੰਦਾ ਰਹੇ। ਆਪ ਲੰਗਰ ਤਿਆਰ ਕਰਦੇ ਨੇ, ਆਪ ਕੀਰਤਨ ਕਰਨ ਜਾਂਦੇ ਨੇ, ਪੈਸੇ ਲਿਆ ਲਿਆ ਕੇ ਰਾਸ਼ਨ ਲਿਆਉਂਦੇ ਨੇ ਤੇ ਸਕੂਲਾਂ, ਹਸਪਤਾਲਾਂ ਦੇ ਖਰਚੇ ਕਰਦੇ ਨੇ।

ਸੋ ਉਨ੍ਹਾਂ ਦੀ ਮਹਿਮਾ ਵਧ ਜਾਂਦੀ ਹੈ। ਬਹੁਤੀ ਵਧਣ ਦੇ ਨਾਲ ਸੰਗਤ ਵੀ ਵੱਧ ਜਾਂਦੀ ਹੈ, ਉਹ ਸੰਗਤ ਬਹੁਤੀ ਹੋਣ ਲਗ ਜਾਵੇ ਤਾਂ ਭਜਨ ਬੰਦਗੀ 'ਚ ਘਾਟਾ ਪੈ ਜਾਂਦਾ ਹੈ, ਕਿਉਂ ਪੈਂਦਾ ਹੈ? ਕਿਉਂਕਿ ਨਾਮ ਦੇ ਪਿਆਰੇ ਤਾਂ ਨਹੀਂ ਆਇਆ ਕਰਦੇ, ਗਰਜਾਂ ਦੇ ਬੰਨ੍ਹੇ ਹੋਏ, ਭੀੜਾਂ ਦੀਆਂ ਭੀੜਾਂ ਤੁਰੀਆਂ ਆਉਂਦੀਆਂ ਨੇ। ਮੈਂ ਬੀਮਾਰ ਹਾਂ ਜੀ, ਮੇਰਾ ਕੰਮ ਨਹੀਂ ਚਲ ਰਿਹਾ ਜੀ, ਮੇਰੇ ਉਤੇ ਕਿਸੇ ਦਾ ਸਾਇਆ ਹੈ ਜੀ, ਮੇਰੀ ਮੱਝ ਨੇ ਦੁੱਧ ਦੇਣਾ ਬੰਦ ਕਰ ਦਿਤਾ ਹੈ ਜੀ, ਗਊ ਦੁਧ ਨਹੀਂ ਦਿੰਦੀ ਜੀ, ਉਹ ਹਰੀਆਂ ਨਹੀਂ ਹੋਈਆਂ ਜੀ, ਕਿਹੜਾ ਕੰਮ ਹੈ ਜਿਹੜਾ ਉਹ ਸੰਤਾਂ ਤੋਂ ਨਹੀਂ ਕਰਾਉਂਦੇ, ਮੇਰਾ ਮੁੰਡਾ ਨਹੀਂ ਪੜ੍ਹਦਾ ਜੀ, ਉਹ ਬਹੁਤ ਜਿੱਦ ਕਰਦਾ ਹੈ, ਇਕ ਗੱਲ ਤਾਂ ਨਹੀਂ ਹੈ, ਦੁਨੀਆਂ ਭਰ ਦੀਆਂ ਗੱਲਾਂ ਹਨ। ਇਕ ਕਹੇਗਾ ਮੁਕੱਦਮਾ ਚੱਲ ਪਿਆ, ਮੇਰੇ ਤੇ

ਝੂਠਾ ਕੇਸ ਕਰ ਦਿਤਾ, ਮੈਨੂੰ ਘਰੋਂ ਕੱਢ ਦਿਤਾ ਜੀ, ਮਾਲਕ ਮਕਾਨ ਮੈਨੂੰ ਰਹਿਣ ਨਹੀਂ ਦਿੰਦਾ, ਮਾਲਕ ਮਕਾਨ ਆਖਦਾ ਹੈ, ਮੇਰਾ ਕਿਰਾਏਦਾਰ ਨਹੀਂ ਨਿਕਲ ਰਿਹਾ, ਕਿਹਦੀ ਮਦਦ ਕਰਨ ਤੇ ਕਿਹਨੂੰ ਛੱਡਣ। ਦੋਵੇਂ ਹੀ ਆਉਂਦੇ ਨੇ, ਦੂਜੇ ਪਾਸੇ ਕੇਸ ਵਾਲਾ ਆ ਜਾਂਦਾ ਹੈ, ਜੀ ਮੈਂ ਸੱਚਾ, ਮੇਰੇ ਤੇ ਝੂਠਾ ਮੁਕੱਦਮਾ ਕਰਿਆ ਹੈ, ਉਹ ਵੀ ਆ ਗਿਆ, ਉਹ ਵੀ ਆ ਗਿਆ, ਉਹ ਮੁਸ਼ਕਲ ਖੜ੍ਹੀ ਕਰਦੇ ਨੇ, ਜਿੰਨੇ ਬੰਦੇ ਓਨੇ ਹੀ ਗੱਲਾਂ ਸੰਤਾਂ ਕੋਲ ਆਉਂਦੀਆਂ ਨੇ। ਉਨ੍ਹਾਂ ਦੇ ਵਿਚੋਂ ਕੁਝ ਐਸੀਆਂ ਜ਼ਹਿਰਲੀਆਂ ਗੱਲਾਂ ਹੁੰਦੀਆਂ ਨੇ ਜੋ ਉਨ੍ਹਾਂ ਦੇ ਮਨ ਨੂੰ ਲਗ ਜਾਂਦੀਆਂ ਨੇ, ਮਨ ਨੂੰ ਲੱਗ ਕੇ ਸੰਸਕਾਰ ਬਣ ਜਾਂਦੇ ਨੇ, ਜਦ ਭਜਨ ਕਰਦੇ ਹਾਂ, ਉਹ ਗੱਲ ਮੂਹਰੇ ਆਉਂਦੀ ਹੈ ਤੇ ਸੰਤ ਵਿਚਾਰ ਕਰਦੇ ਨੇ ਕਿ ਇਹ ਤਾਂ ਗੱਲ ਹੋ ਗਈ ਗਲਤ।

***ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥***

*ਅੰਗ - 1370*

ਬਹੁਤੇ ਬਣਾ ਲਏ, ਬਹੁਤੇ ਬੰਦੇ ਆਉਣ ਜਾਣ ਲਗ ਪਏ ਤੇ ਵਾਹਿਗੁਰੂ ਮਿਤਰ ਨਾ ਬਣਾਇਆ।

***ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥***

*ਅੰਗ - 1370*

ਚੱਲੇ ਤਾਂ ਰੱਬ ਨੂੰ ਮਿਲਣ ਵਾਸਤੇ ਸੀ ਹੋਰ ਹੀ ਸਿੱਟੇ ਖੜ੍ਹੇ ਕਰ ਲਏ, ਘਰ ਛੱਡਿਆ ਬਾਹਰ ਛੱਡਿਆ, ਮੁੜ ਕੇ ਹੋਰ ਹੀ ਦੁਨੀਆਂ ਭਰ ਦੇ ਦੁਖ ਚੱਖਣ ਲਗ ਪਏ, ਦੁੱਖ ਤਾਂ ਆਪਣਾ ਹੀ ਬਹੁਤ ਸੀ, ਜਨਾਂ ਦਾ ਹੀ ਬਹੁਤ ਸੀ, ਪਰ ਇਹ ਤਾਂ ਸੰਸਾਰ ਦਾ ਦੁੱਖ ਲੈ ਰਹੇ ਨੇ।

ਭਾਈ ਵੀਰ ਸਿੰਘ ਜੀ ਲਿਖਦੇ ਨੇ ਕਿ "ਦੁਨੀਆਂ ਦਾ ਦੁੱਖ ਦੇਖ-ਦੇਖ ਦਿਲ ਦਬਦਾ ਦਬਦਾ ਜਾਵੇ।" ਕਹਿੰਦੇ ਇੰਨਾ ਦਬ ਜਾਂਦਾ ਹੈ ਕਿ ਬੋਝ ਨਹੀਂ ਚੁੱਕ ਹੁੰਦਾ, ਫੁਰਨੇ ਆਉਂਦੇ ਨੇ ਕਿ ਕਿਵੇਂ ਹਟੇ, ਕਈ ਵਾਰ ਹਉਕੇ ਵੀ ਆਉਂਦੇ ਨੇ ਬਈ ਹੈਂ! ਬੜਾ ਦੁਖੀ ਹੈ ਵਿਚਾਰਾ? ਇਹਦਾ ਕਰੀਏ ਕੀ? ਉਹ ਕਰਮਾਂ ਦਾ ਫਲ ਭੋਗ ਰਿਹਾ ਹੁੰਦਾ ਹੈ, ਸੰਤ ਰਹਿਮ ਵਿਚ, ਦਿਆਲਤਾ ਵਿਚ ਹੁੰਦੇ ਨੇ।

ਨਾਮ ਜਪਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਇਕ ਅੱਧਾ ਆਉਂਦਾ ਹੈ, ਸਾਰੇ ਨਹੀਂ ਆਉਂਦੇ, ਨਾ ਸਾਰਿਆਂ ਨੂੰ ਪਤਾ ਹੁੰਦਾ ਹੈ, ਗਰਜ਼ਾਂ ਵਾਲਿਆਂ ਦੀ ਰੁਟੀਨ ਬਣੀ ਹੁੰਦੀ ਹੈ, ਕੋਈ ਵਿਰਲਾ ਹੀ ਪ੍ਰੇਮ ਵਾਲਾ ਆਉਂਦਾ ਹੈ।

***ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥***

*ਅੰਗ - 1377*

ਕਹਿੰਦੇ ਕੋਈ ਨਾ, ਗਾਹਕ ਆ ਜਾਏਗਾ, ਉਹ ਰਾਮ ਪਦਾਰਥ ਨੂੰ ਸਿਰ ਦੇ ਕੇ ਲੈ ਲਵੇਗਾ, ਜੀਵਨ ਦੇ ਕੇ ਲੈ ਲਵੇਗਾ।

ਇਸੇ ਤਰ੍ਹਾਂ ਜਿਸ ਵਕਤ ਦੇਖਿਆ, ਭਗਤ ਜਲਣ ਜੀ ਨੇ, ਬਈ ਲਾਹੌਰ 'ਚ ਮਹਿਮਾ ਜ਼ਿਆਦਾ ਵਧ ਗਈ। ਗੁਰੂ ਮਹਾਰਾਜ ਦੇ ਆਉਣ ਨਾਲ ਹੋਰ ਪ੍ਰਗਟ ਹੋ ਗਏ ਤੇ ਹੁਣ ਕੋਈ ਗੁਪਤ ਬਾਤ ਕਰੀਏ।

ਇਕ ਦਿਨ ਉਥੋਂ ਤੜਕੇ ਹੀ ਤੁਰੇ, ਕਾਫੀ ਦੂਰ ਨਿਕਲ ਗਏ, ਦਿਨ ਛਿਪ ਗਿਆ, ਫਿਰ ਅੱਗੇ ਤੁਰੇ, ਫਿਰ ਛਿਪ ਗਿਆ, ਓਥੇ ਚਲੇ ਗਏ ਜਿਥੇ ਜੱਲਣ ਨੂੰ ਜਾਣਦਾ ਹੀ ਕੋਈ ਨਹੀਂ ਸੀ। ਨਾਉਂ ਲੈ ਕੇ ਵੀ ਦੇਖਿਆ, ਕਹਿੰਦੇ ਅਸੀਂ ਤਾਂ ਜਾਣਦੇ ਨਹੀਂ ਕੌਣ ਜੱਲਣ ਹੈ। ਓਥੇ ਇਕ ਸੇਠ ਦਾ ਬਹੁਤ ਬੜਾ ਕਾਰੋਬਾਰ ਚਲ ਰਿਹਾ ਸੀ, ਹਜ਼ਾਰਾਂ ਹੀ ਮਜ਼ਦੂਰ ਉਹਦੇ ਕੋਲ ਕੰਮ ਕਰਦੇ ਸੀ, ਉਹ ਬਾਬੂ ਕੋਲ ਗਏ ਕਹਿਣ ਲੱਗੇ, ਬਾਬੂ ਜੀ ਮੈਨੂੰ ਤੁਸੀਂ ਇਥੇ ਨੌਕਰ ਰੱਖ ਲਓ, ਮੈਂ ਵੀ ਕੰਮ ਕਰਾਂਗਾ।

ਉਹ ਕਹਿਣ ਲੱਗਾ, "ਠੀਕ ਹੈ, ਸਾਨੂੰ ਮਜ਼ਦੂਰਾਂ ਦੀ ਲੋੜ ਹੈ, ਚੰਗਾ ਤੂੰ ਇਸ ਟੋਲੇ ਨਾਲ ਰਲ ਜਾ, ਇਨ੍ਹਾਂ ਦਾ ਕੰਮ ਹੈ ਜਾ ਕੇ ਪੱਥਰ ਪੁੱਟਣਾ, ਤੂੰ ਵੀ ਪੱਥਰ ਪੁਟਿਆ ਕਰ।

ਕਹਿੰਦੇ ਤੇਰਾ ਨਾਉਂ ਕੀ ਹੈ, ਕਹਿੰਦੇ ਮੇਰਾ ਨਾਉਂ ਹੈ ਜੱਲ੍ਹਣ ਜੀ। ਜਾਣ ਕੇ ਹੀ ਭਲਾ ਕਰ ਦਿਤਾ ਬਈ ਇਹਦਾ ਭਲਾ ਹੀ ਹੋ ਜਾਵੇ। ਅੰਦਰੋਂ ਦੇਖਿਆ ਕਿ ਇਹ ਬਾਬੂ ਬੜਾ ਮਾੜਾ ਹੈ, ਮਜ਼ਦੂਰਾਂ ਦੀ ਮਿਹਨਤ ਰੱਖੀ ਜਾਂਦਾ ਹੈ। ਇਹਦਾ ਤਾਂ ਭਲਾ ਹੋਣਾ ਹੀ ਨਹੀਂ। ਉਸ ਵੇਲੇ ਨਾਉਂ ਰਖਾ ਦਿਤਾ ਜੱਲ੍ਹਣ ਜੀ। ਉਹ ਜਦ ਗਿਣਤੀ ਕਰਿਆ ਕਰੇ, ਜੱਲ੍ਹਣ ਜੀ ਸਭ ਤੋਂ ਪਿਛੇ ਨਾਮ ਸੀ। ਲਟਕਾ ਕੇ ਕਹਿਣਾ ਉਹਨੇ ਜੱਲ੍ਹਣ ਜੀ, ਈ-ਈ-ਈ-ਈ ਇਨ੍ਹਾਂ ਨੇ ਕਹਿਣਾ ਹਾਜ਼ਰ ਜੀ।

ਜਦੋਂ ਫਿਰ ਮਜੂਰੀ ਮਿਲਣੀ ਸੱਤਾਂ ਦਿਨਾਂ ਬਾਅਦ ਬਾਬਾ ਜੀ ਨੇ ਇਕ ਪਾਸੇ ਹੋ ਕੇ ਅੰਤਰ ਧਿਆਨ ਹੋ ਕੇ ਭਜਨ ਕਰਨਾ, ਉਥੇ ਕੁਰਬਲ ਕੁਰਬਲ ਹੋਈ ਜਾਣੀ, ਮੇਰੇ ਪੈਸੇ ਕੱਟ ਲਏ, ਮੇਰੀਆਂ ਦਿਹਾੜੀਆਂ ਕੱਟ ਲਈਆਂ। ਉਹ ਕਿਸੇ ਨੂੰ ਨਾ ਰਾਹ ਨਾ ਦਿਆ ਕਰੇ, ਬਈ ਨਿਕਲ ਜਾ ਇਥੋਂ, ਇਥੇ ਨਹੀਂ ਕੰਮ ਮਿਲਣਾ।

ਅਖੀਰ ਤੇ ਹਿਸਾਬ ਕਿਤਾਬ ਜੋੜਿਆ ਤੇ ਦੇਖਿਆ ਕਿ ਜੱਲ੍ਹਣ ਨਹੀਂ ਆਇਆ, ਉਸ ਵੇਲੇ ਦੂਰ ਵੇਖ ਕੇ ਆਵਾਜ਼ ਮਾਰਦੇ ਨੇ, ਬਾਬਾ ਜੱਲ੍ਹਣ ਜੀ, ਮਹਾਰਾਜ ਆ ਜਾਓ ਤੁਸੀਂ ਵੀ ਲੈ ਲਓ।

ਬਾਬਾ ਜੀ ਨੇ ਅੰਗੂਠਾ ਲਾਉਣਾ ਤੇ ਹੱਥ ਅੱਗੇ ਕਰ ਦੇਣਾ, ਚਾਹੇ ਜਿੰਨੇ ਮਰਜ਼ੀ ਰੱਖ ਦੇਣ, ਚਾਹੇ ਅੱਧੇ ਰੱਖ ਦੇਣ, ਚਾਹੇ ਪੂਰੇ ਰੱਖ ਦੇਣ।

ਇਕ ਦਿਨ ਆਪ ਅੰਮ੍ਰਿਤ ਵੇਲੇ ਨਾਮ ਜਪਦੇ ਨੇ, ਕੀ ਦੇਖਦੇ ਨੇ ਕਿ ਧਰਮਖੰਡ ਦੇ ਵਿਚ ਕਿਰਿਆ ਦੇਖਣ ਲਗ ਪਏ, ਓਥੇ ਕੀ ਦੇਖਦੇ ਨੇ ਕਿ ਜਮਦੂਤ ਇਕ ਰੂਹ ਨੂੰ ਲਈ ਜਾਂਦੇ ਨੇ ਤੇ ਬਹੁਤ ਮਾਰ ਰਹੇ ਨੇ ਓਥੇ।

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*

*ਅੰਗ - 520*

ਕਹਿੰਦੇ ਉਸ ਰਸਤੇ ਤੇ ਕੂਕਾਂ ਹੀ ਪੈਂਦੀਆਂ ਜਾਂਦੀਆਂ ਨੇ, ਕੋਈ ਮਦਦ ਨਹੀਂ ਉਸ ਥਾਂ ਤੇ ਕਰਦਾ, ਕੋਈ ਓਥੇ ਪਹੁੰਚਦਾ ਨਹੀਂ ਹੈ, ਐਸਾ ਮਹਾਰਾਜ ਜੀ ਦਾ ਫੁਰਮਾਨ ਹੈ–

*ਭਾਵਅਰਥ - ਬਿਨਾਂ ਗੁਰਾਂ ਤੋਂ ਕੋਈ ਨਾ ਓਥੇ ਬੇਲੀ,*
*ਕਿਸੇ ਦਾ ਨਾ ਹੱਥ ਪਹੁੰਚਦਾ।*

ਕੋਈ ਵੀ ਉਸ ਥਾਂ ਤੇ ਸਹਾਇਤਾ ਨਹੀਂ ਕਰਦਾ। ਉਥੇ ਕੋਈ ਉਹਨੂੰ ਕੁਰਸੀਆਂ ਤੇ ਬਿਠਾਲਦੇ ਨੇ, ਮਹਾਰਾਜ ਕਹਿੰਦੇ ਨਹੀਂ ਪਿਆਰਿਓ! ਜਿਨ੍ਹਾਂ ਨੇ ਮਨ ਦੇ ਪਿਛੇ ਲਗ ਕੇ ਜੀਵਨ ਗੁਜ਼ਾਰ ਦਿਤਾ ਤੇ ਓਥੇ ਇਨ੍ਹਾਂ ਤੋਂ ਲੇਖਾ ਮੰਗਿਆ ਜਾਣਾ ਹੈ, ਓਥੇ ਫੇਰ ਹੋਏਗਾ ਕੀ? ਕਹਿੰਦੇ –

*ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥*

*ਅੰਗ - 1281*

ਇੰਨੀ ਮਾਰ ਇਸ ਜੀਵ ਤੇ ਪੈਣੀ ਹੈ ਕਿ ਇੰਨਾਂ ਭੁੱਲਿਆ ਰਿਹਾ ਤੂੰ ਤੇ ਜਿਹੜੇ ਗੁਰਮੁਖ ਨੇ, ਬੰਦਗੀ ਕਰਨ ਵਾਲੇ, ਸਤਿਸੰਗ ਕਰਨ ਵਾਲੇ, ਸੇਵਾ ਕਰਨ ਵਾਲੇ, ਦਾਨ ਪੁੰਨ ਕਰਨ ਵਾਲੇ, ਗੁਰਸਿੱਖਾਂ ਨਾਲ ਮਿੱਠਾ ਬੋਲਣ ਵਾਲੇ, ਈਰਖਾ ਤੋਂ ਰਹਿਤ, ਵੈਰ ਤੋਂ ਰਹਿਤ, ਬਦਲੇ ਤੋਂ ਰਹਿਤ ਐਸੇ ਜੋ ਪ੍ਰੇਮੀ ਨੇ –

*ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ॥*

*ਅੰਗ - 1281*

ਉਥੇ ਇਜ਼ਤ ਨਾਲ ਉਨ੍ਹਾਂ ਦਾ ਲੇਖਾ ਨਿਬੜ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਮਾੜਾ ਕੋਈ ਕੰਮ ਨਹੀਂ ਕਰਿਆ ਹੁੰਦਾ, ਉਨ੍ਹਾਂ ਨੂੰ ਏਸੇ ਜਨਮ ਦੇ ਅੰਦਰ ਪਤਾ ਹੁੰਦਾ ਹੈ।

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥*
*ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥*

*ਅੰਗ - 590*

ਪੱਤ ਦੀ ਵੱਡੀ ਬਾਤ ਹੋਇਆ ਕਰਦੀ ਹੈ, ਦਰਗਾਹ ਵਿਚ ਪੱਤ ਲਹਿੰਦੀ ਹੈ।

*ਵਿਣੁ ਨਾਵੈ ਪਤਿ ਗਇਆ ਗਵਾਇ॥ ਅੰਗ - 143*

ਨਾਮ ਤੋਂ ਬਗੈਰ ਇਥੋਂ ਪੱਤ ਗਵਾ ਕੇ ਗਿਆ।

*ਵਿਣੁ ਨਾਵੈ ਪਤਿ ਜਾਇ॥ ਅੰਗ - 28*

ਨਾਮ ਤੋਂ ਬਗੈਰ ਪੱਤ ਦਰਗਾਹ ਵਿਚ ਲਹਿ ਜਾਂਦੀ ਹੈ, ਓਥੇ ਤਾਂ ਕੇਵਲ ਗੁਰਮੁਖ ਰਹਿੰਦਾ ਹੈ।

*ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ॥*
*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤ ਵਾਰ॥*

*ਅੰਗ - 1281*

ਇਸ ਤਰ੍ਹਾਂ ਮਹਾਂਪੁਰਸ਼ਾਂ ਨੇ ਦੇਖਿਆ ਕਿ ਰੂਹ ਰੋਂਦੀ ਜਾ ਰਹੀ ਹੈ। ਮਨ ਵਿਚ ਤਰਸ ਆ ਗਿਆ ਕਿ ਚਲੋ, ਛੁਡਾ ਹੀ ਦੇਨੇ ਹਾਂ ਇਹਨੂੰ ਕੋਲ ਜਾ ਕੇ ਜਦ ਪਤਾ ਕਰਿਆ ਤਾਂ ਦੇਖਿਆ ਕਿ ਇਹ ਤਾਂ ਓਹੀ ਬਾਬੂ ਹੈ ਜੋ ਤੰਗ ਕਰਦਾ ਸੀ, ਮਰ ਗਿਆ ਰਾਤ ਨੂੰ।

ਕਹਿੰਦੇ ਇਨ੍ਹਾਂ ਨੂੰ ਕਿਉਂ ਮਾਰ ਰਹੇ ਹੋ? ਕਹਿੰਦੇ ਇਹ ਬੜਾ ਬੇਈਮਾਨ ਹੈ, ਕਿਸੇ ਦੀ ਤਨਖਾਹ ਨਹੀਂ ਦਿਤੀ, ਬਹੁਤ ਭੈੜਾ ਬੰਦਾ ਹੈ। ਬੇਈਮਾਨੀਆਂ ਕਰ ਕਰਕੇ ਪੈਸੇ ਜੋੜਦਾ ਸੀ, ਪੈਸੇ ਜੋੜ ਕੇ ਜਾਇਦਾਦ ਬਣਾਉਂਦਾ ਸੀ, ਮਾਲਕ ਦਾ ਵੀ ਖਾਂਦਾ ਸੀ ਤੇ ਮਜ਼ਦੂਰਾਂ ਦਾ ਵੀ ਖਾਂਦਾ ਸੀ ਤੇ ਇਹਨੂੰ ਮਾਰੀਏ ਨਾ ਤੇ ਹੋਰ ਕੀ ਕਰੀਏ, ਭੁੱਲ ਕੇ ਇਹ ਮੰਦਰ ਨਹੀਂ ਗਿਆ, ਕਿਸੇ ਮਹਾਤਮਾ ਦਾ ਸਤਿਕਾਰ ਨਹੀਂ ਕਰਿਆ। ਕਦੇ ਕੋਈ ਚੰਗਾ ਕੰਮ ਨਹੀਂ ਕਰਿਆ, ਕਦੇ ਦਾਨ ਪੁੰਨ ਨਹੀਂ ਕਰਿਆ।

ਸੋ ਐਸੇ ਜੋ ਪੁਰਸ਼ ਹੁੰਦੇ ਨੇ, ਉਨ੍ਹਾਂ ਨੂੰ ਤਾਂ ਅਸੀਂ ਮਾਰਦੇ ਹੋਏ ਲੈ ਜਾਂਦੇ ਹਾਂ। ਸਾਨੂੰ ਹੁਕਮ ਹੈ ਕਿ ਐਸਾ ਵਰਤਾਰਾ ਇਨ੍ਹਾਂ ਨਾਲ ਕਰੋ।

ਕਹਿੰਦੇ ਦੇਖੋ, ਇਹ ਐਸ ਵੇਲੇ ਗੁਰੂ ਨਾਨਕ ਸਾਹਿਬ ਦਾ ਰਾਜ ਚੱਲ ਰਿਹਾ ਹੈ, ਉਨ੍ਹਾਂ ਦਾ ਫੁਰਮਾਨ ਹੈ ਕਿ –

*ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥*

*ਅੰਗ - 1328*

ਇਹ ਸਾਨੂੰ ਜੀ ਕਰਕੇ ਬੁਲਾਉਂਦਾ ਰਿਹਾ ਹੈ, ਮੈਨੂੰ ਕਹਿੰਦਾ ਹੁੰਦਾ ਸੀ ਜੱਲ੍ਹਣ ਜੀ, ਆਉ ਜੀ, ਇਹਨੂੰ ਨਾ ਮਾਰੋ। ਕਹਿੰਦੇ ਮਹਾਰਾਜ ਅਸੀਂ ਮਾਰਨ ਤੋਂ ਹਟ ਜਾਂਦੇ ਹਾਂ, ਆਪ ਧਰਮਰਾਜ ਕੋਲ ਜਾ ਕੇ ਗੱਲ ਕਰੋ। ਮਹਾਤਮਾ ਸਮਰੱਥ ਸੀ, ਪ੍ਰਮੇਸ਼ਰ ਦੀ ਦਰਗਾਹ ਤਕ ਪਹੁੰਚਣ ਵਾਲੇ ਸੀ ਰੋਜ਼ ਹੀ, ਜਿਨ੍ਹਾਂ ਮਹਾਤਮਾ ਦੀ ਰੁਸਵਾਈ ਹੁੰਦੀ ਹੈ ਰੱਬ ਦੀ ਦਰਗਾਹ ਤਕ, ਉਨ੍ਹਾਂ ਨੂੰ ਓਥੇ ਦੀਆਂ ਖੇਲ੍ਹਾਂ ਦਾ ਪਤਾ ਹੁੰਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਦੀ ਮੀਆਂ ਮੀਰ ਨੇ ਬਹੁਤ ਤਾਰੀਫ਼ ਕੀਤੀ ਹੈ, ਨਾਲੇ ਕਿਹਾ ਹੈ ਕਿ ਇਨ੍ਹਾਂ ਦੇ ਨਾਲ ਦਾ ਦੁਨੀਆਂ ਵਿਚ ਕੋਈ ਨਹੀਂ ਹੈ। ਜਹਾਂਗੀਰ ਨੇ ਕਿਹਾ ਕਿ ਹਜ਼ਰਤ ਇਸਲਾਮ ਵਿਚ ਹਿੰਦੂ ਦੀ ਤਾਰੀਫ ਕਰਨੀ ਮਨ੍ਹਾ ਹੈ ਤੇ ਸ਼ਰ੍ਹਾ ਦੇ ਖਿਲਾਫ ਹੈ ਤੇ ਤੁਸੀਂ ਇੰਨੇ ਵੱਡੇ ਮਹਾਤਮਾ ਹੋ ਕੇ ਇੰਨੀ ਤਾਰੀਫ ਕਰੀ ਹੈ।

ਕਹਿੰਦੇ ਜਹਾਂਗੀਰ ਸ਼ਰ੍ਹਾ ਵਾਲੇ ਅੰਨ੍ਹੇ ਨੇ, ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਅਸੀਂ ਜਦ ਸਮਾਧੀ ਦੇ ਵਿਚ ਅਕਾਲ ਪੁਰਖ ਦੇ ਦਰ ਤੇ ਪਹੁੰਚਦੇ ਹਾਂ, ਸਾਕਾਰ ਮੰਡਲ 'ਚੋਂ ਪ੍ਰਮੇਸ਼ਰ ਦਾ, ਉਥੇ ਅਸੀਂ ਪਹੁੰਚਦੇ ਹਾਂ ਤਾਂ ਇਨ੍ਹਾਂ ਤੋਂ ਬਗੈਰ ਕੋਈ ਨਹੀਂ ਹੈਗਾ, ਜਿਹੜਾ ਸਾਨੂੰ ਪ੍ਰਮੇਸ਼ਰ ਨੂੰ ਮਿਲਾ ਦੇਵੇ। ਇਹ ਉਥੇ ਪ੍ਰਮੇਸ਼ਰ ਦੇ ਦਰ ਤੇ ਆਪ ਹੀ ਹੁੰਦੇ ਹਨ, ਅੰਦਰ ਬਾਹਰ ਜਾਣ ਦਾ, ਇਨ੍ਹਾਂ ਨੂੰ ਅਧਿਕਾਰ ਹੈ, ਹੋਰ ਕਿਸੇ ਨੂੰ ਨਹੀਂ। ਜਦੋਂ ਅੱਖਾਂ ਨਾਲ ਦੇਖ ਲਿਆ ਤਾਂ ਫਿਰ ਅਸੀਂ ਗੱਲ ਸਹੀ ਕਰਨੀ ਹੈ।

ਸੋ ਮਹਾਤਮਾ ਦੀ ਪਹੁੰਚ ਹੁੰਦੀ ਹੈ ਪ੍ਰਮੇਸ਼ਰ ਦੇ ਦਰ ਤੱਕ, ਰੋਜ਼ ਪਹੁੰਚ ਕੇ ਰੋਜ਼ ਸਿਜਦਾ ਕਰਨਾ, ਗੱਲਾਂ ਕਰਨੀਆਂ, ਬਚਨ ਕਰਨੇ, ਸੰਸਾਰ ਵਾਸਤੇ ਉਧਾਰ ਦਾ ਪੁਛਣਾ। ਸੋ ਮਹਾਤਮਾ ਦੀ ਮੌਜ ਹੈ ਚਾਹੇ ਧਰਮਖੰਡ 'ਚ ਲੈ ਜਾਵੇ, ਸਰਮਖੰਡ 'ਚ ਲੈ ਜਾਵੇ, ਗਿਆਨਖੰਡ 'ਚ ਲੈ ਜਾਵੇ, ਕਰਮਖੰਡ 'ਚ ਲੈ ਜਾਵੇ, ਸਚਖੰਡ 'ਚ ਲੈ ਜਾਵੇ।

***ਸਚ ਖੰਡਿ ਵਸੈ ਨਿਰੰਕਾਰੁ॥ ਅੰਗ - 8***

ਕਹਿੰਦੇ ਚੱਲ ਭਾਈ ਧਰਮਰਾਜ ਕੋਲ ਚਲਦੇ ਹਾਂ, ਧਰਮਰਾਜ ਦੇ ਕੋਲ ਗਏ। ਧਰਮਰਾਜ ਆਦਰ ਦਿੰਦਾ ਹੈ ਮਹਾਤਮਾ ਨੂੰ, ਕਿਵੇਂ ਦਰਸ਼ਨ ਦਿਤੇ ਮਹਾਰਾਜ! ਮੇਰੇ ਤਾਂ ਸੁੱਤੇ ਭਾਗ ਜਾਗ ਪਏ। ਕਹਿਣ ਲੱਗੇ, ਧਰਮਰਾਜ ਤੇਰੇ ਦੂਤ ਇਸ ਜੀਵ ਨੂੰ ਕੁਟਦੇ ਆ ਰਹੇ ਸੀ। ਕਹਿੰਦੇ ਹਨ, ਮਹਾਰਾਜ ਇਹਨੇ ਬੜੇ ਪਾਪ ਕਰੇ ਨੇ। ਕਹਿੰਦੇ ਕੋਈ ਪੁੰਨ ਨਹੀਂ ਕਰਿਆ। ਚਿੱਤਰਗੁਪਤਾਂ ਨੂੰ ਪੁੱਛਿਆ। ਕਹਿੰਦੇ ਮਹਾਰਾਜ, ਪੁੰਨ ਤਾਂ ਇਹਨੇ ਕਰਿਆ ਸੀ ਪਰ ਸਾਡੇ ਖਿਆਲ 'ਚੋਂ ਲਹਿ ਗਿਆ। ਇਕ ਤਾਂ ਮਹਾਂਪੁਰਸ਼ਾਂ ਦੇ ਰੋਜ਼ ਦਰਸ਼ਨ ਕਰਿਆ ਕਰਦਾ ਸੀ ਤੇ ਇਕ ਉਨ੍ਹਾਂ ਨੂੰ ਬੜੇ ਆਦਰ ਨਾਲ ਬੁਲਾਉਂਦਾ ਹੁੰਦਾ ਸੀ, ਜੱਲ੍ਹਣ ਜੀ ਕਹਿੰਦਾ ਹੁੰਦਾ ਸੀ।

ਕਹਿੰਦੇ ਫਿਰ ਗੁਰੂ ਨਾਨਕ ਸਾਹਿਬ ਦਾ ਹੁਕਮ ਭੁੱਲ ਗਿਆ ਤੁਹਾਨੂੰ -

***ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥***
***ਅੰਗ - 1328***

ਜਿਹੜੇ ਮਹਾਤਮਾ ਨੂੰ 'ਜੀ' ਕਹਿ ਕੇ ਬੁਲਾ ਲੈਂਦੇ ਨੇ, ਜਮਦੂਤ ਨਹੀਂ ਉਹਨੂੰ ਮਾਰਦੇ। ਜਮਦੂਤ ਨਹੀਂ ਲੈਣ ਜਾਂਦੇ। ਦੂਤ ਲੈਣ ਜਾਂਦੇ ਨੇ।

ਸੋ ਉਸ ਵੇਲੇ ਆਪ ਪਹੁੰਚੇ ਹੁੰਦੇ ਨੇ, ਬਾਬਾ ਸਾਹਬ ਸਿੰਘ ਜੀ ਮਹਾਰਾਜ ਦੇਖਦੇ ਨੇ ਦਰਗਾਹ ਦਾ ਹਾਲ। ਕਹਿਣ ਲੱਗੇ ਬੀਬੀ ਆ ਜਾਏਗੀ ਭਾਈ, ਸਸਕਾਰ ਨਾ ਕਰਿਓ ਉਹਦਾ। ਸਮਾਂ ਲੰਘ ਗਿਆ ਤੇ ਉਹਦੇ ਬਾਅਦ ਮਾਤਾ ਜਿਉਂਦੀ ਹੋ ਗਈ।

ਬਾਬਾ ਜੀ ਕੋਲ ਆਈ, ਮਸਤਕ ਨਿਵਾਇਆ, ਮੱਥਾ ਟੇਕਿਆ ਤੇ ਬੈਠ ਗਏ। ਬਾਬਾ ਜੀ ਕਹਿਣ ਲੱਗੇ, ਬੀਬੀ ਕੀ ਗੱਲ ਤੂੰ ਜਿਉਂਦੀ ਹੋ ਗਈ।

ਕਹਿਣ ਲੱਗੀ, ਮਹਾਰਾਜ! ਤੁਸੀਂ ਅੰਤਰਜਾਮੀ ਹੋ, ਸਭ ਜਾਣਦੇ ਹੋ, ਇਥੇ ਵੀ ਤੁਸੀਂ ਹੋ ਤੇ ਦਰਗਾਹ ਵਿਚ ਵੀ ਤੁਹਾਡਾ ਹੀ ਬੋਲ ਬਾਲਾ ਹੈ। ਬਾਬਾ ਜੀ ਨੇ ਕਿਹਾ, ਕਿਵੇਂ ਹੋਇਆ? ਸਭ ਸੰਗਤ ਨੂੰ ਦੱਸੋ -

ਕਹਿਣ ਲੱਗੀ, ਮਹਾਰਾਜ ਧਰਮਰਾਜ ਦਾ ਦੂਤ ਲੈਣ ਆ ਗਿਆ, ਉਥੇ ਜਦ ਮੈਂ ਗਈ ਤਾਂ ਮੈਨੂੰ ਕਿਹਾ ਕੁਝ ਨਹੀਂ ਹੈ, ਆਦਰ ਨਾਲ ਲੈ ਗਏ ਨੇ ਮੈਨੂੰ, ਉਥੇ ਜਦ ਮੈਂ ਪਹੁੰਚੀ ਤਾਂ ਧਰਮਰਾਜ ਨੇ ਵੀ ਮੈਨੂੰ ਆਦਰ ਦਿਤਾ ਤੇ ਨਾਲ ਕਹਿਣ ਲੱਗੇ ਕਿ ਇਹਦਾ ਨਾਉਂ ਦੇਖੋ, ਨਾਉਂ ਦੇਖਿਆ ਤਾਂ ਚਿਤਰਗੁਪਤਾਂ ਨੇ ਕਿਹਾ ਕਿ ਮਹਾਰਾਜ ਸਾਡੇ ਕੋਲ ਤਾਂ ਇਹਦਾ ਨਾਮ ਨਹੀਂ ਹੈ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਅੰਗ - 38***

ਜਿਹੜੇ ਮਨਮੁਖ ਨੇ ਨਿਗੁਰੇ ਨੇ, ਝੂਠ ਬੋਲਣ ਵਾਲੇ, ਪਾਪ ਕਰਨ ਵਾਲੇ, ਬਾਣੀ ਤੇ ਸ਼ਰਧਾ ਨਾ ਰੱਖਣ ਵਾਲੇ ਇਹ ਸਾਰੇ ਪੁਰਸ਼ ਜਿਹੜੇ ਵਲ ਛਲ ਕਰਕੇ ਖਾਂਦੇ ਨੇ ਸਭ ਧਰਮਰਾਇ ਦੇ ਜਾਂਦੇ ਨੇ। ਦੂਜੇ ਜਿਹੜੇ ਪਰਮੇਸ਼ਰ ਦੇ ਪਿਆਰੇ ਅੰਮ੍ਰਿਤ ਵੇਲੇ ਉਠਦੇ ਨੇ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਅੰਗ - 305***

ਐਸਾ ਜਿਹੜਾ ਗੁਰਸਿਖ ਹੈ ਪਿਆਰਾ ਗੁਰੂ ਦਾ ਉਹ ਧਰਮਰਾਜ ਦੇ ਨਹੀਂ ਜਾਇਆ ਕਰਦਾ, ਉਹ ਗੁਰੂ ਕੋਲ ਜਾਇਆ ਕਰਦੇ ਨੇ।

ਧਰਮਰਾਜ ਨੇ ਦੇਖਿਆ, ਕਹਿੰਦਾ, ਬੜੀ ਭੁੱਲ ਹੋ ਗਈ ਤੁਹਾਥੋਂ ਪਿਆਰਿਓ, ਇਹ ਬੀਬੀ ਨਹੀਂ ਸੀ ਲਿਆਉਣੀ, ਇਸ ਨਾਲ ਦੀ ਹੋਰ ਸੀ, ਉਹ ਲਿਆਉਣੀ ਸੀ, ਇਹ ਤਾਂ ਤੁਸੀਂ ਬਹੁਤ ਮਾੜੀ ਗੱਲ ਕਰੀ ਹੈ, ਕੌਣ ਜਵਾਬ ਦੇਵੇਗਾ, ਇਹ ਤਾਂ ਗੁਰੂ ਨਾਨਕ ਦੇ ਘਰ ਦੀ ਹੈ। ਜੋ ਗੁਰੂ ਨਾਨਕ ਦਾ ਘਰ ਹੈ ਉਹ ਬਹੁਤ ਉੱਚਾ ਹੈ, ਉਹ ਮੇਰੇ ਕੋਲ ਕਿਵੇਂ ਆ ਸਕਦੈ, ਤੁਸੀਂ ਬੜੀ ਭੁੱਲ ਕਰੀ।

ਕਹਿੰਦੀ ਫਿਰ ਬਾਬਾ ਜੀ ਮੇਰੀ ਬੜੀ ਸੇਵਾ ਕਰੀ। ਬੜਾ ਮੇਰਾ ਆਦਰ ਕਰਿਆ। ਸਾਰੇ ਹੀ ਹੱਥ ਬੰਨੀ ਫਿਰਨ। ਇਸ ਬਾਰੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

***ਭਾਵ ਅਰਥ - ਧਰਮਰਾਜਾ ਵੀ ਕਰੇਗਾ ਸੇਵਾ***

***ਸਾਧੂਆਂ ਦੇ ਸੰਗੀਆਂ ਦੀ।***

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਅੰਗ - 271***

ਕਹਿਣ ਲੱਗੇ ਕਿਉਂ ਗੁਰਮੁਖੋ ਜੋ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ, ਸਾਧੂਆਂ ਦੇ ਸੰਗੀ ਨੇ, ਸੇਵਾ ਕਰਦੇ ਨੇ, ਕੀਰਤਨ ਕਰਦੇ ਨੇ, ਕੀਰਤਨ ਸੁਣਦੇ ਨੇ, ਫਿਰ ਭਾਈ ਦੇਖੋ ਦਰਗਾਹ ਵਿਚ ਜਾ ਕੇ ਉਹਦੀ ਸੇਵਾ ਕਰਦੇ ਨੇ, ਕਹਿੰਦੇ ਫੇਰ ਮਾਈ।

ਕਹਿਣ ਲੱਗੀ, "ਮਹਾਰਾਜ ਮੈਨੂੰ ਕਿਹਾ ਕਿ ਇਹ ਤਾਂ ਗਲਤ ਆ ਗਈ ਇਹਨੂੰ ਛੱਡ ਆਓ, ਮੈ ਕਿਹਾ ਮੈਨੂੰ ਗੁਰੂ ਨਾਨਕ ਦੀ ਦਰਗਾਹ ਤਾਂ ਦਿਖਾ ਦਿਓ, ਉਥੇ ਮੈਨੂੰ ਲੈ ਗਏ, ਲਿਜਾ ਕੇ ਦਿਖਾਈ ਤੇ ਉਹਨਾਂ ਨੇ ਕਿਹਾ ਕਿ ਤੇਰੇ ਅਜੇ 7 ਸਾਲ ਬਾਕੀ ਹਨ। ਇਥੇ ਹੀ ਆਉਣੈ ਤੈਂ।

ਸੋ, ਇਸ ਤਰ੍ਹਾਂ ਦੇ ਨਾਲ ਦਰਗਾਹ ਦੇ ਵਿਚ ਇਕਨਾ ਦੇ ਮਾਰ ਪੈਂਦੀ ਹੈ, ਇਕਨਾ ਦਾ ਆਦਰ ਹੁੰਦਾ ਹੈ। ਕਹਿੰਦੇ ਇਹੋ ਜਿਹਾ ਕੰਮ ਨਾ ਕਰੋ।

***ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥***
***ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥***
***ਅੰਗ - 590***

ਸੋ, ਪਤ ਰਹਿਣ ਵਾਲੀ ਗੱਲ ਹੈ, ਉਹ ਹੈ ਕੀ, ਅਸੀਂ ਆਏ ਤਾਂ ਨਾਮ ਜੱਪਣ ਵਾਸਤੇ ਸੀ, ਸਾਡਾ ਜਨਮ ਬਹੁਤ ਮੁਸ਼ਕਲ ਤੋਂ ਬਾਅਦ ਹੋਇਆ ਸੀ। ਕੀੜੇ ਮਕੋੜੇ, ਬਣਦੇ ਬਣਦੇ -

***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176***

ਪਰ ਮਾਇਆ ਨੇ ਇਸ ਜੀਵ ਨੂੰ ਮੋਹ ਲਿਆ। ਮਾਇਆ ਸਾਰੇ ਪਾਸੇ ਹੀ ਹੈ, ਜਿੰਨਾ ਕੁਝ ਅਸੀਂ ਦੇਖਦੇ ਹਾਂ, ਜਿੰਨਾ ਸੁਣਦੇ ਹਾਂ, ਸਭ ਮਾਇਆ ਹੈ ਤੇ ਇਹਦੇ ਵਿਚੋਂ ਇਹਦਾ ਚਿਤ ਨਹੀਂ ਨਿਕਲਦਾ।

ਮਹਾਰਾਜ ਜੀ ਇਸ ਮਹੀਨੇ ਦੇ ਵਿਚ ਸਾਨੂੰ ਬੜੀ ਤਾੜਨਾ ਕਰਕੇ ਸਮਝਾਉਂਦੇ ਨੇ ਕਿ ਪਿਆਰਿਆ ਆਹ ਸਰੀਰ ਤਾਂ ਧਾਰਨ ਕਰ ਲਿਆ ਤੇ ਤੂੰ ਭਰਮ ਵਿਚ ਭੁੱਲ ਗਿਆ। ਭਰਮ ਵਿਚ ਭੁੱਲ ਕੇ ਮਿੱਤਰਤਾ ਕਿਹਦੇ ਨਾਲ ਕਰ ਲਈ? ਕਾਮ ਨਾਲ, ਕ੍ਰੋਧ ਨਾਲ, ਲੋਭ ਨਾਲ, ਮੋਹ ਨਾਲ।

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥***
***ਬਲੂਆ ਕੇ ਗ੍ਰਿਹ ਭੀਤਰਿ ਬਸੈ॥ ਅੰਗ - 267***

ਬਾਲੂ ਰੇਤੇ ਦੀ ਕੰਧ ਬਣਾ ਕੇ ਵਿਚ ਵਸਦਾ -

***ਅਨਦ ਕੇਲ ਮਾਇਆ ਰੰਗਿ ਰਸੈ॥ ਅੰਗ - 267***

ਮੌਜਾਂ ਮਾਣਦਾ, ਪਤਾ ਨਹੀਂ ਕਿ ਇਹ ਰੇਤੇ ਦੀ ਕੰਧ ਹਵਾ ਆਉਣ ਤੇ ਉਡ ਜਾਣੀ ਹੈ। ਪਾਣੀ ਆ ਗਿਆ ਬਹਿ ਜਾਣੀ ਹੈ, ਇਹ ਤਾਂ ਸਾਡੀ ਨਹੀਂ ਹੈ, ਪਰ ਇਧਰਲੇ ਪਾਸੇ -

***ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥ ਅੰਗ - 267***

ਬਈ ਮੈਂ ਨਹੀਂ ਜਾਣਾ, ਸੰਸਾਰ ਜਾਂਦੈ ਜਾਈ ਜਾਵੇ, ਮੈਂ ਤਾਂ ਇਥੇ ਹੀ ਰਹਿਣੈ, ਤੇ ਮੂਰਖ ਹੰਕਾਰ ਦੇ ਵਸ ਹੋਇਆ ਨਿੰਦਿਆ ਕਰਦਾ, ਚੁਗਲੀਆਂ ਕਰਦਾ, ਈਰਖਾ ਕਰਦਾ। ਦੂਜਿਆਂ ਦਾ ਬੁਰਾ ਕਰਦਾ, ਜਦ ਸੰਸਾਰ ਤੋਂ ਜਾਂਦਾ ਫਿਰ ਰੋਣਾ ਪੈਂਦੈ।

***ਕਾਲ ਨ ਆਵੈ ਮੂੜੇ ਚੀਤਿ॥ ਅੰਗ - 267***

ਝੂਠ, ਵਿਕਾਰ, ਮਹਾ-ਲੋਭ, ਧ੍ਰੋਹ ਇਹਨਾਂ ਦੇ ਨਾਲ ਮਨ ਲਾਇਆ ਹੋਇਆ ਹੈ।

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ਅੰਗ - 268***

ਮਹਾਰਾਜ ਕਹਿੰਦੇ ਭੁੱਲ ਗਿਆ ਇਹਨਾਂ ਨੂੰ, ਇਕ ਇਕ ਚੋਰ ਦੀ ਜੇ ਗਿਣਤੀ ਦੱਸੀਏ, ਉਹਦੇ ਨਾਲ ਮਿੱਤਰਤਾ ਪਾ ਕੇ ਕਿੰਨਾ ਦੁਖ ਪਾਉਂਦੈ। ਕਾਮ ਹੀ ਹੈ, ਦੋਸ਼ ਨਹੀਂ ਬਹੁਤ ਮੰਨਦੇ ਇਹਨੂੰ। ਮਹਾਰਾਜ ਕਹਿੰਦੇ -

ਕਰੋੜਾਂ ਜਨਮ ਤੈਨੂੰ ਘੁੰਮਣਾ ਪੈਣਾ ਹੈ, ਮੋਹ ਹੈ, ਮੋਹ ਦੇ ਵਸ ਹੋਇਆ ਬਾਰ ਬਾਰ ਉਸੇ ਘਰ ਵਿਚ ਜੰਮੀ ਜਾਂਦੈ। ਪਹਿਲਾਂ ਆਦਮੀ ਬਣਿਆ, ਫਿਰ ਬੈਲ ਬਣ ਗਿਆ, ਫਿਰ ਕੁੱਤਾ ਬਣ ਗਿਆ, ਫਿਰ ਕੀੜਾ ਮਕੋੜਾ ਬਣ ਗਿਆ, ਉਥੇ ਘੁੰਮੀ ਜਾਂਦਾ ਹੈ ਮੋਹ ਦੇ ਵਸ ਹੋਇਆ, ਕਿਉਂਕਿ ਮੋਹ ਨੇ ਫੜਿਆ ਹੋਇਆ ਉਹਨੂੰ ਬਾਹਰਲੀ ਜੂਨ ਨਹੀਂ ਮਿਲਦੀ, ਉਥੇ ਹੀ ਭੇਜੀ ਜਾਂਦੇ ਨੇ ਬਾਰ ਬਾਰ ਉਹਨੂੰ, ਹੰਕਾਰ ਦੇ ਵਸ ਹੋਇਆ।

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥***
***ਅੰਗ - 1089***

ਵਾਹਿਗੁਰੂ ਨੂੰ ਜੇ ਨਹੀਂ ਕੁਝ ਭਾਉਂਦਾ ਤਾਂ ਉਹ ਹੰਕਾਰ ਨਹੀਂ ਭਾਉਂਦਾ।

***ਹੰਕਾਰਿਆ ਸੋ ਮਾਰਿਆ॥***

ਸੋ ਇਸ ਤਰ੍ਹਾਂ ਮਾਇਆ ਦੇ ਵਿਚ ਜੀਵ ਜਿਹੜਾ ਸੀ, ਉਹ ਆਇਆ ਤਾਂ ਨਾਮ ਜੱਪਣ ਵਾਸਤੇ ਸੀ ਤੇ ਜੀਵ ਨੇ ਮਾਤ ਗਰਭ ਵਿਚ ਜਿਸ ਵਕਤ ਬਹੁਤ ਤਕਲੀਫ ਸੀ ਤਾਂ ਬੇਨਤੀ ਕੀਤੀ, ਹੇ ਪ੍ਰਭੂ! ਮੇਰਾ ਛੁਟਕਾਰਾ ਕਰਾਓ ਇਥੋਂ, ਬੇਨਤੀਆਂ ਕਰਦਾ ਹੈ।

ਕਹਿਣ ਲੱਗੇ, ਐ ਜੀਵ ਤੂੰ ਪ੍ਰਮੇਸ਼ਰ ਨੂੰ ਭੁੱਲ ਜਾਏਂਗਾ, ਮੇਰੀ ਸ਼ਕਤੀ ਨੂੰ ਭੁੱਲ ਜਾਏਂਗਾ ਬਾਹਰ ਜਾ ਕੇ।

ਕਹਿੰਦਾ ਨਾ ਮਹਾਰਾਜ! ਮੈਂ ਤੇਰਾ ਨਾਮ ਸਵਾਸ ਸਵਾਸ ਜਪਾਂਗਾ। ਮੈਂ ਕਦੀ ਵੀ ਨਹੀਂ ਭੁੱਲਾਂਗਾ। ਰਾੜਾ ਸਾਹਿਬ ਵਾਲੇ ਮਹਾਰਾਜ ਜੀ ਐਸੀ ਧਾਰਨਾ ਸ਼ਬਦ ਪੜ੍ਹਿਆ ਕਰਦੇ ਸੀ।

*ਭਾਵ ਅਰਥ - ਮੈਂ ਨਾਮ ਜਪਾਂਗਾ ਤੇਰਾ,*
*ਇਥੋਂ ਮੈਨੂੰ ਕੱਢ ਮਾਲਕਾ।*

ਹੇ ਪ੍ਰਭੂ! ਇਸ ਕੁੰਭੀ ਨਰਕ 'ਚੋਂ ਮੈਨੂੰ ਛੁਟਕਾਰਾ ਦਿਲਾ। 100 ਜਨਮ ਦਾ ਗਿਆਨ ਹੈ, ਮੈਂ ਕੀ ਕੀ ਗਲਤੀਆਂ ਕਰੀਆਂ, ਕੀ-ਕੀ ਕਰਕੇ ਕਿਹੜੀਆਂ-ਕਿਹੜੀਆਂ ਜੂਨਾਂ 'ਚ ਪਿਆ ਤੇ ਹੁਣ ਮੈਨੂੰ ਛੁਟਕਾਰਾ ਕਿਵੇਂ ਮਿਲੇ, ਉਸ ਵੇਲੇ ਨਾਮ ਧੁਨ ਦੇ ਨਾਲ ਜੁੜਿਆ ਹੋਇਆ ਸੀ। ਅਖੰਡ ਨਾਮ ਦੀ ਧੁਨ ਅੰਦਰ ਚਲ ਰਹੀ ਸੀ।

*ਸਾਸਿ ਸਾਸਿ ਸਿਮਰਤ ਪ੍ਰਭ ਰਹਤੇ॥ ਅੰਗ - 251*

ਇਕ ਸਵਾਸ ਵੀ ਨਹੀਂ ਸੀ ਬਿਰਥਾ ਜਾਂਦਾ ਜਦੋਂ ਵਾਹਿਗੁਰੂ ਨੂੰ ਭੁਲਦਾ ਬੇਨਤੀਆਂ ਕਰਦਾ। ਆਵਾਜ਼ ਆਈ ਐ ਜੀਵ ਤੂੰ ਅਹਿਸਾਨ ਫਰਾਮੋਸ਼ ਹੈਂ, ਕੀਤੇ ਨੂੰ ਨਾ ਜਾਨਣ ਵਾਲਾ ਹੈਂ ਤੂੰ, ਤੂੰ ਕਹਿ ਦੇਣਾ ਹੈ ਕਿ ਹੈ ਹੀ ਨਹੀਂ ਰੱਬ। ਐਸੀਂ ਗੱਲ ਕਹਿਣੀ ਹੈ ਵਿਸ਼ੇ ਵਿਕਾਰਾਂ 'ਚ ਉਲਝ ਜਾਣਾ ਹੈ ਤੂੰ, ਤੇਰੀ ਮੱਤ ਉਹਨਾਂ ਨੇ ਮਾਰ ਦੇਣੀ ਹੈ ਤੇ ਤੂੰ ਕਹਿਣਾ ਰੱਬ ਹੈ ਹੀ ਨਹੀਂ, ਇਹ ਐਵੇਂ ਢਕੌਂਸਲਾ ਹੈ, ਹੋਵੇ ਤਾਂ ਐਂ ਨਾ ਕਰੇ, ਐਂ ਨਾ ਕਰੇ। ਆਪਣੀਆਂ ਹੀ ਮੰਤਕਾਂ ਘੜੇਂਗਾ। ਆਪਣੇ ਖਿਆਲਾਂ 'ਚ ਡੁਬੇਂਗਾ।

ਕਹਿੰਦਾ ਨਹੀਂ ਮਹਾਰਾਜ ਮੈਂ ਤਾਂ ਸਵਾਸ ਸਵਾਸ ਨਾਮ ਜਪਾਂਗਾ। ਬਾਰ-ਬਾਰ ਬੇਨਤੀਆਂ ਕਰਦਾ ਹੈ। ਕਹਿੰਦਾ ਮਹਾਰਾਜ ਇਥੇ ਤਾਂ ਕੋਈ ਨਹੀਂ ਹੈ, ਕਹਿੰਦੇ ਪੰਜਾਂ ਤੱਤਾਂ ਦੇ ਅਧਿਸ਼ਟਾਨ ਦੇਵਤੇ ਉਹ ਤੇਰੇ ਨਾਲ ਨੇ ਪੰਜ ਤੱਤ, ਉਹਨਾਂ ਦੇਵਤਿਆਂ ਨਾਲ ਬਾਤ ਕਰ। ਆਕਾਸ਼ ਨੂੰ ਬੇਨਤੀ ਕਰੀ, ਉਹ ਕਹਿੰਦਾ ਮੈਂ ਤੇਰੇ ਬੇਇਤਬਾਰੇ ਦਾ ਕਿਵੇਂ ਇਤਬਾਰ ਕਰ ਲਵਾਂ, ਇਥੋਂ ਤੂੰ ਜਾਣੈ ਤੇ ਪ੍ਰਮੇਸ਼ਰ ਦਾ ਨਾਮ ਫਿਰ ਤੇਰੇ ਮੂੰਹੋਂ ਨਿਕਲਣਾ ਹੀ ਨਹੀਂ ਹੈ। ਨਾ ਬਈ ਇਹ ਮੁਸ਼ਕਲ ਹੈ। ਅਗਨੀ ਦੇਵਤਾ ਨੂੰ ਕਿਹਾ। ਕਹਿੰਦੇ ਨਹੀਂ ਤੇਰਾ ਮੇਰਾ ਕੀ ਸਾਥ ਹੈ, ਪਵਨ ਦੇਵਤਾ ਨੂੰ ਕਿਹਾ ਉਹਨੇ ਵੀ ਜਵਾਬ ਦੇ ਦਿੱਤਾ। ਧਰਤੀ ਨੂੰ ਕਿਹਾ ਉਹਨੇ ਵੀ ਜਵਾਬ ਦੇ ਦਿੱਤਾ। ਪਾਣੀ ਦੇਵਤੇ ਨੂੰ ਕਿਹਾ ਕਿ ਤੁਸੀਂ ਮੇਰੀ ਜ਼ਮਾਨਤ ਦੇ ਦਿਓ। ਉਹ ਕਹਿਣ ਲੱਗੇ ਤੂੰ ਹੈ ਹੀ ਬੇਇਤਬਾਰਾ ਜਿਹੜਾ ਤੇਰੀ ਜਮਾਨਤ ਦੇਵੇਗਾ ਉਹ ਫਸ ਜਾਏਗਾ।

ਕਹਿੰਦਾ ਨਹੀਂ ਮੈਂ ਨਹੀਂ ਇਹ ਗੱਲ ਕਰਦਾ। ਕਹਿੰਦੇ ਦੇਖ ਤੇਰੀ ਹਾਲਤ ਤੇ ਵੀ ਮੈਨੂੰ ਰਹਿਮ ਆਉਂਦੈ ਕਿਉਂਕਿ ਪਾਣੀ ਨਰਮ ਹੁੰਦੈ, ਚਿੱਤ ਕਿਸੇ ਦਾ ਦ੍ਰਵ ਜਾਵੇ ਉਹ ਵੀ ਦੂਸਰੇ ਦਾ ਦੁਖ ਮਹਿਸੂਸ ਕਰਦਾ ਹੈ ਤੇ ਮੈਂ ਵੀ ਤੇਰਾ ਦੁਖ ਮਹਿਸੂਸ ਕਰਦਾ ਹਾਂ। ਪਰ ਬਈ ਮੈਂ ਵੀ ਡਰਦਾ ਹਾਂ ਕਿ ਫਸ ਨਾ ਜਾਵਾਂ ਜੇ ਮੈਂ ਜਮਾਨਤ ਦੇਵਾਂਗਾ। ਸ਼ਰਤ ਲਾ ਕੇ ਜਮਾਨਤ ਦੇਵਾਂਗਾ। ਉਹ ਪੁਛ ਲੈ। ਪ੍ਰਮੇਸ਼ਰ ਨੂੰ ਜੇ ਮਨਜ਼ੂਰ ਹੋਵੇ, ਫੇਰ ਬੇਨਤੀਆਂ ਕਰਦਾ ਹੈ।

ਪ੍ਰਮੇਸ਼ਰ ਕਹਿੰਦਾ, ਹਾਜ਼ਰ ਕਰੋ। ਪਾਣੀ ਕਹਿਣ ਲੱਗਿਆ, ਮਹਾਰਾਜ! ਇਹ ਹੈ ਬੇਇਤਬਾਰਾ, ਤੇਰੇ ਸਾਰੇ ਗੁਣ, ਤੇਰੀਆਂ ਸਾਰੀਆਂ ਮਿਹਰਬਾਨੀਆਂ, ਤੇਰੀਆਂ ਸਾਰੀਆਂ ਨੇਕੀਆਂ, ਇਹਨੇ ਭੁੱਲ ਜਾਣੀਆਂ ਨੇ, ਇਹ ਨਾ ਮੁੜਕੇ ਯਾਦ ਕਰੂ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਯਾਦ ਕਰਾਉਂਦੇ ਨੇ, ਛੇਵੀਂ ਅਸ਼ਟਪਦੀ ਵਿਚ ਬਈ ਜਿਹਦੇ ਕਰਕੇ ਤੈਨੂੰ ਨਿਰਮਲ ਪਾਣੀ ਮਿਲਦੈ, ਉਹਨੂੰ ਤਾਂ ਯਾਦ ਰੱਖ। ਅਰਬ ਵਿਚ ਪਾਣੀ ਬਾਹਰੋਂ ਆਉਂਦੈ, ਪੈਟਰੋਲ ਲੈ ਲਵੋ, ਪਾਣੀ ਨਹੀਂ ਉਥੋਂ ਮਿਲਦਾ। ਸਾਡੇ ਕੋਲ ਕਿੱਡਾ ਮਿੱਠਾ ਪਾਣੀ ਹੈ ਜੇ ਇਹੀ ਅਸ਼ੁੱਧ ਹੋ ਜਾਏ, ਚੰਡੀਗੜ੍ਹ ਤੇ ਲੁਧਿਆਣੇ ਦੇ ਨਲਕੇ ਜਿਹੜੇ ਨੇ ਉਨ੍ਹਾਂ ਦਾ ਪਾਣੀ ਸਾਰਾ ਦੂਸ਼ਿਤ ਹੋ ਗਿਆ ਪਾਣੀ ਪੀਓ ਤੇ ਬੀਮਾਰ ਹੋਵੋ। ਕਾਟੇ ਲਾ ਦਿੱਤੇ, ਪੱਕੇ ਨਿਸ਼ਾਨ ਲਗਾ ਦਿੱਤੇ ਕਿ ਇਹਨਾਂ ਨਲਕਿਆਂ ਦਾ ਪਾਣੀ ਨਾ ਪੀ ਬੈਠਿਓ। ਧਰਤੀ ਦਾ ਪਾਣੀ ਖਰਾਬ ਹੋ ਗਿਆ। ਜੇ ਭਲਾ ਖਰਾਬ ਹੋ ਜਾਵੇ ਫਿਰ ਕਿਥੋਂ ਪੀਵਾਂਗੇ।

ਹਵਾ ਵੀ ਬਹੁਤ ਦੂਸ਼ਿਤ ਹੋ ਗਈ ਹੈ। ਬੇਅੰਤ ਕਿਸਮ ਦੀਆਂ ਖਤਰਨਾਕ ਗੈਸਾਂ, ਪੈਟਰੋਲ, ਡੀਜਲ 'ਚੋਂ ਇੰਡਸਟਰੀਆਂ 'ਚੋਂ ਧੂੰਏ 'ਚ ਨਿਕਲ ਕੇ ਸਾਰੀ ਹਵਾ ਦੂਸ਼ਿਤ ਹੋ ਗਈ। ਹੁਣ ਜਿਹੜੇ ਯੰਤਰ ਲਾਏ ਹੋਏ ਨੇ, ਉਹ ਕਹਿੰਦੇ ਨੇ ਜੇ ਹੋਰ ਖਰਾਬ ਹੋ ਗਈ ਤਾਂ ਸਾਹ ਲੈਣਾ ਔਖਾ ਹੋ ਜਾਏਗਾ, ਬੰਦੇ ਮਰ ਜਾਣਗੇ।

ਮਹਾਰਾਜ ਕਹਿੰਦੇ ਜਿਹੜਾ ਪ੍ਰਮੇਸ਼ਰ ਤੈਨੂੰ ਹਵਾ ਦਿੰਦਾ ਹੈ ਸਾਹ ਲੈਣ ਵਾਸਤੇ, ਉਹਨੂੰ ਯਾਦ ਕਰ, ਜੇ ਖੋਹ ਲਵੇ ਫਿਰ ਚੀਕਾਂ ਮਾਰੇਂਗਾ।

ਕਹਿੰਦਾ, ਸੱਚਾ ਪਾਤਸ਼ਾਹ ਬੇਅੰਤ ਦਾਤਾਂ ਦਿੰਦਾ ਏ, ਲੇਕਿਨ ਇਸ ਜੀਵ ਦਾ ਕੰਮ ਕੀ ਹੈ, ਜਿਹੜਾ ਕੁਛ ਦੇ ਦਏਗਾ, ਉਹਦੇ ਨਾਲ ਤਾਂ ਪਿਆਰ ਪਾ ਲਏਗਾ, ਪਰ ਦੇਣ ਵਾਲੇ ਨੂੰ ਭੁੱਲ ਜਾਂਦੈ।

*ਭਾਵ ਅਰਥ - ਮਨਮੁਖਾ ਨੇ ਵਿਸਾਰ ਦਿੱਤਾ ਦਾਤਾ,*
*ਦਾਤ ਨੂੰ ਪਿਆਰੀ ਜਾਣ ਕੇ।*

*ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਅੰਗ - 676*

ਇਹਦਾ ਸੁਭਾਅ ਹੈ, ਜਿਹੜੀ ਚੀਜ਼ ਇਸ ਨੂੰ ਮਿਲ ਜਾਵੇ, ਉਹਨੂੰ ਤਾਂ ਪਿਆਰ ਕਰਦੈ, ਦੇਣ ਵਾਲੇ ਨੂੰ ਨਹੀਂ ਕਰਦਾ। ਉਲਟਾ ਹਿਸਾਬ ਹੋਇਆ। ਫਿਰ ਇਹਦਾ ਇਤਬਾਰ ਕੀ? ਇਹਨੂੰ ਅਕ੍ਰਿਤਘਣ ਦਾ ਦਰਜਾ ਦਿੱਤਾ ਜਾਂਦਾ ਹੈ।

ਪਹਿਲਾਂ ਵਿਆਹ ਨਹੀਂ ਹੁੰਦਾ, ਕਹਿੰਦੇ ਜੀ ਸ਼ਾਦੀ ਨਹੀਂ ਹੁੰਦੀ, ਸ਼ਾਦੀ ਨਹੀਂ ਹੁੰਦੀ। ਮੰਗਣਾ ਹੋ ਜਾਂਦੈ। ਮਹਾਤਮਾ ਕਹਿ ਦਿੰਦੇ ਨੇ ਕੋਈ ਨਹੀਂ ਹੋ ਜਾਏਗੀ। ਗੁਰਦੁਆਰੇ ਆਉਂਦਾ ਹੈ ਰੋਜ਼, ਮੰਗਣਾ ਹੋ ਗਿਆ। ਘਟ ਗਿਆ ਆਉਣ ਤੋਂ, ਖਿਆਲ ਚੱਲ ਪਏ ਹੋਰ ਹੀ। ਵਿਆਹ ਹੋ ਗਿਆ, ਫਿਰ ਕਦੇ 7 ਦਿਨਾਂ ਬਾਅਦ ਆ ਗਿਆ ਕਦੇ 15 ਦਿਨ ਬਾਅਦ ਆ ਗਿਆ। ਕਦੇ ਮਹੀਨੇ ਬਾਅਦ ਆ ਗਿਆ। ਅਖੀਰ ਭੁੱਲ ਜਾਂਦਾ ਹੈ। ਬੱਚਾ ਹੋ ਗਿਆ ਫਿਰ ਬਿਲਕੁਲ ਹੀ ਭੁੱਲ ਜਾਂਦਾ ਹੈ। ਜੇ ਕਦੇ ਸੰਤਾਂ ਨੂੰ ਮਿਲੇ ਤਾਂ ਸੰਤ ਕਹਿਣ, ਕੀ ਗੱਲ? ਤੇਰਾ ਆਉਣਾ ਜਾਣਾ ਹੀ ਰਹਿ ਗਿਆ।

ਕਹਿੰਦਾ, ਜੀ! ਉਹ ਕਾਕੇ ਨੂੰ ਹੀ ਖਲਾਉਂਦੇ ਰਹਿੰਦੇ ਹਾਂ ਅਸੀਂ। ਸਾਰਾ ਹੀ ਭੁੱਲ ਜਾਂਦਾ ਹੈ। ਬਿਜ਼ਨਿਸ ਹੋਵੇ ਤਾਂ ਕਹੇਗਾ ਜੀ! ਮੈਨੂੰ ਤਾਂ ਵਿਹਲ ਹੀ ਨਹੀਂ ਭੋਰਾ ਜਿੰਨਾ ਵੀ। ਉਹ ਜਿੰਨੇ ਦਿੱਤੇ ਉਹਨੂੰ ਭੁੱਲ ਗਿਆ। ਕਹਿੰਦੇ ਮਹਾਰਾਜ ਇਉਂ ਬੇਇਤਬਾਰਾ ਜੀਵ ਹੈ। ਦਾਤ ਨਾਲ ਤਾਂ ਪਿਆਰ ਕਰੀ ਜਾਂਦੈ। ਦੇਣ ਵਾਲੇ ਨੂੰ ਨਹੀਂ ਚਿੱਤ 'ਚ ਲਿਆਉਂਦਾ।

ਕਹਿੰਦੇ ਤੂੰ ਫਿਰ ਕਿਵੇਂ ਜਮਾਨਤ ਦਿੰਦਾ ਇਹਦੀ। ਕਹਿੰਦੇ ਮਹਾਰਾਜ ਮੈਂ ਸ਼ਰਤ ਲਾ ਕੇ ਜਮਾਨਤ ਦਿੰਦਾ ਹਾਂ। ਜਦੋਂ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਵੇਲੇ ਮੱਘ ਭਰ ਕੇ ਪਾਣੀ ਦਾ ਪਏਗਾ, ਉਸ ਵੇਲੇ ਮੈਂ ਇਹਦੇ ਮੂੰਹ ਤੋਂ ਰਾਮ, ਅੱਲਾ, ਵਾਹਿਗੁਰੂ ਕਹਾ ਦੇਵਾਂਗਾ। ਅਗਾਹ ਇਹ ਜਾਣੇ ਇਹਦਾ ਕੰਮ ਜਾਣੇ। ਇੰਨੀ ਲੰਗੜੀ ਜਮਾਨਤ ਤੇ ਸਾਨੂੰ ਇਹ ਮਾਨਸ ਦੇਹੀ ਪ੍ਰਾਪਤੀ ਹੋਈ ਹੈ। ਪਰ ਮਹਾਰਾਜ ਕਹਿੰਦੇ ਹੋਇਆ ਕੀ ਪ੍ਰਮੇਸ਼ਰ ਨੂੰ ਤਾਂ ਪਿਆਰਿਆ ਭੁੱਲ ਗਿਆ। ਜਿਹੜੀਆਂ ਦੂਸਰੀਆਂ ਚੀਜ਼ਾਂ ਸੀ ਉਹ ਤਾਂ ਤੇਰੇ ਮਨ ਦੇ ਅੰਦਰ ਇੰਨਾ ਪਿਆਰ ਹੋ ਗਿਆ ਕਿ ਮਾੜੀ ਜਿਹੀ ਚੀਜ਼ ਗੁਆਚ ਜਾਵੇ ਮਰਨ ਵਾਲਾ ਹੋ ਜਾਂਦੈ। ਜੇ ਰਾਮ ਭੁੱਲ ਗਿਆ ਫਿਰ ਤਾਂ ਨਹੀਂ ਮਰਨ ਵਾਲਾ ਹੁੰਦਾ। ਦੂਜੀਆਂ ਚੀਜ਼ਾਂ ਨਾਲ ਤੇਰਾ ਪਿਆਰ ਪੈ ਗਿਆ, ਉਹ ਵੀ ਇੰਨਾ ਪੈ ਗਿਆ ਕਿ ਉਹਦੇ ਵਿਚ ਉਲਝ ਗਿਆ। ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*
*ਅੰਗ - 134*

ਮਨੁੱਖ ਦਾ ਜਨਮ ਮਿਲ ਗਿਆ, ਇਥੇ ਆ ਕੇ ਭਰਮ ਪੈ ਗਿਆ ਕਿ ਰੱਬ ਹੈ ਕਿ ਨਹੀਂ ਹੈ। ਗੁਰੂ ਪੀਰ ਕਹਿੰਦੇ ਨੇ ਤੇਰੇ ਨਾਲ ਰਹਿੰਦਾ।

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਅੰਗ - 677*

ਪਿਆਰਿਆ! ਤੇਰੇ ਨਾਲ ਰਹਿੰਦਾ ਹਾਂ, ਤੂੰ ਕਹਿੰਦਾ ਹੈ ਕਿ ਨਹੀਂ ਹੈਗਾ ਪਰ ਤੇਰੇ ਨਾਲ ਹਾਂ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥ ਅੰਗ - 293*

ਉਹ ਤਾਂ ਕੋਈ ਥਾਂ ਹੈ ਹੀ ਨਹੀਂ, ਜਿਥੇ ਉਹ ਨਾ ਹੋਵੇ –

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਉਹਨੂੰ ਭੁੱਲ ਗਿਆ ਜੋ ਨਾਲ ਸੀ।

*ਸੰਗਿ ਸਹਾਈ ਸੁ ਆਵੈ ਨ ਚੀਤਿ॥ ਅੰਗ - 267*

ਉਹਨੂੰ ਭੁਲਿਆ ਹੋਇਐ। ਕਹਿੰਦੇ ਤੇਰੇ ਅੰਦਰ ਆ ਕੀ ਗਿਆ? ਮਾਇਆ ਦਾ ਪਿਆਰ ਆ ਗਿਆ।

*ਅਨਿਕ ਭਾਤਿ ਮਾਇਆ ਕੇ ਹੇਤ॥*
*ਸਰਪਰ ਹੋਵਤ ਜਾਨੁ ਅਨੇਤ॥*
*ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥*
*ਓਹ ਬਿਨਸੈ ਉਹੁ ਮਨਿ ਪਛੁਤਾਵੈ॥*
*ਜੋ ਦੀਸੈ ਸੋ ਚਾਲਨਹਾਰੁ॥*
*ਲਪਟਿ ਰਹਿਓ ਤਹ ਅੰਧ ਅੰਧਾਰੁ॥*
*ਬਟਾਊ ਸਿਉ ਜੋ ਲਾਵੈ ਨੇਹ॥*
*ਤਾ ਕਉ ਹਾਥਿ ਨ ਆਵੈ ਕੇਹ॥ ਅੰਗ - 268*

ਜਿਹੜਾ ਰਾਹੀ ਨਾਲ ਪਿਆਰ ਪਾ ਲੈਂਦੈ। ਰਾਹੀ ਨੇ ਤਾਂ ਤੁਰੇ ਹੀ ਜਾਣਾ ਹੈ, ਹੱਥ ਕੀ ਆਇਗਾ।

*ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ॥*
*ਕਰਿ ਕਿਰਪਾ ਨਾਨਕ ਆਪਿ ਲਏ ਲਾਈ॥*
*ਅੰਗ - 268*

ਇਹ ਗੱਲਾਂ ਸਾਰੀਆਂ ਭੁੱਲ ਕੇ ਮਹਾਰਾਜ ਕਹਿੰਦੇ ਇਹਨੇ ਮਾਇਆ ਨਾਲ ਪਿਆਰ ਪਾ ਲਿਆ। ਦਿਨ ਰਾਤ ਉਹਦੀਆਂ ਗੱਲਾਂ ਕਰਦੈ, ਭਜਨ ਕਰਨ ਵੇਲੇ ਕਹਿੰਦਾ ਜੀ ਮੇਰਾ ਤਾਂ ਮਨ ਨਹੀਂ ਟਿਕਦਾ, ਮੇਰਾ ਜੀਅ ਨਹੀਂ ਕਰਦਾ, ਮੈਂ ਗੁਰਦੁਆਰੇ ਜਾ ਕੇ ਲੈਣਾ ਕੀ ਹੈ? ਵਿਕਾਰਾਂ ਨੇ ਮੰਨ

ਖਿੱਚ ਲਿਆ, ਉਲਟੇ ਪਾਸੇ ਪਾ ਦਿੱਤਾ, ਮੋਹ ਲਿਆ ਮਾਇਆ ਨੇ। ਆਇਆ ਤਾਂ ਪ੍ਰਮੇਸ਼ਰ ਦਾ ਨਾਮ ਜੱਪਣ ਵਾਸਤੇ ਸੀ ਪਰ ਇਥੇ ਅਸਰ ਉਲਟੇ ਪੈ ਗਏ। ਹੁਣ ਸੰਤ ਵੀ ਹਾਕਾਂ ਮਾਰੀ ਜਾਂਦੇ ਨੇ, ਗੁਰੂ ਵੀ ਸਮਝਾਉਂਦੇ ਨੇ, ਬਿਲਕੁਲ ਨਹੀਂ ਸੁਣਦਾ, ਬਉਰਾ ਹੋਇਆ ਪਿਐ।

***ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥***

*ਅੰਗ - 134*

ਪਿਆਰਿਆ! ਜਦੋਂ ਸਰੀਰ ਚਲਾ ਗਿਆ ਤਾਂ ਤੈਨੂੰ ਪ੍ਰੇਤ ਕਹਿਣਗੇ। ਕੋਈ ਕਹੇਗਾ ਮੇਰੇ ਸੁਪਨੇ 'ਚ ਆਇਆ। ਤੂੰ ਉਪਾਅ ਕਰ ਪ੍ਰੇਤ ਤੈਨੂੰ ਵੀ ਤੰਗ ਕਰੇਗਾ, ਫਿਰ ਮਿਲਣਾ ਵੀ ਨਹੀਂ ਚਾਹੁੰਦਾ। ਪ੍ਰੇਤ ਕਹਿੰਦੇ ਨੇ ਫਿਰ ਇਹਨੂੰ। ਪ੍ਰੇਤ ਆਤਮਾ ਹੋ ਗਈ, ਛੇਤੀ ਕੱਢੋ -

***ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥***

*ਅੰਗ - 134*

ਜਦੋਂ ਫੜ ਕੇ ਲੈ ਗਏ ਨਾ, ਫਿਰ ਉਹ ਭੇਤ ਨਹੀਂ ਦਿੰਦੇ -

***ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥***
***ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥***
***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥***

*ਅੰਗ - 134*

ਹੁਣ ਰਹਿ ਕੀ ਗਿਆ, ਕੁਝ ਬੀਜ ਗਿਆ ਕਰਮ। ਉਹ ਕਰਮਾਂ ਨੂੰ ਭੋਗਣਾ ਹੁਣ, ਉਹਦਾ ਸਾਥ ਛੁਟ ਗਿਆ ਜਿਹਦੇ ਪਿਛੇ ਫਸਿਆ ਹੋਇਆ ਸੀ, ਅਸਲੀ ਕੰਮ ਤਾਂ ਭੁਲ ਗਿਆ। ਹੁਣ ਚੱਕਰ ਪੈ ਗਿਆ ਤੇ ਕਰਮਾ ਦਾ ਫਲ ਭੋਗਣਾ ਹੀ ਹੈ।

***ਭੋਗੇ ਬਿਨੁ ਭਾਗੇ ਨਹੀ ਕਰਮ ਗਤੀ ਬਲਵਾਨੁ॥***

ਉਹ ਤਾਂ ਭੋਗਣਾ ਹੀ ਪੈਂਦੈ। ਇਕ ਵਾਰੀ ਬਾਬਾ ਸਾਹਬ ਸਿੰਘ ਜੀ ਮਹਾਰਾਜ ਸਾਹਨੇਵਾਲ ਗਏ ਹੋਏ ਨੇ। ਉਥੇ ਦਾ ਜੋ ਰਾਜਾ ਸੀ ਸੁਧ ਸਿੰਘ ਉਹਦਾ ਨਾਮ ਸੀ ਤੇ ਬਾਬਾ ਜੀ ਦਾ ਪਤਾ ਲੱਗਿਆ ਉਸਨੂੰ ਤਾਂ ਹਾਥੀ ਤੇ ਚੜ੍ਹ ਕੇ ਚੱਲ ਪਿਆ। ਬਾਬਾ ਜੀ ਦਾ ਜਿਥੇ ਆਸਣ ਸੀ ਉਥੇ ਪਹੁੰਚਦਾ ਹੈ, ਆਪ ਸੰਗਤਾਂ ਦੇ ਵਿਚ ਬੈਠੇ ਨੇ, ਤੇ ਉਥੇ ਉਹਨੇ ਹਾਥੀ ਖੜਾਇਆ ਤੇ ਉਤਰ ਆਇਆ। ਬਾਬਾ ਜੀ ਨੇ ਧਿਆਨ ਦਿੱਤਾ ਹਾਥੀ ਦਾ, ਇਹਨੇ ਜਦ ਨਮਸਕਾਰ ਕਰੀ ਤਾਂ ਮਨ ਵਿਚ ਫੁਰਨਾ ਆ ਗਿਆ, ਸੰਤਾਂ ਨੂੰ ਨਮਸ਼ਕਾਰ ਕਰਦਾ ਹੈ, ਇਹਦਾ ਕੁਝ ਭਲਾ ਹੋਣਾ ਚਾਹੀਦੈ, ਲੇਖ ਪੜ੍ਹ ਲਿਆ ਮੱਥੇ ਦਾ। ਸਹਿਜ ਸੁਭਾਅ ਬਚਨ ਕਰ ਦਿੱਤਾ ਕਹਿੰਦੇ ਸੁਧ ਸਿੰਘ ਇਸ ਹਾਥੀ ਤੇ ਨਾ ਚੜ੍ਹਿਆ ਕਰੀਂ ਕਿਉਂਕਿ ਲੈਣਾ ਦੇਣਾ ਹੈ ਤੁਹਾਡੇ ਦੋਹਾਂ ਦਾ। ਪਿਛਲੇ ਜਨਮ 'ਚ ਤੇਰੇ ਤੋਂ ਕੋਈ ਐਸੀ ਚੀਜ਼ ਬੀਜ ਹੋ ਗਈ, ਜਿਹਦਾ ਫਲ ਹੁਣ ਦੇਣਾ ਹੈ ਤੈਂ। ਤੇ ਜਿਹੜਾ ਕਰਮ ਕਰ ਲਿਆ, ਉਹ ਭੋਗਣਾ ਹੀ ਹੈ।

ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਭਾਵ ਅਰਥ - ਫਲ ਦਿੱਤਿਆਂ ਬਾਜ ਨਾ ਜਾਣਾ,***
***ਤੇਰਿਆ ਕਰਮਾਂ ਨੇ ਪਿਆਰਿਆ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

*ਅੰਗ - 433*

ਇਹ ਤਾਂ ਜਿਹੜਾ ਕੀਤਾ ਹੋਇਆ ਭੋਗਣਾ ਹੀ ਪੈਣੈ। ਪਰਾਲਬਧ ਕਰਮ ਨੂੰ ਕੋਈ ਟਾਲ ਨਹੀਂ ਸਕਦਾ ਦੁਨੀਆਂ ਦੇ ਅੰਦਰ। ਕਰਮ ਤਾਂ ਹੋ ਜਾਂਦੈ, ਬਿਲਕੁਲ ਨਹੀਂ ਟਾਲਿਆ ਜਾਂਦਾ, ਕੋਈ ਸਮਰਥ ਗੁਰੂ ਟਾਲ ਸਕਦੈ। ਉਹ ਬਦਲ ਸਕਦੈ, ਸੁਪਨੇ ਵਿਚ ਭੁਗਤਾ ਦਿੱਤਾ, ਟਾਲਣਾ ਬਹੁਤ ਔਖਾ ਹੈ।

ਸੋ ਬਾਬਾ ਜੀ ਨੇ ਇਸ਼ਾਰਾ ਕਰ ਦਿਤਾ। ਕਹਿਣ ਲੱਗੇ ਸੁਧ ਸਿੰਘ ਬਈ ਇਸ ਹਾਥੀ ਤੇ ਨਾ ਚੜ੍ਹਿਆ ਕਰ।

ਕਹਿੰਦਾ, "ਮਹਾਰਾਜ! ਗੱਲ ਕੀ ਹੈ? ਮੈਨੂੰ ਪਤਾ ਤਾਂ ਲੱਗੇ। ਇਹ ਤਾਂ ਮੈਂ ਬੜੀ ਮੁਸ਼ਕਲ ਨਾਲ ਸਿਖਾਇਆ ਹੈ। ਯੂ.ਪੀ. ਤੋਂ ਇਹ ਮੰਗਾਇਆ ਹੈ। ਨਾ ਚੜ੍ਹਨ ਦਾ ਕਾਰਨ ਵੀ ਆਪ ਕਿਰਪਾ ਕਰਕੇ ਦੱਸ ਦਿਓ।

ਕਹਿੰਦੇ, ਪਿਛਲੇ ਜਨਮ 'ਚ ਤੂੰ ਗੁਰਸਿਖ ਸੀ ਦਸਵੇਂ ਪਾਤਸ਼ਾਹ ਜੀ ਦਾ। ਜਦੋਂ ਅਨੰਦਪੁਰ 'ਚ ਘੇਰਾ ਪਿਆ ਬੇਦਾਵਾ ਦੇਣ ਵਾਲਿਆਂ 'ਚ ਤੂੰ ਚਲਿਆ ਗਿਆ ਸੀ। ਪਰ ਜਦ ਦੁਬਾਰਾ ਤੁਸੀਂ ਮੁਕਤਸਰ ਆ ਕੇ ਸ਼ਹੀਦੀ ਪ੍ਰਾਪਤ ਕਰੀ ਹੈ ਉਸ ਵੇਲੇ ਦੇ ਫਲ ਕਰਕੇ ਤੂੰ ਰਾਜਾ ਬਣਿਆ। ਇਹ ਜਿਹੜਾ ਹਾਥੀ ਹੈ ਇਹ ਨੌਕਰ ਹੈ ਤੁਹਾਡਾ। ਤੁਹਾਡੇ ਘਰ ਨੌਕਰੀ ਕਰਦਾ ਸੀ। ਚੋਰੀ ਹੋ ਗਈ ਘਰ ਦੇ ਅੰਦਰ। ਤੁਸੀਂ ਇੰਨਾ ਇਸਨੂੰ ਮਾਰਿਆ ਕਿ ਕੁੱਟ ਕੁੱਟ ਕੇ ਮਾਰ ਦਿੱਤਾ।

ਕਹਿੰਦੇ ਇਹਨੇ ਹਾਥੀ ਦਾ ਜਨਮ ਧਾਰ ਲਿਆ, ਕਰਮ ਤਾਂ ਇਹਦੇ ਚੰਗੇ ਨਹੀਂ ਸੀ। ਹੁਣ ਤੇਰੇ ਤੋਂ ਬਦਲਾ ਲੈਣਾ ਹੈ। ਜਿਹੜੀ ਭਾਵੀ ਸੀ ਉਸਨੇ ਤੁਹਾਡਾ ਮੇਲ ਕਰਾ ਦਿੱਤਾ। ਤੁਹਾਨੂੰ ਇਹੀ ਹਾਥੀ ਲੱਭ ਗਿਆ ਜਾ ਕੇ ਉਥੇ। ਜੇ ਦੂਰ ਛੱਡ ਆਵੇਂ ਤਾਂ ਬਲਾ ਟਲ ਜਾਏਗੀ। ਮਾੜੀ ਮੋਟੀ ਭੁਗਤ ਲਵੇਂਗਾ। ਪਰ ਤੂੰ ਬਚਨ ਨਹੀਂ ਮੰਨਣਾ ਕਿਉਂਕਿ ਕਰਮਾਂ ਦੇ ਅਧੀਨ ਤੇਰੀ ਮੱਤ ਉਹੋ ਜਿਹੀ ਬਣ ਗਈ ਹੈ, ਜਿਹੋ ਜਿਹਾ ਤੈਨੂੰ ਫਲ ਮਿਲੇ। ਸੰਤਾਂ ਦਾ ਕੰਮ ਹੁੰਦਾ ਹੈ ਦੱਸ ਦੇਣਾ, ਪਰ ਮੰਨਣਾ ਜੀਵ ਦਾ ਕਰਮ ਹੈ। ਮੰਨਦਾ ਉਹੀ ਹੈ ਜਿਹਦੇ ਭਲੇ ਦਿਨ ਹੋਣ। ਜਿਹਦੇ ਬੁਰੇ ਦਿਨ ਹੋਣ ਉਹ ਨਹੀਂ ਮੰਨਦਾ।

ਸੋ ਪਿਆਰਿਆ ਇਸ ਹਾਥੀ ਨੇ ਤੈਨੂੰ ਮਾਰ ਦੇਣਾ ਹੈ। ਇਸ ਕਰਕੇ ਅਸੀਂ ਇਹ ਬਚਨ ਕਰਿਆ ਹੈ ਕਿ ਇਹਦੇ ਤੇ ਨਾ ਚੜ੍ਹੀਂ।

ਮਹਾਂਪੁਰਸ਼ ਚਲੇ ਜਾਂਦੇ ਨੇ। ਦੋ ਤਿੰਨ ਮਹੀਨੇ ਬਾਅਦ ਸੰਗਤ ਆਉਂਦੀ ਹੈ। ਇਹ ਜਦ ਹਾਥੀ ਲੈ ਕੇ ਤੁਰਿਆ ਤਾਂ ਬਰਾਬਰ ਬਰਾਬਰ ਤੁਰਿਆ ਜਾਂਦਾ ਹੈ। ਬਾਡੀ ਗਾਰਡ ਕਹਿਣ ਲੱਗੇ ਮਹਾਰਾਜ ਜੀ ਤੁਸੀਂ ਹਾਥੀ ਤੇ ਕਿਉਂ ਨਹੀਂ ਚੜ੍ਹਦੇ।

ਕਹਿੰਦਾ, ਸੰਤਾਂ ਨੇ ਬਚਨ ਕੀਤਾ ਹੈ। ਸੁਣਿਆ ਨਹੀਂ ਸੀ ਤੁਸੀਂ। ਕਹਿੰਦੇ ਅਸੀਂ ਸੁਣ ਵੀ ਲਿਆ ਤੇ ਸਮਝ ਵੀ ਲਿਆ।

ਕਹਿੰਦੇ, ਕੀ ਸੁਣ ਲਿਆ। ਕਹਿੰਦੇ ਉਹਨਾਂ ਨੇ ਤਾਂ ਬਚਨ ਕੀਤਾ ਕਿ ਉਹ ਗੁੱਸੇ ਹੋ ਗਏ ਕਿਉਂਕਿ ਤੁਸੀਂ ਹਾਥੀ ਸਾਹਮਣੇ ਆ ਕੇ ਬਿਠਾਇਆ ਉਹਨਾਂ ਦੇ ਤੇ ਉਹ ਹੋ ਗਏ ਗੁੱਸੇ। ਉਹਨਾਂ ਨੇ ਢੰਗ ਨਾਲ ਹਾਥੀ ਤੋਂ ਛੁਡਾ ਦਿੱਤਾ। ਕਿਉਂਕਿ ਜਿਹੋ ਜਿਹੇ ਆਪ ਸੀ ਉਹੋ ਜਿਹੇ ਹੀ ਮਹਾਤਮਾ ਨੂੰ ਸਮਝਦੇ ਸੀ। ਮਹਾਂਪੁਰਸ਼ਾਂ ਦੀ ਤਾਂ ਹੁੰਦਾ ਹੈ ਸ਼ਬਦ–ਸਿੱਧੀ–

*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥*

*ਅੰਗ - 306*

ਜਿਹੜੀ ਗੱਲ ਸਹਿਜ ਸੁਭਾਅ ਕਰ ਦਿੰਦੇ ਨੇ, ਉਹ ਬਚਨ ਹੀ ਹੋਇਆ ਕਰਦੈ। ਬਚਨ ਪਾਲ ਲਓ ਸੁਖੀ ਰਹਿੰਦੈ। ਬਚਨ ਨਾ ਮੰਨੋ ਦੁਖੀ ਹੋਇਆ ਕਰਦੈ।

ਕਹਿੰਦਾ, ਹਾਂ, ਮੇਰੇ ਵੀ ਮਨ ਨੂੰ ਮੰਨਦੀ ਹੈ ਇਹ ਗੱਲ ਚਲੋ ਬਿਠਾਉ ਹਾਥੀ। ਹਾਥੀ ਬਿਠਾ ਕੇ ਉਪਰ ਚੜ੍ਹ ਗਿਆ। ਭੁੱਲ ਗਿਆ ਥੋੜ੍ਹੇ ਦਿਨਾਂ ਬਾਅਦ।

ਜਦੋਂ ਤਿੰਨ ਮਹੀਨੇ ਬਾਅਦ ਸਾਹਨੇਵਾਲ ਦੀ ਸੰਗਤ ਗਈ ਊਨੇ ਸਾਹਿਬ। ਦਰਸ਼ਨ ਕਰੇ ਤੇ ਦੱਸਿਆ ਕਿ ਮਹਾਰਾਜ ਇਹ ਸਾਰੀ ਸੰਗਤ ਸਾਹਨੇਵਾਲ ਤੋਂ ਆਈ ਹੈ। ਮਹਾਤਮਾ ਨੇ ਕਿਹਾ ਭਾਈ ਇਉ ਦੱਸੋ ਪਹਿਲਾਂ ਸੁਧ ਸਿੰਘ ਦਾ ਕੀ ਹਾਲ ਹੈ?

ਕਹਿਣ ਲੱਗੇ, "ਮਹਾਰਾਜ! ਉਹ ਤਾਂ ਇਕ ਮਹੀਨਾ ਹੋਇਆ ਹਾਥੀ ਨੇ ਮਾਰ ਦਿੱਤਾ।" ਕਹਿੰਦੇ ਅਸੀਂ ਤਾਂ ਬਚਾਉਣ ਦਾ ਯਤਨ ਕਰਿਆ ਸੀ ਪਰ ਜਿਹੜੀ ਭਾਵੀ ਸੀ ਉਹਨੇ ਬਚਣ ਨਹੀਂ ਦਿੱਤਾ।

ਸੋ ਮਹਾਰਾਜ ਇਹ ਕਹਿੰਦੇ ਨੇ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*

*ਅੰਗ - 134*

ਜਿਹੜਾ ਇਥੇ ਬੀਜਾਂਗੇ, ਉਹ ਭੋਗਣਾ ਹੀ ਪੈਣੈ ਤੇ ਫਿਰ ਬੀਜੋ ਚੰਗਾ, ਮਾੜੀਆਂ ਕੰਡਿਆਈ ਕਿਉਂ ਖੰਡਿਆਈ ਹੈ। ਕੰਡੇ ਚੁਭਣਗੇ। ਕੋਈ ਚੰਗੀ ਚੀਜ਼ ਬੀਜੋ ਜਿਹੜੀ ਸਹਾਇਤਾ ਦੇਵੇ। ਉਹ ਕਿਹੜੀ ਹੈ? ਉਹਦੇ ਬਾਰੇ ਮਹਾਰਾਜ ਜੀ ਐਸਾ ਫੁਰਮਾਨ ਕਰਦੇ ਨੇ –

*ਭਾਵ ਅਰਥ - ਕੋਈ ਬੀਜ ਲੈ ਕਿਆਰਾ ਸੱਚੇ ਨਾਮ ਦਾ,*
*ਪਾਪਾਂ ਵਾਲੇ ਖੇਤ ਬੀਜ ਲਏ।*

ਕਹਿਣ ਲੱਗੇ ਪਿਆਰਿਆ! ਨਾਮ ਬੀਜ ਲੈ।

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥ ਅੰਗ - 264*

ਉਹ ਚੀਜ਼ ਬੀਜ ਲੈ ਜਿਹੜੀ ਤੇਰੀ ਸਹਾਇਤਾ ਕਰੇ ਜੇ ਪਾਪ ਬੀਜ ਲਏ ਫਿਰ ਔਖਾ ਹੋ ਜਾਏਂਗਾ।

*ਭਾਵ ਅਰਥ - ਜਿੰਦੇ ਰੋਵੇਂਗੀ ਤੇ ਰੋ ਰੋ ਪਛਤਾਵੇਂਗੀ*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਈ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥ ਅੰਗ - 464*

ਦੋਹਾਂ 'ਚੋਂ ਕੋਈ ਬੀਜ ਲੈ, ਪਾਪ ਬੀਜੇਗਾ ਰੋਣਾ ਪੈ ਜਾਏਗਾ। ਜੇ ਵਾਹਿਗੁਰੂ ਦਾ ਨਾਮ ਬੀਜੇਗਾ ਤਾਂ ਸੁਖਾਲਾ ਰਹੇਗਾ।

ਇਹ ਤਾਂ ਜ਼ਮੀਨ ਬਹੁਤ ਵਧੀਆ ਹੈ। ਫਲ ਬੇਅੰਤ ਲੱਗਦਾ ਹੈ, ਪਾਪ ਦਾ ਫਲ ਬੇਅੰਤ ਲੱਗਦੈ, ਪੁੰਨ ਦਾ ਫਲ ਬਹੁਤ ਲੱਗਦੈ। ਪੁੰਨ ਕਰਿਆਂ, ਬ੍ਰਹਮਗਿਆਨੀ ਨੂੰ ਕੀਤਾ ਹੋਇਆ ਦਾਨ ਲੱਖਾਂ ਗੁਣਾਂ ਫਲਦਾ ਹੈ। ਬੀਜ ਲੈ। ਸੇਵਾ ਬੀਜ ਲੈ।

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਅੰਗ - 26*

ਜਿਹੜੇ ਦੁਨੀਆਂ 'ਚ ਸੇਵਾ ਕਰਦੇ ਨੇ ਗੁਰੂ ਘਰ ਦੀ ਸੇਵਾ ਹੈ, ਵਾਹਿਗੁਰੂ ਦੀ ਸੇਵਾ ਹੈ। ਸੜਕ ਬਣਦੀ ਸੀ, ਬੜੀ ਵੱਡੀ ਸੇਵਾ, ਗੁਰੂ ਘਰ ਦੀ ਸੇਵਾ ਸੀ ਕਿਉਂਕਿ ਪ੍ਰਮੇਸ਼ਰ ਦੇ ਜੀਵਾਂ ਨੇ ਇਹਦੇ ਤੋਂ ਲੰਘਣਾ ਹੈ। ਲੰਗਰ ਦੀ ਸੇਵਾ ਹੈ, ਹੋਰ ਵੀ ਸੇਵਾ ਹੈ। ਕਰਦੇ ਹੋ ਫਲ ਜਰੂਰ ਮਿਲੇਗਾ। ਪਾਪ ਬੀਜਦੇ ਹੋ ਤਾਂ ਪਾਪਾਂ ਦਾ ਫਲ ਮਿਲੇਗਾ।

ਸੋ ਇਸ ਕਰਕੇ ਸੋਚ ਲੈ ਕਿ ਮੈਂ ਬੀਜਣਾ ਕੀ ਹੈ। ਕਿਹੜੀ ਫਸਲ ਬੀਜਣੀ ਹੈ। ਜੇ ਕਿਸਾਨ ਸੋਚੇ ਤੋਂ ਬਗੈਰ ਫਸਲ ਬੀਜਦਾ ਹੈ ਤਾਂ ਉਹਦਾ ਦੀਵਾਲਾ ਪਿਟ ਜਾਂਦੈ। ਘਾਟੇ 'ਚ ਆ ਜਾਂਦਾ ਹੈ, ਕਰਜ਼ਾਈ ਹੋ ਜਾਂਦੈ। ਅਖੀਰ ਜ਼ਮੀਨਾਂ ਵੇਚਦਾ ਹੈ। ਸੋ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*

*ਅੰਗ - 134*

*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥*

*ਅੰਗ - 134*

ਜੇ ਕੋਈ ਚੀਜ਼ ਰੱਖਦੀ ਹੈ ਤਾਂ ਗੁਰੂ ਦਾ ਪਿਆਰ ਰਖਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਸਮਝਣ ਦੀ ਲੋੜ ਹੈ ਕਿ ਕੀ ਕਰਿਆ ਜਾਵੇ ਜਿਹਦੇ ਨਾਲ ਅਸੀਂ ਸੁਖਾਲੇ ਰਹੀਏ। ਇਹ ਬਾਰ ਬਾਰ ਮਾਨਸ ਦੇਹੀ ਨਹੀਂ ਮਿਲਣੀ।

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 12*

ਜਪ ਲੈ ਜੇ ਜਪਿਆ ਜਾਂਦੈ, ਜੇ ਨਹੀਂ ਜਪਦਾ ਪਿਆਰਿਆ ਫਿਰ ਤੂੰ ਸਾਡੀ ਇਕ ਗੱਲ ਦਾ ਜਵਾਬ ਦੇਹ।

*ਭਾਵ ਅਰਥ - ਕਾਹਨੂੰ ਜੰਮਣਾ ਸੀ*
*ਭਗਤੀ ਤੋਂ ਹੀਣਿਆ ਓਏ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥*

*ਅੰਗ - 450*

ਕਹਿੰਦੇ ਫਿਰ ਤੇਰੇ ਆਉਣ ਦਾ ਕੀ ਫਾਇਦਾ? ਜੇ ਪਾਪ ਬੀਜਣ ਵਾਸਤੇ ਜਨਮ ਲਿਆ ਸੀ, ਪ੍ਰਮੇਸ਼ਰ ਨੂੰ ਭੁੱਲੇ ਰਹਿਣ ਵਾਸਤੇ ਜਨਮ ਲਿਆ ਸੀ ਤਾਂ ਤੇਰਾ ਜਨਮ ਬਿਰਥਾ ਚਲਾ ਗਿਆ। ਕਿਸੇ ਕੰਮ ਨਾ ਆਇਆ।

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥ ਅੰਗ - 251*

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥*

*ਅੰਗ - 251*

ਬੀਜ ਲੈ ਨਾਮ –

*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥*

*ਅੰਗ - 134*

ਸ਼ਰਨ ਲੈ ਲਵੇ। ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੇ ਚਰਨ ਨੇ ਨਾਮ ਜਪਣਾ। ਮੰਤਰ ਦਾ ਜਾਪ ਕਰਨਾ। ਇਹ ਜਹਾਜ਼ਾਂ ਹੈ। ਪੁਰਾਣੇ ਜਮਾਨਿਆਂ ਵਿਚ ਸ਼ਬਦ ਪੜ੍ਹਦੇ ਹੁੰਦੇ ਸੀ, 'ਸਾਡੇ ਗੁਰਾਂ ਨੇ ਜਹਾਜ ਬਣਾਇਆ ਆਓ ਸਿੰਘੋ ਪਾਰ ਲੰਘੀਏ' "ਵਾਹਿਗੁਰੂ ਨਾਮ ਜਹਾਜ ਹੈ ਚੜ੍ਹੇ ਸੋ ਉਤਰੇ ਪਾਰ"

ਕਹਿੰਦੇ ਇਸ ਜਹਾਜ਼ 'ਚ ਬਹਿ ਜਾਓ ਫਿਰ ਲੰਘ ਜਾਓਗੇ।

*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥*

*ਅੰਗ - 134*

ਗੁਰੂ ਦਾ ਜਿਹੜਾ ਪਿਆਰ ਹੈ ਨਾ, ਇਹ ਨਰਕ ਵਿਚ ਨਹੀਂ ਕਦੇ ਜਾਣ ਦੇਵੇਗਾ। ਦੂਰ ਦਰਾਜ਼ ਤੋਂ ਆਪ ਆਏ ਹੋ। ਖੇਚਲ ਝੱਲੀ ਹੈ। ਮੌਸਮ ਬੜਾ ਖਰਾਬ ਸੀ। ਫਿਰ ਵੀ ਬੇਅੰਤ ਸੰਗਤ ਪਹੁੰਚੀ ਹੈ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਜਿਹੜੇ ਪ੍ਰੇਮੀ ਹਾਲੇ ਤੱਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਵੋ।

–ਗੁਰੂ ਸਤੋਤਰ–

–ਅਰਦਾਸ–

# ਚੜ੍ਹਦੀ ਕਲਾ

*ਰਘਬੀਰ ਸਿੰਘ 'ਬੀਰ'*

## ਰੱਬ ਦੀ ਹੋਂਦ

ਭਾਵੇਂ ਰੱਬ ਦੀ ਹੋਂਦ ਸਬੰਧੀ ਅਸਲ ਯਕੀਨ ਸਿਮਰਨ ਅਭਿਆਸ ਦਵਾਰਾ ਪ੍ਰਤੱਖ ਦੇਖੇ ਬਿਨਾਂ ਨਹੀਂ ਆ ਸਕਦਾ, ਫਿਰ ਵੀ, ਅਕਲ ਦਲੀਲ ਉਸ ਦੀ ਹੋਂਦ ਸਿੱਧ ਕਰਨ ਵਿਚ ਕਿਸੇ ਹੱਦ ਤਕ ਜ਼ਰੂਰ ਮਦਦ ਕਰਦੇ ਹਨ।

ਘੜੀ ਨੂੰ ਦੇਖ ਕੇ ਜਿਵੇਂ ਕੋਈ ਘੜੀਆਂ ਬਨਾਣ ਦਾ ਕਾਰਖਾਨਾ ਸਾਬਤ ਹੁੰਦਾ ਹੈ ਅਤੇ ਕਾਰਖਾਨਾ ਜਿਵੇਂ ਉਸ ਦੇ ਬਨਾਣ ਵਾਲੇ ਕਿਸੇ ਇਨਸਾਨੀ ਦਿਮਾਗ ਨੂੰ ਸਿੱਧ ਕਰਦਾ ਹੈ, ਉਸੇ ਤਰ੍ਹਾਂ ਇਸ ਜਗਤ ਰਚਨਾ ਨੂੰ ਦੇਖ ਕੇ ਇਨਸਾਨ ਦੀ ਸੋਚ ਨੂੰ ਵੀ ਏਸ ਨਤੀਜੇ ਤੇ ਪਹੁੰਚਣਾ ਪੈਂਦਾ ਹੈ ਕਿ ਇਸ ਦਾ ਕਰਤਾ ਕੋਈ ਨਾ ਕੋਈ ਜ਼ਰੂਰ ਹੋਣਾ ਹੈ।

ਜਦ ਅਸੀਂ ਕਿਸੇ ਆਲੀਸ਼ਾਨ ਬਿਲਡਿੰਗ ਨੂੰ ਦੇਖੀਏ ਤਾਂ ਉਸ ਦੇ ਬਨਾਉਣ ਵਾਲੇ ਰਾਜ ਮਜ਼ਦੂਰਾਂ ਤੋਂ ਇਲਾਵਾ ਉਸਦਾ ਨਕਸ਼ਾ, ਉਸ ਦਾ ਡੀਜ਼ਾਇਨ ਬਨਾਉਣ ਵਾਲੇ ਕਿਸੇ ਇੰਜਨੀਅਰ ਦਾ ਦਿਮਾਗ ਮੰਨਣਾ ਪੈਂਦਾ ਹੈ, ਏਸੇ ਤਰ੍ਹਾਂ ਸਾਰੇ ਬ੍ਰਹਿਮੰਡ ਨੂੰ ਦੇਖ ਕੇ ਸਾਡੀ ਵਿਚਾਰ ਸਾਨੂੰ ਇਹ ਮੰਨਣ ਤੇ ਮਜ਼ਬੂਰ ਕਰਦੀ ਹੈ ਕਿ ਜਗਤ ਨੂੰ ਰਚਣ ਵਾਲਾ ਕੋਈ ਸਿਰਫ ਹੈ ਹੀ ਨਹੀਂ, ਸਗੋਂ ਉਹ ਕੋਈ ਦਿਮਾਗ ਵਾਲੀ, ਸੋਚ ਸਮਝ ਵਾਲੀ, ਚੇਤਨ ਹਸਤੀ ਹੈ।

ਸਿਤਾਰਿਆਂ ਦੇ ਇਲਮਦਾਨਾਂ ਨੇ ਹੁਣ ਇਹ ਸਿੱਧ ਕੀਤਾ ਹੈ ਕਿ ਸਿਤਾਰੇ ਆਪ ਮੁਹਾਰੇ ਬਗੈਰ ਕਿਸੇ ਤਰਤੀਬ ਜਾਂ ਹਿਸਾਬ ਦੇ ਨਹੀਂ ਉਡ ਰਹੇ, ਇਨ੍ਹਾਂ ਦੀ ਉਡਾਰੀ ਹਿਸਾਬ (Mathematics) ਦੇ ਪੂਰਨ ਨਿਯਮਾਂ ਅਨੁਸਾਰ ਹੈ। ਇਸ ਵਾਸਤੇ ਇਸ ਦਾ ਰਚਨਹਾਰ ਕੋਈ ਪੂਰਾ ਹਿਸਾਬਦਾਨ ਹੋਣਾ ਜ਼ਰੂਰੀ ਹੈ।

ਸਿਤਾਰਿਆਂ ਦੀ ਗਰਦਸ਼ ਜਾਂ ਚਾਲ ਨੂੰ ਸਮਝਣ ਵਾਸਤੇ ਇਨਸਾਨ ਨੇ ਕਈ ਤਜਰਬੇ ਕੀਤੇ ਹਨ ਅਤੇ ਉਹ ਮੈਗਨਾਟਾਈਜ਼ਡ (Magnatized) ਕਮਰੇ ਵਿਚ ਲੋਹੇ ਦੇ ਗੋਲੇ ਉਡਾਉਣ ਵਿਚ ਕਾਮਯਾਬ ਵੀ ਹੋ ਗਿਆ ਹੈ, ਪਰ ਦੋ ਜਾਂ ਤਿੰਨਾਂ ਲੋਹੇ ਦੇ ਗੋਲਿਆਂ ਦੀ ਰਫ਼ਤਾਰ ਜਾਂ ਚਾਲ ਤਾਂ ਇਸ ਹਿਸਾਬ ਨਾਲ ਬੰਨ੍ਹ ਸਕਿਆ ਹੈ ਜੋ ਹਮੇਸ਼ਾ ਉਡਦੇ ਰਹਿਣ ਅਤੇ ਆਪਸ ਵਿਚ ਕਦੀ ਟੱਕਰ ਨਾ ਖਾਣ, ਪਰ ਇਸ ਤੋਂ ਵੱਧ ਉਸ ਦਾ ਦਿਮਾਗ ਕੰਮ ਨਹੀਂ ਕਰ ਸਕਿਆ। ਏਥੇ ਪਹੁੰਚ ਕੇ ਇਨਸਾਨੀ ਦਿਮਾਗ ਨੂੰ ਕਿਸੇ ਆਪਣੇ ਤੋਂ ਬੇਅੰਤ ਗੁਣਾਂ ਪੂਰਨ ਦਿਮਾਗ ਦਾ ਅਨੁਮਾਨ ਜਾਂ ਖੁਰਾ ਮਿਲਦਾ ਹੈ। ਸਾਡੇ ਆਪਣੇ ਸਿਤਾਰਿਆਂ ਦੇ ਜੱਥੇ (Solar System) ਤੋਂ ਇਲਾਵਾ ਬੇਸ਼ੁਮਾਰ ਹੋਰ ਸਿਤਾਰਿਆਂ ਦੇ ਗਰੁੱਪ ਜਾਂ ਟੋਲੇ ਐਸੇ ਹਨ ਜੋ ਇਕ ਦੂਸਰੇ ਤੋਂ ਬਿਲਕੁਲ ਖੁਦਮੁਖਤਿਆਰ ਰਹਿੰਦੇ ਹੋਏ ਕਦੀਮੀ ਬੱਧੀ ਚਾਲ ਜਾਂ ਨਿਯਮਾਂ ਅਨੁਸਾਰ ਗਰਦਸ਼ ਕਰ ਰਹੇ ਹਨ। ਮੌਜੂਦਾ ਸਿਤਾਰਿਆਂ ਦੀ ਸਾਇੰਸ ਦਾ ਇਹ ਸਾਬਤ ਕਰਨਾ ਕਿ ਏਸ ਬ੍ਰਹਿਮੰਡ ਵਿਚ ਅਨੇਕਾਂ ਸ੍ਰਿਸ਼ਟੀਆਂ ਹਨ, ਜਿਨ੍ਹਾਂ ਦੇ ਆਪਣੇ-ਆਪਣੇ (Solar System) ਜਾਂ ਸਿਤਾਰਿਆਂ ਦੇ ਗਰੁੱਪ, ਅਲਹਿਦਾ ਹਨ। ਅਲਹਿਦਾ ਸੂਰਜ ਤੇ ਉਨ੍ਹਾਂ ਸੂਰਜਾਂ ਦੇ ਇਰਦ-ਗਿਰਦ ਭੌਣ ਵਾਲੇ ਅਲਹਿਦਾ ਚੰਦ ਤੇ ਤਾਰੇ ਸਾਨੂੰ ਏਸ ਬੇਅੰਤ ਰਚਨਾ ਦੇ ਪਿਛੇ ਇਸ ਦੀ ਤਹਿ ਵਿਚ ਕੰਮ ਕਰ ਰਹੀ ਕਿਸੇ ਪੂਰਨ ਦਿਮਾਗ ਵਾਲੀ, ਸੋਚ ਸਮਝ ਵਾਲੀ ਚੇਤਨ ਕਲਾ ਦੀ ਹੋਂਦ ਨੂੰ ਮੰਨਣ ਵਾਸਤੇ ਮਜ਼ਬੂਰ ਕਰਦੇ ਹਨ।

ਜਿਸ ਤਰ੍ਹਾਂ ਘੜੀ ਦਾ ਹੋਣਾ, ਆਲੀਸ਼ਾਨ ਬਿਲਡਿੰਗ ਦਾ ਹੋਣਾ, ਉਨ੍ਹਾਂ ਦੇ ਬਨਾਣ ਵਾਲਿਆਂ, ਉਨ੍ਹਾਂ ਦੇ ਘੜਨ ਵਾਲਿਆਂ ਦੀ ਹੋਂਦ ਨੂੰ ਸਾਬਤ ਕਰਦਾ ਹੈ, ਉਸੇ ਤਰ੍ਹਾਂ ਇਸ ਜਗਤ ਰਚਨਾ ਦਾ ਹੋਣਾ, ਇਸ ਵਿਚ ਜੀਉਂਦੇ ਜਾਗਦੇ ਸੋਚ ਤੇ ਵਿਚਾਰ ਵਾਲੇ ਇਨਸਾਨ ਦਾ ਹੋਣਾ ਹੀ ਇਸ ਬਾਤ ਦੀ ਭਾਰੀ ਦਲੀਲ ਹੈ ਕਿ ਇਸ ਰਚਨਾ ਦਾ ਕੋਈ ਰਚਨਹਾਰ ਹੈ, ਇਸ ਇਨਸਾਨ ਦਾ ਕੋਈ ਸਿਰਜਨਹਾਰ ਹੈ।

ਇਕ ਯਾਦ ਵਿਚ ਰੰਗੇ ਮਹਾਂਪੁਰਖ ਤੋਂ ਪੁਛਣ ਤੇ ਕਿ 'ਰੱਬ ਨੂੰ ਸਾਬਤ ਕਰੋ?' ਆਪ ਨੇ ਮੁਸਕਰਾ ਕੇ ਆਖਿਆ - ਜਿਵੇਂ ਲਹਿਰਾਂ ਸਮੁੰਦਰ ਦੀ ਹਸਤੀ ਸਾਬਤ ਕਰਦੀਆਂ ਹਨ, ਮੇਰਾ ਹੋਣਾ ਹੀ ਮੇਰੇ ਰੱਬ ਦੇ ਹੋਣ ਦਾ ਸਭ ਤੋਂ ਵੱਡਾ ਸਬੂਤ ਹੈ।

## ਮਜ਼੍ਹਬ

ਮਜ਼੍ਹਬ ਜੀਵਨ ਦੇ ਹਰ ਪਾਸੇ ਨੂੰ ਕਾਮਯਾਬ ਬਣਾਨ ਵਿਚ ਸਹਾਇਤਾ ਕਰਦਾ ਹੈ। ਇਸ ਵਰਗਾ ਮਿਤਰ ਨਾ ਪਿਤਾ, ਨਾ ਮਾਤਾ, ਨਾ ਭੈਣ, ਨਾ ਸਾਕ, ਨਾ ਦੋਸਤ ਕੋਈ ਨਹੀਂ। ਇਹ ਉਹ ਮਿੱਤਰ ਹੈ ਜੋ ਇਨਸਾਨ ਨਾਲ ਲੋਕ-ਪਰਲੋਕ, ਹਰ ਥਾਂ ਮਿਤਰਤਾ ਪਾਲਦਾ ਹੈ। ਦੁਖਾਂ ਦੇ ਸਮੇਂ ਚੜ੍ਹਦੀ ਕਲਾ ਵਿਚ ਲੈ ਜਾਂਦਾ ਹੈ ਅਤੇ ਸੁੱਖਾਂ ਦੇ ਸਮੇਂ ਨਿਰਮਾਣ ਬਣਨ ਵਾਸਤੇ ਪ੍ਰੇਰਦਾ ਹੈ। ਜ਼ਿੰਦਗੀ ਨੂੰ ਇਕ ਰਸ ਤੇ ਅਡੋਲ ਬਣਾਂਦਾ ਹੈ। ਇਨਸਾਨ ਨੂੰ ਰੱਬੀ ਨਿਗ੍ਹਾ ਨਾਲ ਵੇਖਣ ਅਤੇ ਅਰਸ਼ੀ ਜੀਵਨ ਬਤੀਤ ਕਰਨ ਦੇ ਯੋਗ ਕਰਦਾ ਹੈ।

ਘਰ ਦੇ ਜੀਵਨ ਵਿਚ ਇਹ ਇਨਸਾਨ ਨੂੰ ਆਦਰਸ਼ਕ ਪਤੀ, ਆਦਰਸ਼ਕ ਪਤਨੀ, ਆਦਰਸ਼ਕ ਪਿਤਾ, ਆਦਰਸ਼ਕ ਮਾਤਾ, ਆਦਰਸ਼ਕ ਭੈਣ, ਆਦਰਸ਼ਕ ਭਰਾ ਬਣਨ ਦਾ ਵਲ ਦਸਦਾ ਹੈ।

ਭਾਈਚਾਰਕ ਜੀਵਨ ਵਿਚ ਇਹ ਸੇਵਾ, ਪਰਉਪਕਾਰ,

ਨੇਕੀ, ਪਿਆਰ, ਸਮਾਨਤਾ, ਹਮਦਰਦੀ, ਕੁਰਬਾਨੀ ਆਦਿ ਉਚੇ ਜਜ਼ਬੇ ਪੈਦਾ ਕਰਕੇ ਇਨਸਾਨ ਨੂੰ ਆਦਰਸ਼ਕ ਸ਼ਹਿਰੀ ਬਣਨਾ ਸਿਖਾਂਦਾ ਹੈ।

ਆਤਮਕ ਜੀਵਨ ਵਿਚ ਇਹ ਇਨਸਾਨ ਨੂੰ ਫਰਿਸ਼ਤਾ, ਕਾਇਰ ਨੂੰ ਸੂਰਮਾ, ਮੂੜ੍ਹ ਨੂੰ ਗਿਆਨਵਾਨ ਅਤੇ ਅੰਧੇ ਨੂੰ ਸੁਜਾਖਾ ਬਣਾ ਦੇਂਦਾ ਹੈ ਤੇ ਆਦਮੀ ਦੀ ਕਾਇਆ ਪਲਟ ਦੇਂਦਾ ਹੈ। ਇਸ ਦੀਆਂ ਅੰਤਰ ਸ਼ਕਤੀਆਂ ਜਗਾ ਕੇ ਇਨਸਾਨ ਨੂੰ ਕਾਇਨਾਤ ਦਾ ਅਸਲੀ ਅਰਥਾਂ ਵਿਚ ਸਰਦਾਰ ਬਣਾਂਦਾ ਹੈ, ਉਸ ਨੂੰ ਨਿਰਵੈਰ ਅਤੇ ਨਿਰਭੈ ਕਰਦਾ ਹੈ। ਇਨਸਾਨ ਨੂੰ ਉਸ ਦੀ ਅਸਲੀਅਤ ਸਮਝਾ ਕੇ ਪੂਰਨ ਪੁਰਸ਼ ਬਣਾਂਦਾ ਹੈ, ਉਸ ਨੂੰ ਉਹ ਗੁਰ ਜਾਂ ਫਾਰਮੂਲਾ ਦਸਦਾ ਹੈ ਜਿਸ ਦੀ ਸਹਾਇਤਾ ਨਾਲ ਉਹ ਜੀਵਨ ਨੂੰ ਹਰ ਪਾਸੇ ਤੋਂ ਕਾਮਯਾਬ ਬਣਾ ਸਕੇ, ਜੀਵਨ ਦੀ ਅਸਲੀਅਤ ਨੂੰ ਖੋਹਲ ਕੇ ਇਹ ਮੌਤ ਦਾ ਡਰ ਦੂਰ ਕਰਦਾ ਹੈ। ਪਾਪ, ਡਰ, ਥੋੜ, ਚਿੰਤਾ, ਬੀਮਾਰੀ ਉਤੇ ਇਨਸਾਨ ਨੂੰ ਕਾਬੂ ਪਾਣ ਦੇ ਤਰੀਕੇ ਦਸਦਾ ਹੈ। ਬੰਦੇ ਨੂੰ ਸਾਹਿਬੀ ਦਰਜੇ ਤੇ ਪਹੁੰਚਾ ਦੇਣਾ ਕੇਵਲ ਮਜ਼੍ਹਬ ਦਾ ਹੀ ਕੰਮ ਹੈ। ਇਹ ਆਦਮੀ ਨੂੰ ਅਕਾਲ ਪੁਰਖ ਨਾਲ ਜੋੜ ਕੇ ਐਸਾ ਇਕਸੁਰ ਕਰਦਾ ਹੈ ਕਿ ਉਹ ਆਪਣੇ ਆਪ ਨੂੰ ਅਕਾਲ ਪੁਰਖ ਦਾ ਪੁੱਤਰ ਜਾਂ ਨੁਮਾਇੰਦਾ ਸਮਝਣ ਲਗ ਜਾਂਦਾ ਹੈ ਅਤੇ ਸ੍ਰਿਸਟੀ ਤੇ ਸਦਾ ਪਾਤਸ਼ਾਹ ਬਣ ਕੇ ਵਿਚਰਦਾ ਹੈ।

ਸੰਸਾਰ ਵਿਚ ਅਗਰ ਸੱਚੇ ਅਰਥਾਂ ਵਿਚ ਕੋਈ ਚੰਗੀ ਚੀਜ਼ ਹੈ ਤਾਂ ਉਹ ਮਜ਼੍ਹਬ ਹੈ। ਮੈਂ ਮੰਨਦਾ ਹਾਂ ਕਿ ਹਰ ਚੰਗੀ ਚੀਜ਼ ਦਾ ਮੂਰਖ ਲੋਕ ਗ਼ਲਤ ਇਸਤੇਮਾਲ ਕਰ ਸਕਦੇ ਹਨ ਅਤੇ ਮਜ਼੍ਹਬ ਦਾ ਵੀ ਖੁਦਗਰਜ਼, ਅਨਜਾਣ ਤੇ ਛੋਟੀ ਦ੍ਰਿਸ਼ਟੀ ਦੇ ਲੋਕਾਂ ਨੇ ਕਈ ਵਾਰੀ ਨਾਮੁਨਾਸਬ ਇਸਤੇਮਾਲ ਕੀਤਾ ਹੈ। ਪਰ ਇਸ ਕਰਕੇ ਮਜ਼੍ਹਬ ਦੀ ਅਸਲੀ ਕੀਮਤ (Intrinsic value) ਵਿਚ ਕੋਈ ਫ਼ਰਕ ਨਹੀਂ ਆ ਸਕਦਾ।

ਮਿਸ ਮਿਓ ਨੇ ਹਿੰਦੁਸਤਾਨ ਬਾਰੇ ਕੇਵਲ ਮਾੜੀਆਂ ਹੀ ਗੱਲਾਂ ਲਿਖ ਕੇ ਜਿਵੇਂ ਆਪਣੀ ਤੰਗ-ਦਿਲੀ ਤੇ ਛੋਟੇ-ਪਨ ਦਾ ਸਬੂਤ ਦਿਤਾ ਸੀ; ਉਸੇ ਤਰ੍ਹਾਂ ਮਜ਼੍ਹਬ ਦੇ ਨੁਕਤਾਚੀਨ ਸਿਰਫ ਮਜ਼੍ਹਬ ਦੇ ਨਾਮ ਉਤੇ ਹੋਈਆਂ ਅਨਜਾਣ ਜਾਂ ਖੁਦਗਰਜ਼ ਲੋਕਾਂ ਦੀਆਂ ਭੁੱਲਾਂ ਉਤੇ ਜ਼ੋਰ ਦੇ ਕੇ ਮਜ਼੍ਹਬ ਨਾਲ ਭਾਰੀ ਬੇਇਨਸਾਫ਼ੀ ਹੀ ਨਹੀਂ ਕਰਦੇ ਸਗੋਂ ਆਪਣੇ ਆਪ ਨੂੰ ਤੰਗ-ਦਿਲ ਅਤੇ ਛੋਟੀ ਦ੍ਰਿਸ਼ਟੀ ਵਾਲਾ ਇਨਸਾਨ ਵੀ ਸਾਬਤ ਕਰਦੇ ਹਨ।

ਇਨਸਾਨ ਨੂੰ ਸੁਖੀ ਬਨਾਣ ਵਾਸਤੇ, ਦੁਖਾਂ ਵਿਚ ਧੀਰਜ ਦਿਲਾਣ ਵਾਸਤੇ, ਮੁਸੀਬਤਾਂ ਦਾ ਮੁਕਾਬਲਾ ਕਰਨ ਵਾਸਤੇ; ਇਸ ਨੂੰ ਸੱਚੀ ਸ਼ਾਂਤੀ ਦਿਲਾਣ ਵਾਸਤੇ, ਜੋ ਮਜ਼੍ਹਬ ਨੇ ਕੀਤਾ ਹੈ, ਉਹ ਐਸਾ ਰੀਕਾਰਡ ਹੈ ਜੋ ਸੂਰਜ ਦੀ ਤਰ੍ਹਾਂ ਕਦੀ ਮਾਤ ਨਹੀਂ ਪਵੇਗਾ।

ਮਜ਼੍ਹਬ ਨੇ ਅਰਬਾਂ ਰੁਪਏ ਅਮੀਰਾਂ ਦੀ ਜੇਬ ’ਚੋਂ ਕੱਢ ਕੇ ਗਰੀਬਾਂ ਅਨਾਥਾਂ ਦੇ ਫ਼ਾਇਦੇ ਵਿਚ ਖਰਚ ਕਰਾਏ ਹਨ, ਕ੍ਰੋੜਾਂ ਵਿਧਵਾਵਾਂ ਦੇ ਅੱਥਰੂ ਪੂੰਝੇ ਹਨ, ਬੇਸ਼ੁਮਾਰ ਨਿਆਸਰਿਆਂ ਨੂੰ ਆਸਰਾ ਦਿਤਾ ਹੈ, ਅਨੇਕਾਂ ਅਸ਼ਾਂਤ ਹਿਰਦਿਆਂ ਨੂੰ ਸਦੀਵੀ ਸ਼ਾਂਤੀ ਬਖਸ਼ੀ ਹੈ। ਇਸ ਨੇ ਅਨੇਕਾਂ ਹਸਪਤਾਲ ਖੋਲ੍ਹੇ ਹਨ ਤੇ ਅਨੇਕਾਂ ਖੈਰਾਇਤੀ ਸਭਾ ਸੁਸਾਇਟੀਆਂ ਕਾਇਮ ਕੀਤੀਆਂ ਹਨ।

ਭਾਵੇਂ ਚਲਾਕ ਨਾਸਤਕਾਂ ਨੇ ਅਨਜਾਣ ਆਸਤਕਾਂ ਦੀਆਂ ਭੁੱਲਾਂ ਤੇ ਜ਼ੋਰ ਦੇ ਕੇ ਮਜ਼੍ਹਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਇਨਸਾਨ ਦੀ ਬਹੁ-ਗਿਣਤੀ ਦੇ ਜੀਵਨ ਵਿਚ ਅਜੇ ਵੀ ਮਜ਼੍ਹਬ ਇਕ ਜੀਉਂਦੀ ਜਾਗਦੀ ਸ਼ਕਤੀ (Living force) ਬਣ ਕੇ ਅਗਵਾਈ ਕਰ ਰਿਹਾ ਹੈ।

ਮਜ਼੍ਹਬ ਦੀ ਇਨਸਾਨ ਨੂੰ ਸੰਤੁਸ਼ਟ ਤੇ ਸੁਖੀ ਬਨਾਣ ਵਾਸਤੇ ਉਤਨੀ ਹੀ ਜ਼ਰੂਰਤ ਹੈ ਜਿਤਨੀ ਉਸ ਦੇ ਕਾਇਮ ਰਹਿਣ ਵਾਸਤੇ ਹਵਾ, ਪਾਣੀ ਤੇ ਖੁਰਾਕ।

## ਸੁਖ ਦੁਖ

ਦੁਨੀਆਂ ਤੇ ਜੋ ਸੁਖ ਜਾਂ ਦੁਖ ਨਜ਼ਰ ਆਉਂਦਾ ਹੈ, ਉਸ ਦਾ ਕਰਤਾ ਸਿਵਾਏ ਆਦਮੀ ਦੇ ਹੋਰ ਕੋਈ ਨਹੀਂ। ਅਕਾਲ ਪੁਰਖ ਦਾ ਸ੍ਰਿਸ਼ਟੀ ਨੂੰ ਰਚਨ ਦਾ ਭਾਵ ਇਸ ਵਿਚ ਰਹਿਣ ਵਾਲੇ ਜੀਅ ਜੰਤ ਨੂੰ ਖੁਸ਼ ਤੇ ਪ੍ਰਫੁਲਤ ਦੇਖਣਾ ਹੈ। ਇਸਨਾਨ ਦੁਖੀ ਹਮੇਸ਼ਾ ਆਪਣੀ ਬੇਵਕੂਫੀ ਜਾਂ ਅਨਜਾਣਤਾ ਕਰਕੇ ਹੁੰਦਾ ਹੈ। ਕੁਦਰਤ ਨੇ ਦੁਨੀਆਂ ਵਿਚ ਅਨੇਕਾਂ ਚੀਜ਼ਾਂ ਪੈਦਾ ਕੀਤੀਆਂ ਹਨ, ਜਿਨ੍ਹਾਂ ਦੇ ਠੀਕ ਇਸਤੇਮਾਲ ਨਾਲ ਇਨਸਾਨ ਸੁਖੀ ਤੇ ਗਲਤ ਇਸਤੇਮਾਲ ਨਾਲ ਦੁਖੀ ਹੰਦਾ ਹੈ। ਧਿਆਨ ਨਾਲ ਦੇਖਿਆਂ ਹਰ ਇਕ ਸੁਖ ਦੀ ਤਹਿ ਵਿਚ ਅਕਾਲ ਪੁਰਖ ਦੇ ਨਿਯਮਾਂ ਦੀ ਪਾਲਣਾ ਤੇ ਦੁਖ ਵਿਚ ਉਸ ਦੇ ਨਿਯਮਾਂ ਦੀ ਉਲੰਘਣਾ ਨਜ਼ਰ ਆਵੇਗੀ।

ਇਕ ਪਿਤਾ ਆਪਣੀ ਦੌਲਤ ਵਿਚੋਂ ਆਪਣੇ ਚਾਰ ਪੁੱਤਰਾਂ ਨੂੰ ਇਕ-ਇਕ ਲੱਖ ਰੁਪਿਆ ਦੇਂਦਾ ਹੈ ਅਤੇ ਨਾਲ ਹੀ ਆਪਣੀ ਰਾਏ ਤੇ ਤਜਰਬਾ ਵੀ ਸਭ ਪੁੱਤਰਾਂ ਦੇ ਪੇਸ਼ ਕਰਦਾ ਹੈ, ਜਿਸ ਨਾਲ ਉਹ ਰੁਪਏ ਨੂੰ ਚੰਗੇ ਤਰੀਕਿਆਂ ਵਿਚ ਵਰਤ ਕੇ ਸੁਖੀ ਬਣ ਸਕਣ।

ਇਕ ਪੁੱਤਰ ਆਪਣੇ ਪਿਤਾ ਦੀ ਸਿਖਸ਼ਾ ਅਨੁਸਾਰ ਰੁਪਏ ਨੂੰ ਕਾਰੋਬਾਰ ਵਿਚ ਲਗਾਂਦਾ ਅਤੇ ਲੱਖ ਰੁਪਏ ਨਾਲ ਕਈ ਲੱਖ ਹੋਰ ਪੈਦਾ ਕਰਕੇ ਬੜਾ ਧਨੀ ਹੋ ਜਾਂਦਾ ਹੈ। ਦੂਸਰਾ ਪੁੱਤਰ ਵੀ ਆਪਣੇ ਪਿਤਾ ਦੀ ਸਿਖਸ਼ਾ ਅਨੁਸਾਰ ਆਪਣੇ ਲੱਖ ਰੁਪਏ ਨਾਲ ਹਸਪਤਾਲ ਤੇ ਸਕੂਲ ਉਸਾਰਦਾ ਹੈ। ਸਕੂਲ ਵਿਚ ਬੱਚਿਆਂ ਨੂੰ ਪੜ੍ਹਾਂਦਾ ਤੇ ਹਸਪਤਾਲ ਵਿਚ ਬੀਮਾਰਾਂ ਦੀ ਸੇਵਾ ਕਰਦਾ ਹੈ। ਇਸ ਤਰ੍ਹਾਂ ਉਹ ਆਪਣਾ ਜੀਵਨ ਨੇਕੀ ਤੇ ਪਰਉਪਕਾਰ ਵਿਚ ਲਗਾਂਦਾ ਹੈ। ਤੀਸਰਾ

ਲੜਕਾ ਪਿਤਾ ਦੀ ਸਿਖਸ਼ਾ ਦੀ ਪਰਵਾਹ ਨਹੀਂ ਕਰਦਾ ਅਤੇ ਆਪਣੇ ਲੱਖ ਰੁਪਏ ਨਾਲ ਡਾਕੂਆਂ ਦੀ ਟੋਲੀ ਤਿਆਰ ਕਰਕੇ ਡਾਕੇ ਮਾਰਨੇ ਸ਼ੁਰੂ ਕਰ ਦੇਂਦਾ ਹੈ। ਪੁਲੀਸ ਹਰ ਵਕਤ ਉਸ ਦੀ ਤਲਾਸ਼ ਵਿਚ ਰਹਿੰਦੀ ਹੈ, ਜਿਸ ਕਰਕੇ ਉਹ ਆਪਣੀ ਰਿਹਾਇਸ਼ ਜੰਗਲਾਂ ਜਾਂ ਪਹਾੜਾਂ ਦੀਆਂ ਗ਼ਾਰਾਂ ਵਿਚ ਲੈ ਜਾਂਦਾ ਹੈ।

ਸ਼ਹਿਰਾਂ ਵਿਚ ਲੁਕ-ਛਿਪ ਕੇ ਆਉਂਦਾ ਹੈ ਤੇ ਰਸਤਿਆਂ ਵਿਚ ਮੁਸਾਫਰਾਂ ਨੂੰ ਲੁੱਟਦਾ ਹੈ। ਚੌਥਾ ਪੁੱਤਰ ਵੀ ਪਿਤਾ ਦੀ ਸਿਖਸ਼ਾ ਤੋਂ ਮੂੰਹ ਮੋੜ ਕੇ ਆਪਣੇ ਲੱਖ ਰੁਪਏ ਨਾਲ ਅੱਯਾਸ਼ੀ ਕਰਦਾ, ਜੂਆ ਖੇਡਦਾ ਤੇ ਸ਼ਰਾਬ ਪੀਂਦਾ ਹੈ। ਐਸ਼ੋ-ਇਸ਼ਰਤ ਵਿਚ ਸਾਰਾ ਰੁਪਿਆ ਵੀ ਗੁਆ ਦੇਂਦਾ ਹੈ ਅਤੇ ਆਪਣੀ ਸਿਹਤ ਵੀ ਬਰਬਾਦ ਕਰ ਲੈਂਦਾ ਹੈ।

ਪਿਤਾ ਨੇ ਚਵਾਂ ਪੁੱਤਰਾਂ ਨੂੰ ਇਕੋ ਜਿਹਾ ਰੁਪਿਆ ਦਿਤਾ ਸੀ। ਉਸ ਦੀ ਖਾਹਿਸ਼ ਵੀ ਇਹ ਸੀ ਕਿ ਉਸ ਦੇ ਪੁੱਤਰ ਉਸ ਰੁਪਏ ਨਾਲ ਸੁਖੀ ਵਸਣ, ਪਰ ਆਪਣੀ ਸਮਝ ਅਨੁਸਾਰ ਚਵਾਂ ਪੁੱਤਰਾਂ ਨੇ ਉਸ ਰੁਪਏ ਨੂੰ ਵੱਖੋ-ਵਖਰੇ ਤਰੀਕਿਆਂ ਵਿਚ ਖਰਚ ਕੀਤਾ ਜਿਸ ਦੇ ਨਤੀਜੇ ਚਵਾਂ ਵਾਸਤੇ ਹੀ ਅਲਹਿਦਾ ਅਲਹਿਦਾ ਨਿਕਲੇ।

ਏਸੇ ਤਰ੍ਹਾਂ ਵਾਹਿਗੁਰੂ ਦੀਆਂ ਦਾਤਾਂ ਵੀ ਸਭ ਵਾਸਤੇ ਇਕੋ ਜਿਹੀਆਂ ਹਨ, ਪਰ ਹਰ ਇਨਸਾਨ ਉਨ੍ਹਾਂ ਤੋਂ ਫ਼ਾਇਦਾ ਆਪਣੀ ਮਰਜ਼ੀ ਜਾਂ ਵਿਚਾਰ ਅਨੁਸਾਰ ਉਠਾਂਦਾ ਹੈ। ਬਿਜਲੀ ਵਾਹਿਗੁਰੂ ਦੀ ਇਕ ਦਾਤ ਹੈ। ਇਸ ਦਾ ਜਾਇਜ਼ ਇਸਤੇਮਾਲ ਆਦਮੀ ਦਾ ਹਨ੍ਹੇਰਾ ਘਰ ਰੌਸ਼ਨ ਕਰਦਾ, ਗਰਮੀਆਂ ਵਿਚ ਪੱਖੇ ਚਲਵਾਂਦਾ ਤੇ ਸਰਦੀਆਂ ਵਿਚ ਅੰਗੀਠੀਆਂ ਗਰਮ ਕਰਵਾਂਦਾ ਹੈ ਪਰ ਏਸੇ ਬਿਜਲੀ ਦਾ ਗ਼ਲਤ ਇਸਤੇਮਾਲ ਇਨਸਾਨ ਨੂੰ ਕਰੰਟ ਮਾਰ ਕੇ ਸਕਿੰਟਾਂ ਵਿਚ ਤਬਾਹ ਕਰ ਦੇਂਦਾ ਹੈ।

ਬਿਜਲੀ ਸਭ ਵਾਸਤੇ ਮੌਜੂਦ ਹੈ। ਜਿਨ੍ਹਾਂ ਕੌਮਾਂ ਨੇ ਇਸ ਦੇ ਅਸੂਲਾਂ ਨੂੰ ਸਮਝਿਆ ਹੈ, ਉਹ ਇਸ ਤੋਂ ਬੇਸ਼ੁਮਾਰ ਫ਼ਾਇਦੇ ਉਠਾ ਰਹੀਆਂ ਹਨ, ਪਰ ਅਫ਼ਗਾਨਿਸਤਾਨ ਅਤੇ ਅਰਬ ਦੇ ਲੋਕ ਬਿਜਲੀ ਦੇ ਅਸੂਲਾਂ ਨੂੰ ਨਾ ਜਾਣਦੇ ਹੋਏ ਅਜੇ ਤਕ ਬਿਜਲੀ ਦੇ ਲਾਭਾਂ ਤੋਂ ਸੱਖਣੇ ਹਨ। ਬਿਜਲੀ ਅਫ਼ਗਾਨਿਸਤਾਨ ਤੇ ਅਰਬ ਵਿਚ ਵੀ ਹੈ ਪਰ ਉਥੋਂ ਦੇ ਲੋਕ ਇਸ ਤੋਂ ਕੋਈ ਖਾਸ ਫ਼ਾਇਦਾ ਨਹੀਂ ਉਠਾ ਰਹੇ। ਏਸੇ ਤਰ੍ਹਾਂ ਕਈ ਜਗ੍ਹਾ ਤੇ ਬਿਜਲੀ ਦੀ ਗ਼ਲਤ ਵਰਤੋਂ ਨਾਲ ਮਨੁੱਖ ਜਾਤੀ ਬਜਾਏ ਸੁਖੀ ਦੇ ਦੁਖੀ ਹੋ ਰਹੀ ਹੈ। ਫੌਜਾਂ ਦੇ ਇਰਦ-ਗਿਰਦ ਬਿਜਲੀ ਦੀਆਂ ਤਾਰਾਂ ਲਗਾਈਆਂ ਜਾਂਦੀਆਂ ਹਨ ਜੋ ਉਨ੍ਹਾਂ ਤਾਰਾਂ ਨਾਲ ਛੋਹ ਜਾਵੇ, ਅੱਖ ਦੇ ਫੁਰਨੇ ਵਿਚ ਸਵਾਹ ਹੋ ਜਾਂਦਾ ਹੈ।

ਪਿਤਾ ਦੇ ਸਾਰੇ ਲੜਕਿਆਂ ਨੂੰ ਲੱਖ-ਲੱਖ ਰੁਪਏ ਦੇਣ ਦਾ ਭਾਵ ਉਨ੍ਹਾਂ ਸਭ ਨੂੰ ਇਕੋ ਜਿਹਾ ਸੁਖੀ ਦੇਖਣ ਦਾ ਖਿਆਲ ਸੀ। ਜੇ ਕਿਸੇ ਨੇ ਉਸ ਰੁਪਏ ਦੇ ਗ਼ਲਤ ਇਸਤੇਮਾਲ ਨਾਲ ਆਪਣੇ ਆਪ ਨੂੰ ਦੁਖੀ ਬਣਾ ਲਿਆ ਤਾਂ ਉਸ ਵਿਚ ਪਿਤਾ ਦਾ ਕੀ ਕਸੂਰ? ਪਿਤਾ ਦੀ ਨੇਕ ਹਿਦਾਇਤ ਸਭ ਵਾਸਤੇ ਸੀ, ਪਰ ਜੇ ਕਿਸੇ ਨੇ ਫ਼ਾਇਦਾ ਨਾ ਉਠਾਇਆ ਤਾਂ ਪਿਤਾ ਦਾ ਕੀ ਦੋਸ਼? ਅਕਾਲ ਪੁਰਖ ਨੇ ਸਭ ਨੂੰ ਅਕਲ ਤੇ ਵਿਚਾਰ ਸ਼ਕਤੀ ਦਿਤੀ ਹੈ, ਜਿਸ ਦੇ ਠੀਕ ਇਸਤੇਮਾਲ ਨਾਲ ਆਦਮੀ ਹਮੇਸ਼ਾਂ ਸੁਖੀ ਤੇ ਗਲਤ ਇਸਤੇਮਾਲ ਨਾਲ ਹਮੇਸ਼ਾਂ ਦੁਖੀ ਰਹਿੰਦਾ ਰਿਹਾ ਹੈ ਅਤੇ ਰਹਿੰਦਾ ਰਹੇਗਾ।

ਸਾਡੇ ਸਭ ਦੁਖ, ਝਗੜੇ, ਮੁਸ਼ਕਲਾਂ, ਗਲਤ ਸੋਚਣ ਦਾ ਨਤੀਜਾ ਹੁੰਦੇ ਹਨ। ਬਜਾਏ ਸੋਚਣ ਦੇ ਕਿ ਇਹ ਧਰਤੀ ਸਭ ਇਨਸਾਨਾਂ ਦੀ ਸਾਂਝੀ ਹੈ ਅਤੇ ਸਭ ਨੂੰ ਇਸ ਵਿਚੋਂ ਆਪਣੀ ਜ਼ਰੂਰਤ ਅਨੁਸਾਰ ਖੁਰਾਕ ਪੈਦਾ ਕਰਨ ਦਾ ਇਕੋ ਜਿਹਾ ਹੱਕ ਹੈ, ਇਨਸਾਨ ਧਰਤੀ ਤੇ ਕਬਜ਼ਾ ਕਰਕੇ, ਦੂਸਰੇ ਇਨਸਾਨਾਂ ਦੇ ਹੱਕ ਦਬਾਉਣਾ ਚਾਹੁੰਦਾ ਹੈ। ਇਨਸਾਨ ਦੀ ਏਸ ਗ਼ਲਤ ਸੋਚ ਨੇ ਧਰਤੀ ਦੀਆਂ ਵੰਡੀਆਂ ਪਾ ਕੇ ਇਨਸਾਨ ਨੂੰ ਕੌਮਾਂ ਤੇ ਮੁਲਕਾਂ ਵਿਚ ਤਕਸੀਮ ਕਰ ਦਿਤਾ ਹੈ, ਫੌਜਾਂ ਰੱਖਣ ਦੀ ਲੋੜ ਭਾਸੀ, ਲੜਾਈਆਂ ਤੇ ਯੁੱਧ ਉਤਪੰਨ ਹੋਏ, ਇਨਸਾਨ ਨੇ ਇਨਸਾਨ ਦੇ ਗਲ੍ਹੇ ਕੱਟੇ। ਇਸ ਸਾਰੀ ਦੁਰਘਟਨਾ ਦਾ ਮੁੱਢ ਇਨਸਾਨ ਦੀ ਵਿਚਾਰ-ਸ਼ਕਤੀ ਦਾ ਗ਼ਲਤ ਵਰਤਾਰਾ ਸੀ।

ਵਿਚਾਰ-ਸ਼ਕਤੀ ਦਾ ਸਹੀ ਵਰਤਾਰਾ ਹਮੇਸ਼ਾ ਇਨਸਾਨ ਨੂੰ ਸੁਖੀ, ਸਿਹਤਵੰਦ, ਨਿਰਭੈ, ਨਿਰਵੈਰ, ਸੰਤੋਖੀ, ਨਿਰਛਲ ਤੇ ਬੇਫਿਕਰ ਬਣਾਂਦਾ ਹੈ ਅਤੇ ਗਲ਼ਤ ਵਰਤਾਰਾ ਇਸ ਦੇ ਉਲਟ ਉਸ ਦੀਆਂ ਸਭ ਦੁਰਘਟਨਾਵਾਂ, ਮੁਸ਼ਕਲਾਂ ਤੇ ਦੁਖਾਂ ਦਾ ਕਾਰਨ ਬਣਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜਦ ਸਾਡੇ ਦੁਖ ਸੁਖ ਸਾਡੀ ਆਪਣੀ ਅਕਲ ਜਾਂ ਬੇਵਕੂਫੀ ਦਾ ਨਤੀਜਾ ਹੁੰਦੇ ਹਨ ਤਾਂ ਫਿਰ ਰੱਬ ਦੀ ਫੰਕਸ਼ਨ (function) ਕੀ ਹੋਈ? ਰੱਬ ਦੀ ਜ਼ਰੂਰਤ ਕੀ ਰਹੀ? ਇਸ ਦਾ ਜਵਾਬ ਸਾਫ ਹੈ। ਜਿਵੇਂ ਆਪਣੇ ਲੜਕਿਆਂ ਨੂੰ ਲੱਖ-ਲੱਖ ਰੁਪਏ ਦਾ ਸਰਮਾਇਆ ਦੇ ਕੇ ਬਾਪ ਨੇ ਉਨ੍ਹਾਂ ਨੂੰ ਇਸ ਕਾਬਲ ਬਣਾ ਦਿਤਾ ਸੀ ਕਿ ਉਹ ਉਸ ਸਰਮਾਏ ਨਾਲ ਸੁਖੀ ਵੱਸ ਸਕਣ, ਇਸੇ ਤਰ੍ਹਾਂ ਇਨਸਾਨ ਨੂੰ ਅਕਾਲ ਪੁਰਖ ਵਿਚਾਰ-ਸ਼ਕਤੀ ਦਾ ਸਰਮਾਇਆ ਦੇ ਕੇ ਉਸ ਨੂੰ ਇਸ ਕਾਬਲ ਬਣਾ ਦੇਂਦਾ ਹੈ ਕਿ ਉਹ ਸੁਖੀ ਤੇ ਅਰੋਗ ਜੀਵਨ ਬਤੀਤ ਕਰੇ। ਜੇ ਪਿਤਾ ਲੱਖ-ਲੱਖ ਰੁਪਿਆ ਨਾ ਦੇਂਦਾ ਤਾਂ ਪੁੱਤਰਾਂ ਲਈ ਸੁਖੀ ਬਣਨ ਦਾ ਮੌਕਾ ਹੀ ਨਹੀਂ ਸੀ। ਜੇਕਰ ਅਕਾਲ ਪੁਰਖ ਇਨਸਾਨ ਨੂੰ ਵਿਚਾਰ-ਸ਼ਕਤੀ ਨਾ ਦੇਂਦਾ ਤਾਂ ਇਨਸਾਨ ਵਾਸਤੇ ਤਰੱਕੀ ਤੇ ਸੁਖ ਨਾ-ਮੁਮਕਿਨ ਸੀ। ਸਾਡੀ ਵਿਚਾਰ ਸ਼ਕਤੀ ਅਕਾਲ ਪੁਰਖ ਵਲੋਂ ਬਖਸ਼ਿਆ ਹੋਇਆ ਦੁਰਲੱਭ

(ਬਾਕੀ ਪੰਨਾ 27 ਤੇ)

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

### ਹੁਕਮਨਾਮਾ

*ਸੂਹੀ ਮਹਲਾ ੪॥*
*ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥*
*ਗੁਰ ਕਿਰਪਾ ਤੇ ਹਰਿ ਮਨਿ ਵਸੈ*
*ਹੋਰਤੁ ਬਿਧਿ ਲਇਆ ਨ ਜਾਈ॥੧॥*
*ਹਰਿ ਧਨੁ ਸੰਚੀਐ ਭਾਈ॥*
*ਜਿ ਹਲਤਿ ਪਲਤਿ ਹਰਿ ਹੋਇ ਸਖਾਈ॥੧॥ਰਹਾਉ॥*
*ਸਤਸੰਗਤੀ ਸੰਗਿ ਹਰਿ ਧਨੁ ਖਟੀਐ*
*ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥*
*ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ*
*ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ॥੨॥*
*ਹਰਿ ਧਨੁ ਰਤਨੁ ਜਵੇਹਰੁ ਮਾਣਕੁ*
*ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ*
*ਹਰਿ ਭਗਤੀ ਹਰਿ ਲਿਵ ਲਾਈ॥*
*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ*
*ਖਰਚਿ ਰਹੇ ਨਿਖੁਟੈ ਨਾਹੀ॥*
*ਹਲਤਿ ਪਲਤਿ ਹਰਿ ਧਨੈ ਕੀ*
*ਭਗਤਾ ਕਉ ਮਿਲੀ ਵਡਿਆਈ॥੩॥*
*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ*
*ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ*
*ਜਮ ਦੂਜੈ ਕਿਸੈ ਕਾ ਲਗਾਇਆ ਨ ਜਾਈ॥*
*ਹਰਿ ਧਨ ਕਉ ਉਚਕਾ ਨੇੜਿ ਨ ਆਵਈ*
*ਜਮੁ ਜਾਗਾਤੀ ਡੰਡੁ ਨ ਲਗਾਈ॥੪॥*
*ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ*
*ਤਿਨਾ ਇਕ ਵਿਖ ਨਾਲਿ ਨ ਜਾਈ॥*
*ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ*
*ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥੫॥*
*ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ*
*ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥*
*ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ*
*ਜਨ ਨਾਨਕ ਕਉ ਗੁਰਿ ਸੋਝੀ ਪਾਈ॥੬॥੨॥੧੦॥*
*ਅੰਗ - 734*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਅੰਮ੍ਰਿਤ ਵੇਲੇ ਤੋਂ ਗੁਰੂ ਮਹਾਰਾਜ ਜੀ ਦੀ ਬਾਣੀ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸਰਵਣ ਕਰ ਰਹੇ ਹੋ-

*ਭਿੰਨੀ ਰੈਨੜੀਐ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥ ਅੰਗ - 459*

ਸੰਤ ਵਰਿਆਮ ਸਿੰਘ ਜੀ ਮਹਾਰਾਜ

ਜਿਨ੍ਹਾਂ ਦੀ ਕਿਸਮਤ ਦੇ ਅੰਦਰ, ਭਾਗਾਂ ਦੇ ਅੰਦਰ ਅੰਮ੍ਰਿਤ ਵੇਲੇ ਦੀ ਜਾਗ ਲਿਖੀ ਹੋਈ ਹੈ ਉਨ੍ਹਾਂ ਨੇ ਆ ਕੇ ਇਕ ਮਨ, ਇਕ ਚਿਤ ਹੋ ਕੇ ਹਰੀ ਦਾ ਜਸ ਸੁਣਿਆ ਹੈ ਤੇ ਗਾਇਆ ਹੈ। ਕਿੰਨਾ ਵੱਡਾ ਪੁੰਨ ਪ੍ਰਾਪਤ ਹੋਇਆ ਹੈ-

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - 546*

ਕਈ ਕਰੋੜ ਜੱਗਾਂ ਦਾ ਫਲ ਮਿਲ ਜਾਂਦਾ ਹੈ ਜੋ ਸੁਣਦੇ ਨੇ, ਗਾਉਂਦੇ ਨੇ ਤੇ ਉਸ ਤੋਂ ਬਾਅਦ ਕੋਸ਼ਿਸ਼ ਕਰਦੇ ਨੇ ਕਿ ਅਸੀਂ ਇਸ ਗੁਰੂ ਦੀ ਬਾਣੀ ਦੀ ਕਮਾਈ ਕਰੀਏ, ਮੰਨ ਲਈਏ ਅਸੀਂ। ਇਕ ਸੁਣਨਾ ਹੁੰਦਾ ਹੈ, ਇਕ ਮੰਨਣਾ ਹੁੰਦਾ ਹੈ। ਸੁਣਨ ਦਾ ਵੀ ਮਹਾਤਮ ਮਹਾਰਾਜ ਜੀ ਨੇ ਲਿਖਿਆ ਹੈ ਤੇ ਮੰਨਣ ਦਾ ਐਡਾ ਵੱਡਾ ਲਿਖਿਆ ਹੈ ਕਿ ਜੋ ਮੰਨ ਲੈਂਦਾ ਹੈ -

*ਮੰਨੇ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥ ਅੰਗ - 3*

ਸੋ ਜੋ ਹੁਕਮ ਦਿੱਤਾ ਹੈ ਗੁਰੂ ਮਹਾਰਾਜ ਜੀ ਨੇ, ਸਾਨੂੰ ਅੱਜ ਪ੍ਰਕਾਸ਼ ਦੀ ਕਿਰਨ ਦਿਖਾਈ ਹੈ, ਰਾਹ ਦੱਸਿਆ ਹੈ।

ਆਪ ਸਭ ਨੇ ਸੁਣਿਆ ਹੈ। ਪਹਿਲੀ ਗੱਲ ਮਹਾਰਾਜ ਜੀ ਨੇ ਇਹ ਦੱਸੀ ਹੈ ਕਿ ਜਿਥੇ ਵੀ ਅਰਾਧਨਾ ਕਰੋ ਵਾਹਿਗੁਰੂ, ਚਾਹੇ ਪਾਣੀ ਦੇ ਹੇਠ ਬੈਠ ਕੇ ਸਮੁੰਦਰ ਵਿਚ, ਕਿਸੇ ਬਿੰਦੂ ਤੇ ਜਾ ਕੇ , ਚਾਹੇ ਅਸਮਾਨ ਦੇ ਅੰਦਰ, ਚਾਹੇ ਇਸ ਪ੍ਰਿਥਵੀ ਮੰਡਲ ਤੋਂ ਹੋਰ ਅਗੇ ਕਿਸੇ ਹੋਰ ਥਾਂ ਜਾ ਕੇ ਯਾਨੀ ਕਿ ਉਸੇ ਥਾਂ ਦੇ ਉਤੇ ਉਹ ਸਹਾਇਤਾ ਕਰਦਾ ਹੈ। ਉਹ ਇਸ ਤਰ੍ਹਾਂ ਨਹੀਂ ਜਿਵੇਂ ਸਹਾਇਤਾ ਕਰਦਾ ਹੈ, ਜਿਵੇਂ ਅਫਸਰ ਸਹਾਇਤਾ ਕਰਦਾ ਹੈ। ਇਥੇ ਮਹਾਰਾਜ ਜੀ ਨੇ ਸਾਡਾ ਸੰਬੰਧ ਜੋੜ ਦਿੱਤਾ ਕਿ ਉਹ ਮਿੱਤਰ ਹੈ ਸਾਡਾ, friend ਹੈ।

*ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥*

*ਅੰਗ - 734*

ਉਹ ਮਿੱਤਰ ਹਰ ਥਾਂ ਦੇ ਉਤੇ ਸਹਾਇਤਾ ਕਰਦਾ ਹੈ ਜਿਥੇ ਵੀ ਮੈਂ ਜਾਂਦਾ ਹਾਂ ਉਹ ਮੇਰੇ ਨਾਲ ਰਹਿੰਦਾ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*

*ਅੰਗ - 677*

ਜਿਸ ਥਾਂ ਤੇ ਜਿਧਰ ਨੂੰ ਵੀ ਮੈਂ ਦੇਖਦਾ ਹਾਂ ਉਧਰ ਓਹੀ ਨਜ਼ਰ ਆਉਂਦਾ ਹੈ ਦੂਰ ਨਹੀਂ ਉਹ ਜਾਂਦਾ।

*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*

*ਅੰਗ - 677*

ਉਹ ਐਨਾ ਦਇਆਲੂ, ਕਿਰਪਾਲੂ, ਆਪਣਾ ਆਪ ਹੈ ਕਿ ਹੋਰ ਸੰਸਾਰ ਦੇ ਅੰਦਰ ਐਨਾ ਨੇੜੇ ਕੋਈ ਹੈ ਨਹੀਂ। ਜਿਥੇ ਵੀ ਉਸ ਦੀ ਆਰਾਧਨਾ ਕਰੋ ਉਥੇ ਹੀ ਉਹ ਸਹਾਇਤਾ ਕਰਦਾ ਹੈ -

*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*

*ਅੰਗ - 677*

ਦੋ ਤਰ੍ਹਾਂ ਦੇ ਰਿਸ਼ਤੇ ਨੇ ਸੰਸਾਰ ਦੇ ਅੰਦਰ। ਇਕ ਤਾਂ ਉਹ ਰਿਸ਼ਤੇ ਨੇ ਜਿਹੜੇ ਸਮੇਂ ਦੇ ਨਾਲ ਮਿਲਦੇ ਨੇ, ਸਮੇਂ ਦੇ ਨਾਲ ਵਿਛੜ ਜਾਂਦੇ ਨੇ। ਉਨ੍ਹਾਂ ਵਿਚ ਫੇਰ ਉਹ ਸ਼੍ਰੇਣੀਆਂ ਨੇ ਜਿਨ੍ਹਾਂ ਵਿਚ ਹਿਤ ਹੁੰਦਾ ਹੈ। ਉਹ ਆਪਣਾ ਹਿਤ ਤੇ ਮਤਲਬ ਅਗੇ ਰੱਖ ਕੇ ਮਿਲਦੇ ਨੇ, ਨਾ ਪੂਰਾ ਹੁੰਦਾ ਹੋਵੇ ਹਿਤ, ਉਹ ਹਟਦੇ ਹਟਦੇ ਹਟ ਜਾਂਦੇ ਨੇ। ਇਕ ਉਹ ਹੁੰਦੇ ਨੇ ਜਿਨ੍ਹਾਂ ਦਾ ਰਿਸ਼ਤਾ ਐਨਾ ਗਾੜ੍ਹਾ ਹੁੰਦਾ ਹੈ, ਜਦੋਂ ਤੱਕ ਸਰੀਰ ਰਹਿੰਦਾ ਹੈ ਉਸ ਵੇਲੇ ਤੱਕ ਉਹ ਮਿੱਤਰ ਰਹਿੰਦੇ ਨੇ। ਲੇਕਿਨ ਜਦੋਂ ਸਰੀਰ ਛੁਟ ਜਾਂਦਾ ਹੈ, ਕੱਪੜਾ ਲਾਹ ਦੇਈਦਾ ਹੈ, ਸਰੀਰ ਰੂਪੀ ਕੱਪੜਾ ਲਾਹ ਕੇ ਕੋਈ ਹੋਰ ਕੱਪੜਾ ਪਾਉਣ ਵਾਸਤੇ ਤਿਆਰੀ ਕਰੀਦੀ ਹੈ, ਉਸ ਵੇਲੇ ਉਹ ਫੇਰ ਸਾਥ ਨਹੀਂ ਦਿੰਦੇ, ਰਹਿ ਜਾਂਦੇ ਨੇ। ਉਹ ਸਦਾ ਦੇ ਮਿੱਤਰ ਨਹੀਂ ਹਨ। ਸਦਾ ਦਾ ਮਿੱਤਰ, ਅਰਬਾਂ-ਖਰਬਾਂ ਸਾਲਾਂ ਤੋਂ ਜਦੋਂ ਤੋਂ ਸੰਸਾਰ ਦੀ ਰਚਨਾ ਹੋਈ ਹੈ ਇਕ ਕੇਵਲ ਵਾਹਿਗੁਰੂ ਹੈ। ਬਾਕੀ ਜਿੰਨੇ ਰਿਸ਼ਤੇ ਨੇ ਸਾਰੇ ਐਸੇ ਹਨ -

*ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥*
*ਜੀਵਿ ਜੀਵਿ ਮੁਏ ਮੁਏ ਜੀਵੇ॥*
*ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ॥*

*ਅੰਗ - 1238*

ਬਹੁਤ ਵਾਰੀ ਕਿਸੇ ਦੇ ਪਿਤਾ ਬਣੇ ਹਾਂ, ਬਹੁਤ ਵਾਰੀ ਪੁੱਤਰ ਬਣੇ ਹਾਂ, ਬਹੁਤ ਵਾਰੀ ਮਿੱਤਰ ਬਣੇ ਹਾਂ। ਉਹ ਸਦੀਵੀ ਮੇਲ ਨਹੀਂ ਹੈ, ਸਦੀਵੀ ਮੇਲ ਇਕੋ ਹੀ ਪ੍ਰਮੇਸ਼ਰ ਵਾਹਿਗੁਰੂ ਦਾ ਹੈ ਜਿਹੜਾ ਸਦਾ ਹੀ ਨਾਲ ਰਹਿੰਦਾ ਹੈ, ਸਦਾ ਦੀ ਦਇਆਲੂ ਲੇਕਿਨ ਉਸ ਨੂੰ ਅਸੀਂ ਸਦਾ ਹੀ ਭੁੱਲੇ ਰਹਿੰਦੇ ਹਾਂ -

*ਸੰਗਿ ਸਹਾਈ ਸੁ ਆਵੈ ਨ ਚੀਤਿ॥* *ਅੰਗ - 267*

ਜਿਹੜੇ ਸਾਨੂੰ ਦੁਖੀ ਕਰਨ ਵਾਲੇ ਨੇ, ਜੰਮਣ ਮਰਣ ਵਿਚ ਪਾਉਣ ਵਾਲੇ ਨੇ, ਸਾਡੀਆਂ ਵਾਸ਼ਨਾਵਾਂ ਨੇ, ਸਾਡੇ ਵਿਸ਼ੇ ਨੇ, ਸਾਡੇ ਸੰਬੰਧ ਨੇ, ਸਾਡੇ ਕਰਮ ਨੇ, ਉਹ ਸਾਨੂੰ ਪਿਆਰੇ ਲਗਦੇ ਨੇ ਲੇਕਿਨ ਉਹ ਸਾਡੇ ਮਿੱਤਰ ਨਹੀਂ ਹਨ, ਸਾਡੇ ਦੁਸ਼ਮਨ ਨੇ। ਸਾਨੂੰ ਉਹ ਬਾਰ ਬਾਰ ਘਮੇਟਣੀਆਂ ਦਿੰਦੇ ਨੇ। ਕਦੇ ਕੁਝ ਬਣ ਜਾਂਦੇ ਹਾਂ ਕਦੇ ਕੁਝ ਬਣ ਜਾਂਦੇ ਹਾਂ-

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥* *ਅੰਗ - 176*

ਸੋ ਇਸ ਤਰ੍ਹਾਂ ਕਰਮਾਂ ਦੇ ਨਾਲ ਅਸੀਂ ਸਰੀਰ ਬਦਲਦੇ ਰਹਿੰਦੇ ਹਾਂ, ਵਾਸ਼ਨਾਵਾਂ ਦੇ ਹਿਸਾਬ ਨਾਲ। ਸੋ ਇਹ ਜਿਹੜੀਆਂ ਚੀਜ਼ਾਂ ਨੇ ਮਿੱਤਰ ਨਹੀਂ ਹਨ। ਕੇਵਲ ਪ੍ਰਮੇਸ਼ਰ ਇਕ ਵਾਹਿਗੁਰੂ ਮਿੱਤਰ ਹੈ। ਉਸ ਦਾ ਜੋ ਗਿਆਨ ਹੈ ਅੰਦਰ ਵਸ ਜਾਣਾ। ਉਸ ਦੀ ਜੋ ਹਾਜਰੀ ਹੈ, ਅੰਦਰ ਵਸ ਜਾਣੀ, ਹਰ ਵਕਤ ਵਸੀ ਰਹਿਣੀ, ਕਦੇ ਵੀ ਨਾ ਭੁਲਣਾ, ਜਿਧਰ ਦੇਖੇ ਓਹੀ ਨਜਰ ਆਵੇ। ਹੈ ਤਾਂ ਅਸਲੀਅਤ ਵਿਚ ਓਹੀ ਲੇਕਿਨ ਸਾਡੇ ਅੰਦਰ ਮਾਇਆ ਦਾ ਭੁਲੇਖਾ ਪੈਣ ਕਰਕੇ ਸਾਨੂੰ ਬੇਹੋਸ਼ੀ ਜਿਹੀ ਆ ਗਈ ਜਿਸ ਦੇ ਨਾਲ ਸਾਡੇ ਅੰਦਰ ਜਿਹੜੀ ਅਸਲੀ ਸੁਰਤ ਸੀ ਉਹ ਤਾਂ ਮੱਧਮ ਹੋ ਗਈ, ਖਤਮ ਹੋ ਗਈ ਤੇ ਹਉਮੈ ਦੀ ਸੁਰਤ ਸਾਡੇ ਅੰਦਰ ਜਾਗ ਪਈ। ਜਿਸ ਨੂੰ ਹਉਮੈ ਦੀ ਸੁਰਤ ਕਹਿੰਦੇ ਨੇ। ਮਹਾਰਾਜ ਕਹਿੰਦੇ -

*ਭੋਲਿਆ ਹਉਮੈ ਸੁਰਤਿ ਵਿਸਾਰਿ॥* *ਅੰਗ - 1168*

ਪੜ੍ਹਿਆ ਲਿਖਿਆ ਬਣਿਆ ਫਿਰਦਾ ਹੈ, ਆਪਣੇ ਆਪ ਨੂੰ ਬਹੁਤ ਵੱਡਾ ਗਿਣਦਾ ਹੈ, ਤੂੰ ਤਾਂ ਹਉਮੈ ਦੀ ਸੁਰਤ ਵਿਚ ਫਿਰ ਰਿਹਾ ਹੈ। ਤੈਨੂੰ ਰੂਹਾਨੀ ਸੁਰਤ ਨਹੀਂ ਅਜੇ ਆਈ, ਆਤਮਿਕ ਸੁਰਤ ਤੋਂ ਤੂੰ ਅਜੇ ਬਹੁਤ ਦੂਰ ਫਿਰਦਾ ਹੈ, ਅਜੇ ਬੇਹੋਸ਼ੀ ਵਿਚ ਫਿਰਦਾ ਹੈ -

*ਬਿਨੁ ਨਾਵੈ ਜਗੁ ਕਮਲਾ ਫਿਰੈ ...........॥*

*ਅੰਗ - 643*

ਕਹਿੰਦੇ ਬੇਹੋਸ਼ੀ ਵੀ ਨਹੀਂ ਤੂੰ ਪਾਗਲਪਣ ਦੇ ਵਿਚ ਤੁਰਿਆ ਫਿਰਦਾ ਹੈਂ। ਤੂੰ ਉਸ ਜਾਗ ਵਿਚ ਆ ਜਿਥੇ ਹੋਸ਼ ਹੋਇਆ ਕਰਦੀ ਹੈ। ਇਹ ਜਿਹੜਾ ਨਿਹਚਾ ਹੈ ਹਰ ਵਕਤ ਦਾ ਜਿਥੇ ਪ੍ਰਮੇਸ਼ਰ ਇਕ ਸਕਿੰਟ ਵਾਸਤੇ ਵੀ ਨਾ ਭੁੱਲੇ ਉਸ ਚੀਜ਼ ਨੂੰ ਗੁਰੂ ਮਹਾਰਾਜ ਨੇ ਨਾਮ ਧਨ ਕਿਹਾ ਹੈ। ਦੂਜੇ ਪਾਸੇ ਉਹ ਧਨ ਹੈ ਜਿਹੜਾ ਅਸੀਂ ਦੁਨੀਆਂ ਦੇ ਅੰਦਰ ਕਮਾਉਂਦੇ ਹਾਂ। ਜਿਸ ਦੇ ਉਤੇ ਅਸੀਂ ਬਹੁਤ ਮਾਣ ਕਰਦੇ ਹਾਂ, ਜਿਸਦੇ ਵਾਸਤੇ ਅਸੀਂ ਬਹੁਤ ਤਰਦਦ ਕਰਦੇ ਹਾਂ, ਔਖੀਆਂ ਔਖੀਆਂ ਥਾਵਾਂ ਤੇ ਜਾਂਦੇ ਹਾਂ, ਜਾਨ ਜੋਖਮ ਵਿਚ ਪਾਉਂਦੇ ਹਾਂ, ਜਿਸ ਨੂੰ ਹਾਸਲ ਕਰਨ ਵਾਸਤੇ ਅਸੀਂ ਗੈਰ ਕਾਨੂੰਨੀ ਅਰਥ ਅਖਤਿਆਰ ਕਰਦੇ ਹਾਂ, ਦੁਨੀਆਂ ਦਾ ਦਿਲ ਦੁਖੀ ਕਰਦੇ ਹਾਂ। ਮਹਾਰਾਜ ਕਹਿੰਦੇ ਉਹ ਧਨ ਜਿਹੜਾ ਹੈ ਉਹ ਸੁਖ ਨਹੀਂ ਦਿਆ ਕਰਦਾ –

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ਅੰਗ - 656*

ਇਹ ਧਨ ਕਮਾਉਣ ਵਾਸਤੇ ਜਿੰਨੇ ਨਜਾਇਜ਼ ਢੰਗ ਤੂੰ ਵਰਤਦਾ ਹੈ ਇਹ ਸਾਰੇ ਕਰਮ ਜਦੋਂ ਇਨ੍ਹਾਂ ਦਾ ਪ੍ਰਤੀਕਰਮ ਹੋਏਗਾ, ਇਨ੍ਹਾਂ ਕਰਮਾਂ ਦਾ, ਜਦੋਂ ਸੱਚ ਦੀ ਤਕੜੀ ਤੇ ਚੜ੍ਹ ਕੇ ਨਿਆਂ ਹੋਏਗਾ ਉਸ ਵੇਲੇ ਤੂੰ ਦੁਖੀ ਹੋਵੇਗਾ ਕਿਉਂਕਿ ਤੇਰੇ ਕੋਲ ਇਹ ਰਹਿਣਾ ਤਾਂ ਹੈ ਨਹੀਂ, ਚਲਿਆ ਜਾਣਾ ਹੈ। ਆਪੇ ਛੱਡ ਜਾਣਾ ਹੈ, ਬੈਂਕ ਭਰੇ ਹੋਏ ਛੱਡ ਜਾਣੇ ਨੇ, ਕੋਠੀਆਂ ਬਣੀਆਂ ਹੋਈਆਂ ਛੱਡ ਜਾਣੀਆਂ ਨੇ, ਵੱਡੇ ਵੱਡੇ ਵਪਾਰ ਬਣਾਏ ਹੋਏ ਸਭ ਛੱਡ ਜਾਣੇ ਨੇ। ਮਹਾਰਾਜ ਕਹਿੰਦੇ ਇਹ ਧਨ ਨਹੀਂ ਨਾਲ ਜਾਂਦਾ। ਇਹ ਇਥੇ ਹੀ ਰਹਿ ਜਾਂਦਾ ਹੈ, ਇਸ ਨੂੰ ਚੋਰ ਲੁੱਟ ਲੈਂਦਾ ਹੈ, ਆਮਦਨ ਕਰ ਵਾਲੇ ਟੈਕਸ ਲਾ ਦਿੰਦੇ ਨੇ, ਬਹੁਤਾ ਹੋਵੇ ਖੋਹ ਲੈਂਦੇ ਨੇ। ਕਾਨੂੰਨ ਬਣ ਜਾਂਦੇ ਨੇ, ਮੋਹਰ ਲਾ ਕੇ ਸੀਲ ਬੰਦ ਕਰ ਦਿੰਦੇ ਨੇ। ਇਹ ਧਨ ਉਹ ਹਰ ਤਰ੍ਹਾਂ ਨਾਲ ਤੁਰਿਆ ਜਾਂਦਾ ਹੈ ਲੇਕਿਨ ਧਨ ਹੈ ਜਿਸ ਦੇ ਵਾਸਤੇ ਤੈਨੂੰ ਮਨੁੱਖਾ ਜਨਮ ਮਿਲਿਆ ਹੈ। ਜੇ ਉਹ ਧਨ ਪ੍ਰਾਪਤ ਹੋ ਜਾਵੇ ਤਾਂ ਉਹ ਕਦੇ ਵੀ ਗਵਾਇਆ ਹੋਇਆ ਨਹੀਂ ਜਾਂਦਾ, ਨਾ ਉਸ ਦੇ ਟੈਕਸ ਲਗਦਾ ਹੈ, ਨਾ ਉਸ ਨੂੰ ਕੋਈ ਉਚੱਕਾ ਲੁੱਟ ਸਕਦਾ ਹੈ, ਨਾ ਪਾਣੀ ਉਸ ਨੂੰ ਡੋਬ ਸਕਦਾ ਹੈ, ਨਾ ਅੱਗ ਉਸ ਨੂੰ ਜਾਲ ਸਕਦੀ ਹੈ, ਨਾ ਹਵਾ ਉਡਾ ਸਕਦੀ ਹੈ, ਕੋਈ ਤਰੀਕਾ ਨਹੀਂ, ਨਾ ਜਮਦੂਤ ਉਸ ਦੇ ਉਤੇ ਟੈਕਸ ਲਾ ਸਕਦੇ ਹਨ ਕਿਉਂਕਿ ਐਸਾ ਧਨ ਵੀ ਆਦਮੀ ਕਮਾ ਸਕਦਾ ਹੈ ਜਿਸ ਨੂੰ ਕਰਮ ਧਰਮ ਕਹਿੰਦੇ ਨੇ। ਲੇਕਿਨ ਕਰਮ ਧਰਮਾਂ ਤੇ ਪੁੰਨਾਂ ਵਿਚ ਵੀ ਧਨ ਤਾਂ ਬੜਾ ਜਬਰਦਸਤ ਹੈ ਲੇਕਿਨ ਇਹ ਕਰਮਯੋਗ ਹੈ –

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*

*ਅੰਗ - 747*

ਜਦੋਂ ਉਸ ਰਸਤੇ ਤੇ ਜੀਵ ਜਾਂਦਾ ਹੈ ਉਸ ਰਸਤੇ ਦੇ ਵਿਚ ਐਸੀਆਂ ਚੀਜ਼ਾਂ ਆਉਂਦੀਆਂ ਨੇ ਜਿਥੋਂ ਇਹ ਸੁਖਾਲਾ ਲੰਘਣਾ ਚਾਹੁੰਦਾ ਹੈ, ਸਵਾਰੀ ਭਾਲਦਾ ਹੈ ਕਿ ਮੈਂ ਔਖਾ ਹੋ ਕੇ ਨਾ ਲੰਘਾ, ਬਹੁਤ ਸੁਖਾਲਾ ਲੰਘ ਜਾਂਵਾ, ਉਥੇ ਟੈਕਸ ਦੇਣਾ ਪੈਂਦਾ ਹੈ, ਉਹ ਸਵਾਰੀਆਂ ਲੈਣ ਵਾਸਤੇ, ਉਹ ਰਸਤਾ ਲੰਘਣ ਵਾਸਤੇ ਟੈਕਸ ਲਗਦਾ ਹੈ, ਚੁੰਗੀ ਟੈਕਸ ਜਿਵੇਂ ਲਗਦਾ ਹੈ ਇਸੇ ਤਰ੍ਹਾਂ ਦਰਗਾਹ ਵਿਚ ਵੀ ਟੈਕਸ ਲੱਗੀ ਜਾਂਦੇ ਨੇ। ਕਹਿੰਦੇ ਕਰਮ ਧਰਮ ਜਿਹੜਾ ਹੈ ਉਹ ਜਾਂਦੇ ਜਾਂਦੇ ਐਨਾ ਲੁਟਿਆ ਜਾਂਦਾ ਹੈ, ਐਡਾ ਵੱਡਾ ਟੈਕਸ ਹੈ ਕਿ ਪੱਲੇ ਕੁਝ ਬਚਦਾ ਹੀ ਨਹੀਂ। ਇਹ ਹੈ ਜ਼ਰੂਰ ਕਿ ਦਰਗਾਹ ਵਿਚ ਸੁਖਾਲਾ ਚਲਿਆ ਗਿਆ ਪਰ ਪੱਲੇ ਨਾ ਕੁਝ ਵੀ ਬਚਿਆ। ਫੇਰ ਇਹ ਧਨ ਵੀ ਨਾਲ ਨਾ ਗਿਆ। ਇਹ ਵੀ ਕੋਈ ਬਹੁਤੇ ਮੁੱਲ ਦਾ ਨਹੀਂ ਹੈ। ਜਦੋਂ ਤਬਦੀਲ ਕਰਾਉਂਦੇ ਹਾਂ ਉਸ ਵੇਲੇ ਥੋੜਾ ਜਿਹਾ ਰਹਿ ਜਾਂਦਾ ਹੈ ਪਰ ਇਕ ਧਨ ਅਸਲੀ ਹੈ ਜਿਸ ਧਨ ਦੇ ਨਾਲ ਮਹਾਰਾਜ ਕਹਿੰਦੇ ਨਾ ਕੋਈ ਟੈਕਸ ਦੇਣਾ ਪੈਂਦਾ ਹੈ ਨਾ ਕੋਈ ਹੋਰ ਕਿਸੇ ਤਰ੍ਹਾਂ ਦਾ ਡਰ ਹੈ ਪਰ ਉਹ ਧਨ ਦਿੰਦਾ ਪ੍ਰਮੇਸ਼ਰ ਆਪ ਹੈ। ਕਹਿੰਦੇ ਜਿਥੇ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ –

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ਅੰਗ - 264*

ਜਿਸ ਥਾਂ ਤੇ ਕੋਈ ਵੀ ਨਹੀਂ ਪਹੁੰਚਦਾ, ਸਹਾਇਤਾ ਨਹੀਂ ਕਰਦਾ।

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥ ਅੰਗ - 264*

(ਬਾਕੀ ਪੰਨਾ 28 ਤੇ)

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*

*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਤਮਵਾਦ

ਅਧਿਆਤਮਵਾਦ ਦਾ ਕੋਈ ਅੰਤ ਨਹੀਂ। ਇਹ ਅਨੰਤ ਹੈ ਇਸ ਦੀ ਕੋਈ ਸੀਮਾ ਨਹੀਂ। ਇਸ ਵਿਚ ਕਿੰਨੀ ਖੁਲ੍ਹ ਹੈ, ਕਿੰਨੀ ਸੁਤੰਤਰਤਾ ਹੈ ਇਸ ਦਾ ਅੰਦਾਜ਼ਾ ਲਗਾਉਣਾ ਔਖਾ ਹੈ। ਅਧਿਆਤਮਵਾਦ ਤੋਂ ਭਾਵ ਹੈ, ਉਹ ਸਭ ਕੁਝ ਜੋ ਸਾਡੀ ਸੱਚੀ ਸਹਾਇਤਾ ਕਰਦਾ ਹੈ, ਜਿਹੜਾ ਸਾਡੇ ਵਿਚਾਰਾਂ ਨੂੰ ਅਨੁਸ਼ਾਸ਼ਨ ਵਿਚ ਲਿਆਉਂਦਾ ਹੈ, ਕਾਬੂ ਵਿਚ ਰਖਦਾ ਹੈ, ਸਾਡੀ ਬਾਣੀ ਨੂੰ ਸੰਜਮ ਵਿਚ ਰਖਦਾ ਹੈ ਤੇ ਸਾਡੇ ਕਾਰਜ ਵਿਚ ਕਰਮ ਕਰਨ ਵਿਚ ਸਹਿਜ ਸੰਜਮ ਦਿੰਦਾ ਹੈ। ਜਿਹੜਾ ਸਾਨੂੰ ਚੇਤਨਤਾ ਦੇ ਬਿੰਦੂ ਤੇ ਲੈ ਜਾਂਦਾ ਹੈ ਤੇ ਸਾਡੀਆਂ ਅੰਤਰ ਦੀਆਂ ਪਰਤਾਂ ਖੋਲ੍ਹ ਦਿੰਦਾ ਹੈ।

ਕਮਲ ਫੁੱਲ ਦੀ ਉਦਾਹਰਣ ਦੇਖੋ। ਕਮਲ ਫੁੱਲ ਚਿੱਕੜ ਵਿਚ ਉਗਦਾ ਹੈ ਪਰ ਉਸ ਤੋਂ ਉਤੇ ਰਹਿੰਦਾ ਹੈ। ਤੁਸੀਂ ਵੀ ਸਿੱਖੋ। ਸੰਸਾਰ ਵਿਚ ਵਿਚਰੋ ਪਰ ਆਪਣੇ ਆਪ ਨੂੰ ਉਪਰ ਰੱਖੋ, ਪਰ੍ਹੇ ਰੱਖੋ। ਤੁਸੀਂ ਸੰਸਾਰ ਵਿਚ ਰਹਿ ਕੇ ਵੀ ਰੂਹਾਨੀ ਹੋ ਸਕਦੇ ਹੋ। ਸੰਸਾਰ ਤਿਆਗਣ ਦੀ ਕੋਈ ਜ਼ਰੂਰਤ ਨਹੀਂ, ਲੋੜ ਹੈ ਮੋਹ ਤੋਂ ਮੁਕਤ ਹੋਣ ਦੀ, ਕਰਨੀ, ਕਥਨੀ ਤੇ ਵਿਚਾਰਾਂ ਵਿਚ ਕਿਸੇ ਚੀਜ਼ ਨਾਲ ਵੀ ਮੋਹ ਨਾ ਹੋਵੇ, ਲਗਾਓ ਨਾ ਹੋਵੇ।

ਮੋਹ ਤੋਂ ਮੁਕਤ ਹੋ ਕੇ ਪਿਆਰ ਦੇ ਪ੍ਰੇਮ ਦਾ ਅਹਿਸਾਸ ਹੁੰਦਾ ਹੈ। ਜਿਸ ਨੇ ਸੰਸਾਰ ਵਿਚ ਪ੍ਰਭੂ ਪ੍ਰਾਪਤੀ ਕਰ ਲਈ, ਉਹ ਮੋਹ ਤੋਂ ਮੁਕਤ ਹੋ ਗਿਆ, ਸਭ ਦਿਖਾਵੇ ਤੋਂ ਮੁਕਤ ਹੋ ਗਿਆ, ਉਹ ਹੀ ਸਾਰਿਆਂ ਨੂੰ ਸੱਚਾ ਪ੍ਰੇਮ ਕਰ ਸਕਦਾ ਹੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'

ਮੋਹ ਤੋਂ ਮੁਕਤ ਹੋ ਕੇ ਹੀ ਪੂਰਨ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਜਦੋਂ ਤੁਸੀਂ ਪੂਰੀ ਤਰ੍ਹਾਂ ਮੋਹ ਤੋਂ ਮੁਕਤ ਹੋ ਜਾਂਦੇ ਹੋ ਤਾਂ ਮਹਿਸੂਸ ਕਰਦੇ ਹੋ ਕਿਵੇਂ ਤੁਸੀਂ ਅਨੰਤ ਨਾਲ ਅੰਦਰੋਂ ਜੁੜੇ ਹੋਏ ਹੋ, ਕਿੰਨਾ ਗੂੜ੍ਹਾ ਤੁਹਾਡਾ ਉਸ ਵਿਸ਼ਵ ਨਾਲ ਸਬੰਧ ਹੈ। ਜਦੋਂ ਮੈਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਮੇਰੇ ਤੋਂ ਉਪਰ ਕੋਈ ਹੈ, ਹਉਮੈ, ਮੈਂ ਨਹੀਂ, ਤੂੰ ਹੈਂ, ਆਤਮਾ ਹੈ, ਪ੍ਰਮਾਤਮਾ ਹੈ ਉਦੋਂ ਹੀ ਰੂਹਾਨੀਅਤ ਦੀ ਕਿਰਨ ਫੁੱਟਦੀ ਹੈ।

ਆਪਾ ਮਾਰ ਕੇ ਹੀ, ਮਿਟਾ ਕੇ ਹੀ ਹਉਮੈ ਖਤਮ ਕਰਕੇ ਹੀ ਅਧਿਆਤਵਾਦ ਸ਼ੁਰੂ ਹੁੰਦਾ ਹੈ।

ਰੂਹਾਨੀ ਹੋਣ ਤੋਂ ਭਾਵ ਹੈ ਸਤਿ ਨੂੰ ਜਾਣ ਲੈਣਾ, ਪ੍ਰਮਾਤਮਾ ਨੂੰ ਜਾਣ ਲੈਣਾ, ਉਸ ਦੀ ਵਿਸ਼ਾਲਤਾ ਤੋਂ ਜਾਣੂੰ ਹੋ ਜਾਣਾ, ਸਤਿ ਅਟੱਲ ਹੈ, ਅਮਰ ਹੈ।

ਡਾ. ਸਵਾਮੀ ਰਾਮ ਜੀ ਮਹਾਂਪੁਰਸ਼ਾਂ ਅਤੇ ਬੀਜੀ ਦੀ ਸੰਗਤ ਵਿਚ

## ਬਾਰ੍ਹਵਾਂ ਅਧਿਆਇ

## ਜੰਗਲ ਵਿਚ ਆਤਮ ਸਿਧਿ ਕਰਦੇ

ਮੈਂ ਇਕ ਹਨ੍ਹੇਰੀ ਗੁਫਾ ਵਿਚ ਬੈਠਾ ਹਾਂ ਤੇ ਮੈਨੂੰ ਦੀਖਿਆ ਦਿਤੀ ਜਾ ਰਹੀ ਹੈ, ਇਹ ਮੈਨੂੰ ਸੁਪਨਾ ਆ ਰਿਹਾ ਸੀ, ਸੁਪਨੇ ਵਿਚ ਮੈਂ ਦੇਖ ਰਿਹਾ ਹਾਂ ਕਿ ਕੰਧਾਂ ਤੋਂ ਚਾਰੋਂ ਪਾਸੇ ਪਾਣੀ ਡਿੱਗ ਰਿਹਾ ਹੈ ਤੇ ਮੈਨੂੰ ਇਸ ਤਰ੍ਹਾਂ ਦੀ ਖੁਸ਼ਬੂ ਆ ਰਹੀ ਹੈ ਜਿਵੇਂ ਕਿਤੇ ਖੁੰਬਾਂ ਲੱਗੀਆਂ ਹੋਈਆਂ ਹੋਣ, ਮਿੱਠੀ ਮਿੱਠੀ ਹਵਾ ਚਲ ਰਹੀ ਹੋਵੇ, ਗੁਰੂ ਮੇਰੇ ਸਾਮ੍ਹਣੇ ਬੈਠੇ ਮੈਨੂੰ ਮੰਤਰ ਕਰਾ ਰਹੇ ਹਨ, ਇਹ ਮੇਰੇ ਮਨ ਵਿਚ ਆ ਰਿਹਾ ਹੈ।

ਇਕ ਦਿਨ ਮੈਂ ਸਵਾਮੀ ਜੀ ਨੂੰ ਆਪਣੇ ਮਿਲਵੌਕਨੀ ਦੇ ਕੇਂਦਰ ਵਿਚ ਲੈ ਕੇ ਜਾ ਰਿਹਾ ਸੀ, ਮੇਰੇ ਕੋਲੋਂ ਨਹੀਂ ਰਿਹਾ ਗਿਆ, ਮੈਂ ਸਵਾਮੀ ਜੀ ਨੂੰ ਦੱਸਿਆ ਕਿ ਸਵਾਮੀ ਮੈਨੂੰ ਇਸ ਤਰ੍ਹਾਂ ਦਾ ਸੁਪਨਾ ਆਇਆ। ਸਵਾਮੀ ਜੀ ਕਹਿਣ ਲੱਗੇ, ਜਸਟਿਨ ਤੇਰਾ ਸੁਪਨਾ ਠੀਕ ਹੈ। ਇਹ ਸੁਪਨਾ ਤੇਰੇ ਪਿਛਲੇ ਜਨਮ ਦੇ ਬਾਰੇ ਹੈ, ਜਦੋਂ ਮੈਂ ਤੈਨੂੰ

ਦੀਖਿਆ ਦਿਤੀ ਸੀ।

ਉਨ੍ਹਾਂ ਦੇ ਸ਼ਬਦਾਂ ਨੇ ਮੈਨੂੰ ਬਹੁਤ ਢਾਸ ਦਿਤਾ ਪਰ ਮੈਂ ਹੋਰ ਵੀ ਜਾਨਣਾ ਚਾਹੁੰਦਾ ਸੀ। ਮੇਰੇ ਮਨ ਵਿਚ ਕੁੰਭ ਮੇਲੇ ਤੋਂ ਇਹ ਚਲਿਆ ਆ ਰਿਹਾ ਸੀ ਕਿ ਸਵਾਮੀ ਜੀ ਦਾ ਸਾਥ ਬਹੁਤ ਬੜੇ ਬੇਧੜਕ ਫਿਲੌਸਫਰ ਸੰਤ ਸਵਾਮੀ ਰਾਮ ਤੀਰਥ ਨਾਲ ਰਿਹਾ ਹੈ। ਬਹੁਤ ਸਾਰੇ ਅਮਰੀਕਨਾਂ ਨੇ ਸਵਾਮੀ ਵਿਵੇਕਾਨੰਦ ਬਾਰੇ ਤਾਂ ਸੁਣਿਆ ਹੈ। ਸਵਾਮੀ ਵਿਵੇਕਾਨੰਦ ਨੇ ਤਾਂ ਸ਼ਿਕਾਗੋ ਵਿਚ World Parliament of Religions ਵਿਚ ਇਕ ਵਾਰੀ ਲੋਕਾਂ ਨੂੰ ਹਿਲਾ ਕੇ ਰੱਖ ਦਿਤਾ ਸੀ ਪਰ ਸਵਾਮੀ ਰਾਮ ਤੀਰਥ ਬਾਰੇ ਬਹੁਤ ਘੱਟ ਲੋਕੀ ਜਾਣਦੇ ਹਨ, ਇਹ ਵੀ ਬਹੁਤ ਹੀ ਉਤਮ ਯੋਗੀ ਹੋਏ ਹਨ।

ਮੈਂ ਸਵਾਮੀ ਜੀ ਨੂੰ ਕਿਹਾ, ਸਵਾਮੀ ਜੀ ਮੈਨੂੰ ਬੜਾ ਰੋਚਕ ਲਗਦਾ ਹੈ ਕਿ ਤੁਸੀਂ ਬੜੀਆਂ ਥਾਵਾਂ ਤੇ ਕਿਹਾ ਹੈ ਕਿ ਸਵਾਮੀ ਰਾਮ ਤੀਰਥ ਇਸ ਸਦੀ ਤੇ ਸ਼ੁਰੂ ਵਿਚ ਆਏ ਤੇ ਉਹ ਨਿਊਯਾਰਕ, ਬਫਲੋ, ਸਾਨ ਫਰਾਂਸਿਸਕੋ, ਪੋਰਟਲੈਂਡ, ਵਾਸ਼ਿੰਗਟਨ ਡੀ. ਸੀ. ਡੈਨਵਰ, ਮਿਨੀਪੋਲੀਸ, ਸ਼ਿਕਾਗੋ, ਬੋਸਟਨ, ਫਿਲੇਡੈਲਫੀਆ ਗਏ, ਤੁਸੀਂ ਵੀ ਉਵੇਂ ਹੀ ਉਸ ਉਸ ਜਗ੍ਹਾ ਜਾ ਰਹੇ ਹੋ।

ਸਵਾਮੀ ਰਾਮ ਤੀਰਥ ਜੀ ਦਾ ਸਨੇਹਾ ਹੀ ਮੇਰਾ ਸਨੇਹਾ ਹੈ ਜਸਟਿਨ। ਉਨ੍ਹਾਂ ਨੇ ਆਪਣੇ ਆਪ ਨੂੰ ਕਿਸੇ ਵੀ ਮਜ਼ਹਬ ਨਾਲ ਨਹੀਂ ਸੀ ਜੋੜਿਆ, ਉਹ ਸਾਰੀ ਮਨੁੱਖਤਾ ਨੂੰ ਇਕੋ ਹੀ ਦੇਖਦੇ ਸੀ। ਉਨ੍ਹਾਂ ਨੂੰ ਅਮਰੀਕਾ ਚੰਗਾ ਲਗਦਾ ਸੀ, ਉਨ੍ਹਾਂ ਨੇ ਏਥੇ ਵੇਦਾਂਤ ਪੜ੍ਹਾ ਲਿਆ, ਜੋ ਜੀਵਨ ਦਾ ਤੱਤ ਕਿਹਾ ਜਾਂਦਾ ਹੈ ਉਹ ਯੂਰਪ ਤੇ ਜਾਪਾਨ ਵੀ ਗਏ ਉਹ ਆਪਣੀ ਸਿਖਿਆ ਨੂੰ ਪ੍ਰੈਕਟੀਕਲ ਵੇਦਾਂਤ ਕਹਿੰਦੇ ਸੀ।

ਮੈਂ ਪੜ੍ਹਿਆ ਹੈ ਕਿ ਸਵਾਮੀ ਰਾਮ ਤੀਰਥ ਜੀ ਪਹਿਲੇ ਸੀ ਜਿਹੜੇ ਮਾਉਂਟ ਸ਼ਸਤਾ Mt. Shasta ਤੇ ਚੜ੍ਹੇ ਜਿਹੜਾ ਔਰੇਗਾਨ ਵਿਚ ਹੈ ਤੇ ਉਹ ਕਿੰਨੇ ਮਹੀਨੇ ਤੰਬੂ ਵਿਚ ਸਕਰੈਮੈਨਟੋ ਨਦੀ ਦੇ ਕੰਡੇ ਰਹੇ। ਸਵਾਮੀ ਜੀ ਕਹਿਣ ਲੱਗੇ ਹਾਂ ਇਹ ਠੀਕ ਹੈ। ਬੜੇ ਹੀ ਸਤਿਕਾਰ ਨਾਲ ਮੈਂ ਪੁਛਿਆ, ਮੈਨੂੰ ਪੁਛਣਾ ਨਹੀਂ ਸੀ ਆਉਂਦਾ, ਫੇਰ ਵੀ ਮੈਂ ਪੁਛਿਆ, ਸਵਾਮੀ ਜੀ ਤੁਸੀਂ ਹੀ ਰਾਮ ਤਿਰਥ ਜੀ ਸੀ।

"ਹਾਂ"

"ਤਾਂ ਕੀ ਤੁਸੀਂ ਹੀ ਰਾਮ ਤੀਰਥ ਸੀ ਜਿਨ੍ਹਾਂ ਨੇ ਮੈਨੂੰ ਪਿਛਲੇ ਜਨਮ ਦੀਖਿਆ ਦਿਤੀ ਸੀ?"

"ਹਾਂ ਮੈਂ ਹੀ ਸੀ।"

"ਵਾਹ"

ਸਵਾਮੀ ਜੀ ਕਹਿਣ ਲੱਗੇ ਉਨ੍ਹਾਂ ਨੇ ਪੱਛਮ ਵਿਚ ਯੋਗਾ ਲਈ ਬਹੁਤ ਕੁਛ ਕੀਤਾ, ਉਨ੍ਹਾਂ ਨੂੰ ਪੜ੍ਹਾਈ ਲਿਖਾਈ ਬਹੁਤ ਪਸੰਦ ਸੀ, ਉਨ੍ਹਾਂ ਨੂੰ ਲਿਖਣਾ ਵੀ ਬਹੁਤ ਪਸੰਦ ਸੀ, ਉਨ੍ਹਾਂ ਦੀਆਂ ਬਹੁਤ ਸਾਰੀਆਂ ਚਿੱਠੀਆਂ ਹਨ, ਕਵਿਤਾਵਾਂ ਹਨ, ਪੁਸਤਕਾਂ ਹਨ, ਕੀ ਤੂੰ ਦੇਖੀਆਂ ਹਨ?

ਮੈਂ ਕਿਹਾ, "ਮੈਂ ਇਕ ਪੁਸਤਕ ਪੜ੍ਹੀ ਹੈ In woods of God Realization ਪਰ ਮੈਂ ਕੋਈ ਬਹੁਤੀਆਂ ਨਹੀਂ ਪੜ੍ਹੀਆਂ, ਸਵਾਮੀ ਜੀ ਤੁਸੀਂ ਉਥੇ ਹੀ ਜਾ ਰਹੇ ਹੋ ਜਿਥੇ ਉਹ ਗਏ?

ਸਵਾਮੀ ਜੀ ਨੇ ਹੌਲੀ ਜਿਹੀ ਕਿਹਾ, "ਹਾਂ ਮੈਂ ਉਨ੍ਹਾਂ ਜਗਿਆਸੂਆਂ ਨੂੰ ਮਿਲ ਰਿਹਾ ਹਾਂ ਜਿਹੜੇ ਮੁੜ ਕੇ ਆ ਗਏ ਹਨ।"

ਸਵਾਮੀ ਜੀ, ਕੀ ਰਾਮ ਤੀਰਥ ਜੀ ਗ੍ਰਹਿਸਥੀ ਸਨ।

"ਹਾਂ, ਜਿਵੇਂ ਕਿ ਉਦੋਂ ਰਿਵਾਜ ਸੀ ਉਹ ਦੱਸ ਸਾਲ ਦੇ ਸੀ, ਜਦੋਂ ਉਨ੍ਹਾਂ ਦਾ ਵਿਆਹ ਹੋ ਗਿਆ ਸੀ।"

ਮੈਂ ਫੇਰ ਪੁਛਿਆ, "ਕੀ ਉਹ ਆਪਣੀ ਪਤਨੀ ਨੂੰ ਛੱਡ ਕੇ ਹਿਮਾਲੀਆ ਚਲੇ ਗਏ ਸੀ?"

ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ ਛੱਡ ਗਈ ਸੀ, ਉਸ ਨੂੰ ਉਨ੍ਹਾਂ ਦਾ ਜੀਵਨ ਬਹੁਤ ਕਠਿਨ ਲਗਦਾ ਸੀ।"

"ਸਵਾਮੀ ਰਾਮ ਤੀਰਥ ਅਮਰੀਕਾ ਕਿਉਂ ਆਏ ਸੀ?"

"ਕਿਉਂਕਿ ਉਹ ਮਨੁਖਤਾ ਨੂੰ ਇਕ ਰਾਹ ਦਿਖਾਣਾ ਚਾਹੁੰਦੇ ਸੀ ਇਕ ਚਾਨਣ ਦੇਣਾ ਚਾਹੁੰਦੇ ਸੀ ਜਿਸ ਨਾਲ ਮਨੁੱਖ ਸੁਤੰਤਰ ਹੋ ਕੇ ਜੀਵਨ ਦੀ ਖੋਜ ਕਰ ਸਕੇ, ਸੁਤੰਤਰ ਜੀਵਨ ਦਾ ਰਹੱਸ ਜਾਣ ਸਕੇ, ਆਤਮ ਗਿਆਨ ਪ੍ਰਾਪਤ ਕਰ ਸਕੇ।

ਇਸ ਤੋਂ ਬਾਅਦ ਸਵਾਮੀ ਜੀ ਨੇ ਨੇਤ੍ਰ ਬੰਦ ਕਰ ਲਏ, ਮੈਂ ਮਹਿਸੂਸ ਕੀਤਾ, ਮੈਨੂੰ ਹੋਰ ਸਵਾਲ ਨਹੀਂ ਪੁਛਣੇ ਚਾਹੀਦੇ। ਉਸ ਦੇ ਮਗਰੋਂ ਮੈਂ ਸਵਾਮੀ ਜੀ ਨੂੰ ਸਵਾਮੀ ਰਾਮ ਤੀਰਥ ਦਾ ਸਰੀਰ ਜਾਣ ਕੇ ਹੋਰ ਵੀ ਪਿਆਰ, ਸਤਿਕਾਰ ਕਰਨ ਲਗ ਪਿਆ, ਸਵਾਮੀ ਰਾਮ ਤੀਰਥ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਵੀ ਬਹੁਤ ਪ੍ਰੋਤਸਾਹਿਤ ਕੀਤਾ, ਉਨ੍ਹਾਂ ਨੂੰ ਆਪਣੀ ਅਧਿਆਤਮਕ ਗੌਰਵਤਾ ਦੱਸੀ ਤੇ ਉਸ ਤੋਂ ਜਾਣੂ ਕਰਾਇਆ। ਸਾਰੇ ਦੇਸ਼ਾਂ ਵਿਚ ਜਾ ਕੇ ਲੋਕਾਂ ਨੂੰ ਉਨ੍ਹਾਂ ਦੀ ਅਧਿਆਤਮਕ ਪਛਾਣ ਕਰਾਈ। ਏਨਾ ਕਰਦੇ ਉਹ ਐਨਾ ਥੱਕ ਗਏ ਸੀ, ਕਿ ਉਨ੍ਹਾਂ ਨੇ ਗੰਗਾ ਵਿਚ ਛਾਲ ਮਾਰ ਕੇ ਪਦਮ ਆਸਨ ਵਿਚ ਬੈਠ ਕੇ ਸਰੀਰ ਛੱਡ ਦਿਤਾ, ਉਨ੍ਹਾਂ ਦੀ ਉਮਰ ਉਸ ਵੇਲੇ 33 ਸਾਲ ਦੀ ਸੀ।

ਥੋੜ੍ਹੀ ਦੇਰ ਬਾਅਦ ਅਸੀਂ ਮਿਲਵੌਕੀ ਪਹੁੰਚ ਗਏ ਜਿਥੇ ਪ੍ਰੋਗਰਾਮ ਹੋ ਰਿਹਾ ਸੀ, ਨੀਨਾ ਜੌਨਸਨ ਨੇ ਸਵਾਮੀ ਜੀ ਨੂੰ ਜੀ ਆਇਆਂ ਕਿਹਾ, ਸਵਾਮੀ ਜੀ ਨੂੰ ਇਕ ਕੁਟੀਆ ਵਿਚ ਛੱਡ ਕੇ ਅਸੀਂ ਸਾਰੇ ਉਸ ਥਾਂ ਤੇ ਚਲੇ ਗਏ ਜਿਥੇ

ਥੋੜ੍ਹੀ ਦੇਰ ਬਾਅਦ ਲੈਕਚਰ ਸ਼ੁਰੂ ਹੋਣ ਵਾਲੇ ਸੀ।

ਸਵਾਮੀ ਜੀ ਕਹਿਣ ਲੱਗੇ, "ਮੈਂ ਤੁਹਾਡੇ ਅੰਦਰ ਬੈਠੇ ਪ੍ਰਮਾਤਮਾ ਨੂੰ ਪ੍ਰਣਾਮ ਕਰਦਾ ਹਾਂ, ਉਪਨਿਸ਼ਦ ਸਾਨੂੰ ਦਸਦੇ ਹਨ ਕਿ ਗਿਆਨ ਦਾ ਕੋਈ ਅੰਤ ਨਹੀਂ। ਜੀਵਨ ਸਿਖਿਆ ਦਾ ਦੂਸਰਾ ਨਾ ਹੈ। ਇਸ ਗੱਲ ਨੂੰ ਯਾਦ ਰੱਖੋ ਜਿਸ ਦਿਨ ਤੁਸੀਂ ਇਹ ਸੋਚ ਲਿਆ ਕਿ ਤੁਸੀਂ ਕੁਛ ਜਾਣਦੇ ਹੋ, ਉਸ ਦਿਨ ਤੁਸੀਂ ਸਿਖਣ ਦੇ ਬੂਹੇ ਬੰਦ ਕਰ ਲਏ ਹਨ।"

ਬਹੁਤ ਸਾਰੇ ਇਹ ਸਮਝਦੇ ਹਨ ਕਿ ਹੱਠ ਯੋਗ ਇਕ ਸੀਮਤ ਤੇ ਛੋਟਾ ਜਿਹਾ ਵਿਸ਼ਾ ਹੈ ਥੋੜ੍ਹੇ ਜਿਹੇ ਯੋਗ ਆਸਨ ਸਿਖਾ ਕੇ ਵਿਦਿਆਰਥੀ ਸਮਝਦੇ ਹਨ ਕਿ ਉਨ੍ਹਾਂ ਨੂੰ ਯੋਗਾ ਆ ਗਿਆ ਹੈ। ਯੋਗ ਨੂੰ ਸਮਝਣ ਲਈ ਤੁਹਾਨੂੰ ਇਸ ਦੇ ਪਿਛੇ ਇਸ ਦੀ ਫਿਲੌਸਫੀ ਤੇ ਮਨੋਵਿਗਿਆਨ ਨੂੰ ਸਮਝਣ ਦੀ ਲੋੜ ਹੈ ਜਿਸ ਉਤੇ ਇਹ ਬਣਿਆ ਹੈ ਜੋ ਵਾਸਤਵ ਵਿਚ ਇਸ ਦੀ ਨੀਂਹ ਹੈ।

ਪੁਰਾਤਨ ਸਾਂਖਯ ਦਰਸ਼ਨ ਸ਼ਾਸਤਰ ਦਾ ਸ਼ੁਰੂ ਸੰਤ ਕਪਿਲ ਨੇ ਕੀਤਾ ਸੀ। ਸ਼ਬਦ ਸਾਂਖਯ ਦਾ ਅਰਥ ਹੈ ਉਹ ਸਾਸ਼ਤਰ ਜਿਹੜਾ ਸਭ ਕੁਝ ਦਸਦਾ ਹੈ ਹਰ ਤਰ੍ਹਾਂ ਸੰਪੂਰਨ ਭਾਵ ਇਹ ਉਹ ਪੱਧਤੀ ਹੈ ਜਿਹੜੀ ਸਰੀਰ ਮਨ ਤੇ ਆਤਮਾ ਪ੍ਰਤੀ ਸਭ ਕੁਝ ਦਸਦੀ ਹੈ। ਇਸ ਦੇ ਨਾਲ ਹੀ ਇਹ ਵੀ ਦਸਦੀ ਹੈ ਕਿ ਤੁਹਾਡਾ ਸਬੰਧ ਤੁਹਾਡੇ ਗੁਰੂ ਨਾਲ ਕੀ ਹੈ? ਜਦੋਂ ਅਸੀਂ ਫਿਲੌਸਫੀ ਦੀ ਗੱਲ ਕਰਦੇ ਹਾਂ ਜਿਸਦਾ ਸੰਸਕ੍ਰਿਤ ਸ਼ਬਦ ਦਰਸ਼ਨ ਹੈ ਭਾਵ ਉਹ ਗਿਆਨ ਜਿਸ ਨਾਲ ਤੁਸੀਂ ਤੱਤ ਨੂੰ ਜਾਣਦੇ ਹੋ, ਇਹ ਗਿਆਨ ਨਾਲ ਪਿਆਰ ਕਰਨ ਤੋਂ ਕਿਤੇ ਵੱਧ ਹੈ, ਜਿਵੇਂ ਕਿ ਪੱਛਮ ਵਿਚ ਸ਼ਬਦ ਫਿਲੌਸਫੀ ਤੋਂ ਇਹ ਭਾਵ ਹੈ।

ਸਾਂਖਯ ਨੂੰ ਪ੍ਰੈਕਟੀਕਲ ਰੂਪ ਦੇਣ ਅਤੇ ਇਸ ਯੋਗਾ ਨੂੰ ਨਿਯਮਬੱਧ ਕਰਨ ਵਾਲਾ ਪਾਤਾਂਜਲ ਸੀ। ਪਾਂਤਾਂਜਲ ਨੇ ਇਸ ਪੂਰੀ ਫਿਲੌਸਫੀ ਨੂੰ ਪ੍ਰੈਕਟੀਕਲ ਰੂਪ ਦਿਤਾ। ਜਦੋਂ ਤੁਸੀਂ ਯੋਗ ਪੜ੍ਹਦੇ ਹੋ, ਯੋਗ ਸੂਤਰ ਪੜ੍ਹਦੇ ਹੋ, ਤੁਹਾਨੂੰ ਪੂਰੇ ਜੀਵਨ ਦਾ ਇਕ ਤਰੀਕਾ ਪਤਾ ਲਗਦਾ ਹੈ। ਪੂਰਾ ਯੋਗ ਸੂਤਰ ਇਕ ਸਾਂਖਯ ਫਿਲੌਸਫੀ ਦਾ ਮੰਤਵ ਹੈ। ਪਾਂਤਾਂਜਲ ਦਸਦੇ ਹਨ ਜੇ ਸਰੀਰ ਕੰਮ ਕਰੇ, ਸਰੀਰ ਚਲ ਰਿਹਾ ਹੈ ਮਨ ਗੈਰ ਹਾਜ਼ਰ ਹੈ, ਮਨ ਓਥੇ ਨਹੀਂ ਹੈ ਤਾਂ ਜੀਵਨ ਬਹੁਤ ਨਾਕਾਰਥ ਬਣ ਜਾਂਦਾ ਹੈ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ, ਜਦੋਂ ਅਸੀਂ ਬੇਧਿਆਨੇ ਹੁੰਦੇ ਹਾਂ, ਅਸੀਂ ਬਹੁਤ ਸਾਰੀਆਂ ਗਲਤੀਆਂ ਕਰ ਬੈਠਦੇ ਹਾਂ।

ਆਪਣਾ ਕੰਮ ਕਾਜ ਠੀਕ ਤਰ੍ਹਾਂ ਕਰਨ ਲਈ, ਜੀਵਨ ਮਨੋਰਥ ਪੂਰਾ ਕਰਨ ਲਈ ਸਭ ਤੋਂ ਪਹਿਲਾਂ ਤੁਹਾਨੂੰ ਆਪਣੇ ਵਿਚਾਰਾਂ ਨੂੰ ਸੰਗਠਨ ਕਰਨਾ ਸਿਖਣਾ ਚਾਹੀਦਾ ਹੈ। ਵਿਚਾਰ ਤੁਹਾਡੇ ਮਨ ਦੀ ਸਤਹ ਤੇ ਪੈਦਾ ਹੁੰਦੇ ਹਨ।

ਫੇਰ ਸਵਾਮੀ ਜੀ ਨੇ ਥੋੜ੍ਹੀ ਜਿਹੀ ਸ੍ਵਾਸਾਂ ਦੀ ਗੱਲ ਕੀਤੀ ਤੇ ਦੱਸਿਆ ਕਿ ਸਰੀਰ ਨੂੰ ਮਨ ਨਾਲ ਜੋੜਨ ਵਾਲੇ ਸ੍ਵਾਸ ਹਨ। ਸਰੋਤਿਆਂ ਨੇ ਬਹੁਤ ਸਾਰੇ ਪ੍ਰਸ਼ਨ ਪੁਛੇ। ਸਵਾਮੀ ਜੀ ਸ੍ਵਾਸ ਦੇ ਵਿਸ਼ੇ ਤੋਂ ਪਛੜ ਗਏ। ਸਰੋਤੇ ਸ੍ਵਾਮੀ ਜੀ ਨੂੰ ਯੋਗ ਆਸਨਾਂ ਬਾਰੇ ਤੇ ਫਿਲੌਸਫੀ ਬਾਰੇ ਪੁਛਦੇ ਰਹੇ।

ਉਸ ਦਿਨ ਸ਼ਾਮ ਨੂੰ ਚਾਰਲਸ ਮਿਨੀ ਪੋਲਿਸ ਤੋਂ ਸਵਾਮੀ ਜੀ ਨੂੰ ਮਿਲਣ ਆਇਆ, ਮੈਂ ਉਸ ਸਮੇਂ ਹੀ ਅੰਦਰ ਗਿਆ, ਜਦੋਂ ਉਹ ਚਾਹ ਪੀਣ ਲੱਗੇ ਸੀ।

ਜਸਟਿਨ ਅੰਦਰ ਆ ਜਾਓ ਮੈਂ ਸੋਚ ਹੀ ਰਿਹਾ ਸੀ, ਤੂੰ ਕਿਥੇ ਹੋਏਂਗਾ, ਥਰੀਸਾ ਕਿਵੇਂ ਹੈ?

ਮੈਂ ਕਿਹਾ, "ਉਹ ਸਵਾਮੀ ਜੀ ਮੈਂ ਥਰੀਸਾ ਨੂੰ ਫੋਨ ਕੀਤਾ ਸੀ ਉਹ ਸਾਡੇ ਨਾਲ ਬਹੁਤ ਗੁੱਸੇ ਹੈ, ਤੁਸੀਂ ਉਸ ਨੂੰ ਕਿਹਾ ਹੈ ਕਿ ਉਹ ਪਿਛੇ ਰਹਿ ਕੇ ਕੰਮ ਕਰੇ ਤੇ ਮੈਂ ਹਫਤੇ ਦਾ ਅਖੀਰ ਏਥੇ ਤੁਹਾਡੇ ਨਾਲ ਰਹਾਂ, ਮੈਨੂੰ ਨਹੀਂ ਲਗਦਾ ਉਹ ਸਾਨੂੰ ਮਾਫ ਕਰੇਗੀ, ਹੋ ਸਕਦਾ ਹੈ ਕਿ ਉਹ ਕਿਤੇ ਹੋਰ ਨੌਕਰੀ ਕਰ ਲਵੇ।"

ਸਵਾਮੀ ਜੀ ਹੁਣ ਪੂਰੇ ਮਜ਼ਾਕ ਦੀ ਲਹਿਰ ਵਿਚ ਸੀ ਤੇ ਉਹ ਕਹਿਣ ਲੱਗੇ, "ਸੱਚੀ ਮੁੱਚੀ? ਮੈਂ ਤਾਂ ਫੇਰ ਉਸ ਨੂੰ ਚਿੱਠੀ ਨਹੀਂ ਦਿਆਂਗਾ, ਤੂੰ ਕੀ ਸੋਚਦਾ ਹੈਂ ਚਾਰਲੀ?"

ਸਦਾ ਵਾਂਗ ਮੇਰਾ ਭਰਾ ਚਾਰਲਸ ਚੁੱਪ ਹੀ ਰਿਹਾ, ਉਸ ਨੇ ਕੇਵਲ ਇਕ ਮੁਸਕਰਾਹਟ ਹੀ ਦਿਤੀ।

ਮੈਂ ਕਿਹਾ, "ਸਵਾਮੀ ਜੀ, ਤੁਸੀਂ ਚਾਹੋ ਤਾਂ ਉਸ ਦਾ ਮੇਹਨਤਾਨਾ ਵਧਾ ਦਿਓ, ਹੁਣ ਤੁਸੀਂ ਉਸ ਨੂੰ ਇਕ ਕੱਪ ਟਿਲਕ ਦਿੰਦੇ ਹੋ, ਫੇਰ ਦੋ ਦੇ ਦੇਣਾ।"

ਜਦੋਂ ਅਸੀਂ ਹੱਸਣਾ ਬੰਦ ਕਰ ਦਿਤਾ ਤਾਂ ਸਵਾਮੀ ਜੀ ਨੇ ਆਪਣੀ ਗੱਲਬਾਤ ਚਾਰਲਸ ਨਾਲ ਮੁੜ ਸ਼ੁਰੂ ਕੀਤੀ ਜਿਥੋਂ ਉਨ੍ਹਾਂ ਨੇ ਛੱਡੀ ਸੀ, ਜਦੋਂ ਮੈਂ ਆਇਆ ਸੀ।

ਸਵਾਮੀ ਜੀ ਕਹਿਣ ਲੱਗੇ, "ਬੇਟਾ! ਜੇ ਕੋਈ ਗਲਤੀ ਕਰਨ ਵਾਲੀ ਸੀ ਤਾਂ ਉਹ ਮੈਂ ਕਰ ਬੈਠਾ ਹਾਂ। ਅੱਜ ਮੈਂ ਤੈਨੂੰ ਕਈ ਗੱਲਾਂ ਦੱਸਾਂਗਾ। ਤੂੰ ਜਿੰਨੇ ਮਰਜ਼ੀ ਮੈਨੂੰ ਪ੍ਰਸ਼ਨ ਪੁਛੀਂ, ਬਾਕੀ ਤੂੰ ਉਸ ਤਰ੍ਹਾਂ ਹੀ ਕਰੀਂ ਜਿਵੇਂ ਮੈਂ ਤੈਨੂੰ ਕਹਾਂਗਾ ਕਿਉਂਕਿ ਮੈਂ ਜਾਣਦਾ ਹਾਂ ਕਿ ਤੇਰੀ ਅਧਿਆਤਮਕ ਉਨਤੀ ਕਿੰਨੀ ਹੈ।"

ਬਹੁਤ ਸਾਲ ਪਹਿਲਾਂ ਗੁਰੁਦੇਵ ਨੇ ਮੈਨੂੰ ਕਿਹਾ ਸੀ ਲੋਕੀ ਚਾਹੁਣਗੇ ਕਿ ਤੂੰ ਬਦਲ ਜਾਵੇਂ ਤੂੰ ਆਪਣੇ ਆਪ ਨੂੰ ਲੋਕਾਂ ਦੇ ਮੁਤਾਬਿਕ ਬਦਲੇਂ ਤੇ ਉਨ੍ਹਾਂ ਨੂੰ ਖੁਸ਼ ਕਰੇਂ। ਤੈਨੂੰ ਕੇਵਲ ਆਪਣੀ ਹਉਮੈ ਨੂੰ ਸਾਧਣਾ ਚਾਹੀਦਾ ਹੈ ਪਰ ਆਪਣਾ ਮੂਲ ਕਦੀ ਨਹੀਂ ਛੱਡਣਾ ਚਾਹੀਦਾ, ਇਹੋ ਹੀ ਗੱਲ ਅੱਜ ਮੈਂ ਤੈਨੂੰ ਦਿੰਦਾ ਹਾਂ, ਕਹਿੰਦਾ ਹਾਂ।"

ਅਸੀਂ ਸਾਰੇ ਬੈਠ ਕੇ ਚਾਰਲਸ ਦੇ ਕੇਂਦਰ ਦੀ ਗੱਲ ਕਰਨ ਲਗ ਪਏ, ਡਾ. ਆਰੀਆ ਦੇ ਕੇਂਦਰ ਦੀ, ਮਿਲਵੌਕੀ ਕੇਂਦਰ ਦੀ ਗੱਲ ਕਰਦੇ ਰਹੇ, ਸਵਾਮੀ ਸਾਰੇ ਰੋਗ ਠੀਕ ਹੋ ਸਕਦੇ ਹਨ।"

ਚਾਰਲਸ ਇਸ ਸਬੰਧ ਬਾਰੇ ਹੋਰ ਜਾਨਣਾ ਚਾਹੁੰਦਾ ਸੀ।

ਤੁਹਾਡੇ ਅੰਗਾਂ ਦਾ ਕੰਮ ਕਾਜ ਤੁਹਾਡੇ ਸ੍ਵਾਸਾਂ ਨਾਲ ਸਬੰਧ ਰਖਦਾ ਹੈ। ਜਦੋਂ ਤੁਸੀਂ ਠੀਕ ਤਰ੍ਹਾਂ ਸ੍ਵਾਸ ਲੈਂਦੇ ਹੋ, ਪਧਰੇ ਤੇ ਸਾਂਵੇ ਤਾਂ ਠੀਕ ਨਾੜੀ ਤੇ ਅਸਰ ਪੈਂਦਾ ਹੈ ਜਿਸ ਨਾਲ ਤੁਹਾਡੇ ਨਾੜੀ ਪ੍ਣਾਲੀ ਤੇ ਸੁਤੇਸਿਧ (automatic nervous system) ਤੇ ਪ੍ਰਭਾਵ ਪੈਂਦਾ ਹੈ, ਉਹ ਤੁਹਾਡੇ ਆਪਣੇ ਕਾਬੂ ਹੇਠ ਆ ਜਾਂਦੀ ਹੈ ਇਸ ਤਰ੍ਹਾਂ ਨਾਲ ਤੁਹਾਡਾ ਸਾਰਾ ਸਰੀਰ ਸ਼ੁਧ ਹੋ ਜਾਂਦਾ ਹੈ।

ਸਵਾਮੀ ਜੀ ਇਕ ਦਮ ਪ੍ਰੈਕਟੀਕਲ ਪਾਸੇ ਚਲ ਪਏ।

ਸਵਾਮੀ ਜੀ ਕਹਿਣ ਲੱਗੇ, "ਮੈਡੀਟੇਸ਼ਨ ਕਰਨ ਲਈ ਸਭ ਤੋਂ ਉਤਮ ਵਿਸ਼ਾ ਹੈ ਸ੍ਵਾਸ। ਮਨ ਸ੍ਵਾਸਾਂ ਨੂੰ ਬਹੁਤ ਛੇਤੀ ਪਕੜਦਾ ਹੈ। ਤੁਹਾਨੂੰ ਕੁਝ ਕਰਨ ਦੀ ਲੋੜ ਹੀ ਨਹੀਂ ਪੈਂਦੀ। ਸ੍ਵਾਸਾਂ ਤੇ ਧਿਆਨ ਲਗਾਉਣਾ ਬਹੁਤ ਸਾਧਾਰਨ ਤੇ ਠੋਸ ਤਰੀਕਾ ਹੈ। ਇਸ ਵਿਧੀ ਨੂੰ ਸ੍ਵਾਸ ਸਚੇਤਨਤਾ ਕਹਿੰਦੇ ਹਨ। ਬਰਾਬਰ ਦਾ ਸ੍ਵਾਸ ਅੰਦਰ ਲੈ ਕੇ ਜਾਣਾ, ਬਰਾਬਰ ਦਾ ਬਾਹਰ ਲੈ ਕੇ ਆਉਣਾ ਇਸ ਨਾਲ ਮਨ ਦੀ ਸਮਾਚਿਤਤਾ ਬਣਦੀ ਹੈ, ਇਸ ਤਰ੍ਹਾਂ ਕਰਨ ਨਾਲ ਸਰੀਰ, ਸ੍ਵਾਸ ਤੇ ਮਨ ਇਕਸਾਰ ਰਹਿੰਦੇ ਹਨ। ਇਸ ਸਮਾਨਤਾ ਨੂੰ ਬਨਾਉਣ ਤੋਂ ਪਹਿਲਾਂ ਤੁਹਾਨੂੰ ਸ੍ਵਾਸਾਂ ਦਾ ਨਰੀਖਣ ਕਰਨਾ ਚਾਹੀਦਾ ਹੈ ਤੇ ਸ੍ਵਾਸਾਂ ਦਾ ਪ੍ਰਵਾਹ ਚੰਗੀ ਤਰ੍ਹਾਂ ਦੇਖਣਾ ਚਾਹੀਦਾ ਹੈ।"

ਮੈਨੂੰ ਇਸ ਵਿਚ ਕੋਈ ਖਾਸ ਗੱਲ ਨਹੀਂ ਲੱਗੀ। ਮੈਨੂੰ ਲੱਗਾ ਜਦੋਂ ਤੱਕ ਠੀਕ ਸ੍ਵਾਸ ਆ ਰਿਹਾ ਸੀ, ਤੁਸੀਂ ਠੀਕ ਤਰ੍ਹਾਂ ਸ੍ਵਾਸ ਲੈ ਰਹੇ ਹੋ, ਠੀਕ ਹੈ। ਮੈਂ ਕੇਵਲ ਇਹ ਜਾਨਣਾ ਚਾਹੁੰਦਾ ਸੀ ਕਿ ਸ੍ਵਾਸ ਵਿਚ ਸਰੀਰ ਤੇ ਮਨ ਵਿਚ ਇਕਸਾਰਤਾ ਲਿਆਉਣੀ ਕਿਉਂ ਜ਼ਰੂਰੀ ਹੈ।

ਲੋਕਾਂ ਦੇ ਸ੍ਵਾਸ ਬਹੁਤ ਵਾਰੀ ਬਰਾਬਰ ਨਹੀਂ ਹੁੰਦੇ? ਇਸ ਦਾ ਕਾਰਣ ਹੁੰਦਾ ਹੈ ਮਨ ਤੇ ਬੋਝ। ਅੱਜ ਦੇ ਸੰਸਾਰ ਦਾ ਕਾਹਲ ਵਾਲਾ ਤੇ ਮੰਗਾਂ ਵਾਲਾ ਜੀਵਨ। ਜਦੋਂ ਤਕ ਇਹ ਆਦਤਾਂ ਨਹੀਂ ਬਦਲਦੀਆਂ, ਤੁਸੀਂ ਸਮਾਚਿਤ ਨਹੀਂ ਹੋ ਸਕਦੇ। ਆਪਣੇ ਸ੍ਵਾਸਾਂ ਨੂੰ ਦੇਖਦੇ ਹੋਏ ਉਨ੍ਹਾਂ ਦਾ ਨਰੀਖਣ ਕਰਦੇ ਹੋਏ, ਤੁਸੀਂ ਸਭ ਤੋਂ ਪਹਿਲਾਂ ਇਹ ਦੇਖੋ ਕਿ ਤੁਹਾਡਾ ਸ੍ਵਾਸ ਕਿਤੇ ਝਟਕੇ ਨਾਲ ਤਾਂ ਨਹੀਂ ਆ ਜਾ ਰਿਹਾ ਜਾਂ ਕਿਤੇ ਤੁਸੀਂ ਓਪਰਾ ਓਪਰਾ ਸਾਹ ਤਾਂ ਨਹੀਂ ਲੈ ਰਹੇ ਜਾਂ ਤੁਹਾਡੇ ਸਾਹ ਦੀ ਆਵਾਜ਼ ਤਾਂ ਨਹੀਂ ਆ ਰਹੀ ਜਾਂ ਵਿਚ ਵਿਚ ਤੁਸੀਂ ਲੰਮਾਂ ਸ੍ਵਾਸ ਤਾਂ ਨਹੀਂ ਲੈ ਰਹੇ। ਇਹ ਦੇਖਣ ਤੋਂ ਬਾਅਦ ਸ੍ਵਾਸਾਂ ਨੂੰ ਸਾਂਵਾ ਬਣਾਓ। ਸ਼ਾਂਤ ਤੇ ਰਵਾਂ ਬਣਾਓ, ਡੂੰਘਾ ਬਣਾਓ ਤੇ ਜਿੰਨਾਂ ਹੌਲਾ ਤੇ ਸ਼ਾਂਤ ਕਰ ਸਕਦੇ ਹੋ ਓਨਾ ਕਰੋ ਜੇ ਕੋਈ ਵਿਚ ਦਿੱਖ ਹੈ ਕੋਈ ਸਮਾਂ ਰਹਿ ਜਾਂਦਾ ਹੈ ਤੇ ਉਸ ਨੂੰ ਦੇਖੋ ਤੇ ਭਰੋ। ਸ੍ਵਾਸਾਂ ਨੂੰ ਰਵਾਂ ਕਰਦਿਆਂ ਹੀ ਤੁਹਾਡਾ ਮਨ ਇਹ ਦੇਖੇਗਾ ਕਿ ਸ੍ਵਾਸ ਕਿੰਨੇ ਰਵਾਂ ਹਲਕੇ ਤੇ ਹੌਲੇ ਹੋ ਗਏ ਹਨ। ਮਨ ਤੇ ਸ੍ਵਾਸ ਦੋਨੋਂ ਹੀ ਸੂਖਮ ਹੋ ਜਾਣਗੇ ਤੇ ਇਸ ਤਰ੍ਹਾਂ ਹੋਣ ਨਾਲ ਤੁਸੀਂ ਸ਼ਾਂਤ ਹੋ ਜਾਓਗੇ।

(ਪੰਨਾ 20 ਦੀ ਬਾਕੀ)

ਸਰਮਾਇਆ ਹੈ ਜਿਸ ਨਾਲ ਆਪਣੀ ਕਿਸਮਤ ਨੂੰ ਚੰਗਿਆਂ ਬਣਾ ਸਕਦੇ ਹਾਂ।

ਇਸ ਵਿਚਾਰ-ਸ਼ਕਤੀ ਦਾ ਕਿਸ ਤਰ੍ਹਾਂ ਜ਼ਿਆਦਾ ਤੋਂ ਜ਼ਿਆਦਾ ਫ਼ਾਇਦਾ ਉਠਾਇਆ ਜਾਵੇ? ਜਿਸ ਤਰ੍ਹਾਂ ਕੁਝ ਪੁੱਤਰਾਂ ਨੇ ਆਪਣੇ ਸਰਮਾਏ ਨੂੰ ਪਿਤਾ ਦੀਆਂ ਹਦਾਇਤਾਂ ਅਨੁਸਾਰ ਵਰਤ ਕੇ ਲਾਭ ਉਠਾਇਆ ਸੀ, ਉਸੇ ਤਰ੍ਹਾਂ ਅਸੀਂ ਵਿਚਾਰ-ਸ਼ਕਤੀ ਨੂੰ ਰੱਬ ਜੀ ਦੀਆਂ ਹਦਾਇਤਾਂ ਅਨੁਸਾਰ ਵਰਤ ਕੇ ਇਸ ਦਾ ਪੂਰਨ ਲਾਭ ਉਠਾ ਸਕਦੇ ਹਾਂ। ਰੱਬ ਜੀ ਵਲੋਂ ਇਨਸਾਨ ਦੀ ਰਹਿਨੁਮਾਈ ਉਸ ਦੇ ਪੈਗ਼ੰਬਰਾਂ ਰਾਹੀਂ ਹੁੰਦੀ ਆਈ ਹੈ। ਸਭ ਪੈਗੰਬਰਾਂ ਨੇ ਵੱਖੋ-ਵੱਖ ਸਮਿਆਂ ਤੇ ਵੱਖੋ-ਵੱਖ ਹਾਲਾਤ ਵਿਚ ਇਨਸਾਨ ਨੂੰ ਵਾਹਿਗੁਰੂ ਦੀ ਮਰਜ਼ੀ ਤੋਂ ਜਾਣੂੰ ਕਰਾਇਆ ਹੈ। ਇਨਸਾਨ ਨੂੰ ਐਸੇ ਤਰੀਕੇ ਦੱਸੇ ਹਨ ਜਿਨ੍ਹਾਂ ਨਾਲ ਉਹ ਵਾਹਿਗੁਰੂ ਨੂੰ ਅੰਦਰੋਂ ਲੱਭ ਕੇ ਉਸ ਤੋਂ ਹਰ ਹਾਲ ਵਿਚ ਅਗਵਾਈ ਕਰਾ ਸਕਦਾ ਹੈ, ਹਰ ਮਾਮਲੇ ਵਿਚ ਰੱਬ ਦੀ ਸਲਾਹ ਤੇ ਮਦਦ ਲੈ ਸਕਦਾ ਹੈ।

ਇਸ ਵਿਚਾਰ-ਸ਼ਕਤੀ ਨੂੰ ਪਹਿਲੇ ਪੈਗੰਬਰਾਂ, ਅਵਤਾਰਾਂ ਦੀ ਸਿਖਿਆ ਅਨੁਸਾਰ ਵਰਤ ਕੇ ਤੇ ਅਖੀਰ ਜਦ ਅਕਾਲ ਪੁਰਖ ਦਾ ਆਪਣੇ ਅੰਦਰ ਪ੍ਰਕਾਸ਼ ਹੋ ਜਾਵੇ ਤਾਂ ਅਕਾਲ ਪੁਰਖ ਦੀ ਰਹਿਨੁਮਾਈ ਹੇਠਾਂ ਵਰਤ ਕੇ ਇਨਸਾਨ ਇਸ ਯੋਗ ਹੋ ਜਾਂਦਾ ਹੈ ਕਿ ਕਦੀ ਗਲਤੀ ਨਾ ਕਰੇ ਜਾਂ ਘੱਟ ਤੋਂ ਘੱਟ ਗਲਤੀ ਕਰੇ। ਵਿਚਾਰ ਸ਼ਕਤੀ ਦੀ ਰੱਬੀ ਰੌਂਅ ਨਾਲ ਇਕ ਸੁਰ ਹੋ ਜਾਣ ਨਾਲ, ਗਲਤ ਇਸਤੇਮਾਲ ਦੇ ਮੌਕੇ ਬਹੁਤ ਘੱਟ ਜਾਂਦੇ ਹਨ।

*ਨਾ ਓਹਿ ਮਰਹਿ ਨ ਠਾਗੇ ਜਾਹਿ॥*
*ਜਿਨ ਕੈ ਰਾਮੁ ਵਸੈ ਮਨ ਮਾਹਿ॥ ਪੰਨਾ - 7*

ਗੁਰਮੁਖ ਆਪਣੀ ਵਿਚਾਰ-ਸ਼ਕਤੀ ਨੂੰ ਪਹਿਲੇ ਗੁਰਮਤਿ ਦੇ ਅਧੀਨ ਰਖਦੇ ਹਨ ਅਤੇ ਜਦ ਇਨ੍ਹਾਂ ਦੇ ਅੰਦਰ ਅਕਾਲ ਪੁਰਖ ਪ੍ਰਗਟ ਹੋ ਜਾਵੇ ਤਦ ਉਸਦੀ ਰਹਿਨੁਮਾਈ ਤੇ ਛੱਡ ਦੇਂਦੇ ਹਨ। ਐਸਾ ਕਰਨ ਨਾਲ ਉਨ੍ਹਾਂ ਦੀ ਵਿਚਾਰ-ਸ਼ਕਤੀ ਕਦੀ ਗਲਤੀ ਨਹੀਂ ਕਰਦੀ, ਜਿਸ ਕਰਕੇ ਸ੍ਰਿਸ਼ਟੀ ਦੇ ਸਭ ਸੁਖ ਗੁਰਮੁਖਾਂ ਵਲ ਖਿਚੇ ਤੁਰੇ ਆਉਂਦੇ ਹਨ। ਦੁਨੀਆਂ ਨੂੰ ਤੇ ਦੁਨੀਆਂ ਦੇ ਪਾਤਸ਼ਾਹਾਂ ਨੂੰ ਉਹ ਸੁਖ ਨਸੀਬ ਨਹੀਂ ਹੁੰਦੇ, ਉਨ੍ਹਾਂ ਸੁਖਾਂ ਦਾ ਪਰਛਾਵਾਂ ਵੀ ਨਸੀਬ ਨਹੀਂ ਹੁੰਦਾ ਜਿਹੜੇ ਸੁਖ ਵਿਚਾਰ-ਸ਼ਕਤੀ ਨੂੰ ਅਕਾਲ ਪੁਰਖ ਦੀ ਮਰਜ਼ੀ ਨਾਲ ਇਕ ਸੁਰ ਕਰਨ ਵਾਲੇ ਗੁਰਮੁਖ ਦੇ ਚਰਨਾਂ ਵਿਚ ਅੱਠੇ ਪਹਿਰ ਡਿੱਗੇ ਰਹਿੰਦੇ ਹਨ।

***ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥***
***ਪੰਨਾ - 1366***

(ਪੰਨਾ 23 ਦੀ ਬਾਕੀ)

ਸੋ ਇਹ ਨਾਮ ਦਾ ਜੋ ਧਨ ਹੈ ਜਿਸ ਨੂੰ ਤੁਸੀਂ ਕਈ ਘੰਟਿਆਂ ਤੋਂ ਬੈਠੇ ਇਕੱਠਾ ਕਰ ਰਹੇ ਸੀ, ਜੋ ਪ੍ਰਮੇਸ਼ਰ ਦੀ ਯਾਦ ਵਿਚ ਬੈਠ ਕੇ ਇਕੱਠਾ ਹੁੰਦਾ ਹੈ, ਸਤਿਸੰਗ ਦੇ ਵਿਚ ਇਕੱਠਾ ਹੁੰਦਾ ਹੈ। ਮਹਾਰਾਜ ਨੇ ਏਸ ਸ਼ਬਦ ਵਿਚ ਦਸਿਆ ਹੈ ਕਿ ਸਤਿਸੰਗ ਵਿਚ ਬੈਠ ਕੇ ਇਹ ਧਨ ਇਕੱਠਾ ਹੋਇਆ ਕਰਦਾ ਹੈ, ਮਿਲਦਾ ਸਤਿਸੰਗ ਵਿਚੋਂ ਹੈ, ਹੋਰ ਕੋਈ ਥਾਂ ਨਹੀਂ ਜਿਥੋਂ ਇਹ ਧਨ ਮਿਲ ਜਾਵੇ। ਸੋ ਕਹਿੰਦੇ ਮਨੁੱਖ ਉਸ ਨੂੰ ਲੈਣ ਵਾਸਤੇ ਆਇਆ ਹੈ –

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥* *ਅੰਗ - 283*

ਉਹ ਪੁਰਸ਼ ਜਿਨ੍ਹਾਂ ਨੇ ਸਾਧਨਾ ਦੇ ਵਿਚ ਜਾ ਕੇ ਆਪਣੇ ਆਪ ਨੂੰ ਖਤਮ ਕਰਕੇ ਅਭੇਦ ਅਵਸਥਾ ਦੀ ਪ੍ਰਾਪਤੀ ਕਰ ਲਈ, ਜਿਨ੍ਹਾਂ ਨੇ ਆਪਾ ਮਿਟਾ ਦਿੱਤਾ ਹਰ ਵਕਤ ਪ੍ਰਮੇਸ਼ਰ ਦੀ ਯਾਦ ਉਨ੍ਹਾਂ ਦੇ ਹਿਰਦੇ ਵਿਚ ਰਹਿੰਦੀ ਹੈ –

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥* *ਅੰਗ - 397*

ਜਿਨ੍ਹਾਂ ਨੂੰ ਪ੍ਰਮੇਸ਼ਰ ਓਹਲੇ ਹੀ ਨਹੀਂ ਹੁੰਦਾ ਕਦੇ ਹਰ ਥਾਂ, ਹਰ ਚੀਜ਼ ਦੇ ਵਿਚੋਂ ਦ੍ਰਿਸ਼ਟੀ ਆਉਂਦਾ ਰਹਿੰਦਾ ਹੈ ਕਹਿੰਦੇ ਉਹ ਕਿਹੋ ਜਿਹੇ ਨੇ? ਜਾਗਦਿਆਂ ਨੂੰ ਵੀ ਆਉਂਦਾ ਹੈ, ਸੁੱਤੇ ਨੂੰ ਨੀਂਦ ਵਿਚ ਵੀ ਆਉਂਦਾ ਹੈ, ਉਹ ਕਿਹੋ ਜਿਹੇ ਨੇ? ਉਨ੍ਹਾਂ ਦਾ ਦਰਜਾ ਕਿੱਡਾ ਕੁ ਹੈ? ਮਹਾਰਾਜ ਕਹਿੰਦੇ –

*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥* *ਅੰਗ - 397*

ਉਹ ਰੱਬ ਵਰਗੇ ਹੀ ਹੋਇਆ ਕਰਦੇ ਨੇ, ਭੇਦ ਨਾ ਉਨ੍ਹਾਂ ਵਿਚ ਜਾਣੋ –

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥* *ਅੰਗ - 1076*

ਕਹਿੰਦੇ ਉਨ੍ਹਾਂ ਕੋਲ ਨਾਮ ਧਨ ਹੋਇਆ ਕਰਦਾ ਹੈ, ਚਾਬੀ ਹੈ ਉਨ੍ਹਾਂ ਕੋਲ ਉਸ ਨਾਮ ਦੇ ਧਨ ਦੀ –

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ॥* *ਅੰਗ - 1237*

ਇਥੇ ਸਾਨੂੰ ਹੋਰ ਪਤਾ ਲੱਗ ਗਿਆ ਕਿ ਉਹ ਧਨ ਬਾਹਰੋਂ ਨਹੀਂ ਸਾਨੂੰ ਮਿਲਣਾ ਸਾਡੇ ਅੰਦਰ ਹੀ ਪਿਆ ਹੈ। ਉਥੇ ਤੱਕ ਅਸੀਂ ਪਹੁੰਚ ਨਹੀਂ ਰਹੇ ਉਸ ਧਨ ਨੂੰ ਹਾਸਲ ਕਰਨ ਵਾਸਤੇ। ਕਿਉਂ ਨਹੀਂ ਪਹੁੰਚਦੇ? ਕੋਈ ਨੁਕਸ ਹੈ। ਕਹਿੰਦੇ ਉਸ ਥਾਂ ਤੇ ਕੋਈ ਸਖਤ ਪਹਿਰਾ ਹੈ ਜਿਹੜਾ ਸਾਨੂੰ ਜਾਣ ਨਹੀਂ ਦਿੰਦਾ, ਹੋਰ ਥਾਂ ਮਹਾਰਾਜ ਏਸ ਨੂੰ ਸਾਫ ਕਰਦੇ ਨੇ ਕਿ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅੰਗ - 954*

ਇਥੇ ਇਕ ਭੇਤ ਦੇ ਦਿੱਤਾ ਮਹਾਰਾਜ ਨੇ ਕਿ ਉਥੇ ਬੱਜਰ ਕਪਾਟ ਲੱਗੇ ਹੋਏ ਨੇ, ਖੁਲ੍ਹਦੇ ਨਹੀਂ ਲੇਕਿਨ ਜੇ ਗੁਰੂ ਦਾ ਸ਼ਬਦ ਮਿਲ ਜਾਵੇ, ਉਸ ਦੀ ਕਮਾਈ ਕਰ ਲੇਵੇ, ਫੇਰ ਕਹਿੰਦੇ ਉਹ ਖੁੱਲ੍ਹ ਜਾਂਦੇ ਨੇ। ਕਹਿੰਦੇ ਉਥੇ ਨਿਸ਼ਾਨੀਆਂ ਨੇ–

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਅੰਗ - 954*

ਉਹ ਫੋਕਾ ਕੋਈ ਸੁੰਨ ਨਹੀਂ ਹੈ, ਉਸ ਥਾਂ ਦੇ ਉਤੇ ਬ੍ਰਹਿਮੰਡੀ ਸੰਗੀਤ ਹੈ, ਆਤਮਿਕ ਸੰਗੀਤ ਹੈ ਤੇ ਗੁਰੂ ਦੇ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ। ਉਥੇ ਸ਼ਬਦ ਲਗਾਤਾਰੀ ਸੁਣਦਾ ਹੈ –

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਅੰਗ - 954*

ਉਥੇ ਹਨ੍ਹੇਰਾ ਨਹੀਂ ਹੈ, ਧੋਖਾ, ਅਗਿਆਨ ਨਹੀਂ ਹੈ, ਉਥੇ ਪ੍ਰਕਾਸ਼ ਹੈ, ਪੂਰਨ ਗਿਆਨ ਹੈ ਤੇ ਉਹ ਮਿਲਦਾ ਕਿਵੇਂ ਹੈ। ਕਹਿੰਦੇ ਉਹ ਇਸ ਤਰ੍ਹਾਂ ਬੁੱਧੀ ਮੰਡਲ ਦੀ ਚਿਤਵਨਾ ਨਾਲ ਨਹੀਂ ਮਿਲਦਾ। ਉਸ ਦੇ ਵਾਸਤੇ ਉਥੇ ਭਗਤੀ ਦੇ ਨਾਲ, ਪਿਆਰ ਦੇ ਨਾਲ ਉਥੇ ਪਹੁੰਚਿਆ ਜਾਂਦਾ ਹੈ। ਜਦੋਂ ਪਹੁੰਚ ਗਏ, ਕਹਿੰਦੇ ਫੇਰ ਉਥੇ ਦ੍ਰਿਸ਼ਟੀ ਕੀ ਹੁੰਦੀ ਹੈ –

*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਅੰਗ - 954*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥*
*ਅੰਗ - 947*

ਜਦੋਂ ਉਹ ਧਨ ਖਟ ਲਿਆ ਫੇਰ ਨਿਗਾਹ ਖੁੱਲ ਜਾਂਦੀ ਹੈ, ਹਰ ਥਾਂ ਦੇ ਉੱਤੇ ਪ੍ਰਮੇਸ਼ਰ ਨਜ਼ਰ ਆਉਂਦਾ ਹੈ। ਸੋ ਇਹ ਮਿਲਦਾ ਕਿਥੋਂ ਹੈ ਕਹਿੰਦੇ –

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥* *ਅੰਗ - 283*

ਪੂਰਨ ਮਹਾਂਪੁਰਸ਼ਾਂ ਕੋਲ, ਤੱਤ ਬੇਤਿਆਂ ਕੋਲ ਉਹ ਧਨ ਹੋਇਆ ਕਰਦਾ ਹੈ ਤੇ ਉਥੋਂ ਮਿਲਦਾ ਹੈ। ਕਹਿੰਦੇ ਮਿਲਦਾ ਕਿਵੇਂ ਹੈ? ਮਹਾਰਾਜ ਕਹਿੰਦੇ ਉਸ ਦਾ ਮੁੱਲ ਪੈਸੇ ਟਕੇ ਨਹੀਂ ਹਨ, ਕੇਵਲ ਜਿਹੜਾ ਤੇਰਾ ਵਖਰਾਪਨ ਹੈ ਤੇਰੀ ਵਿਅਕਤੀਤਵ, ਜਿਸ ਨੂੰ ਤੂੰ ਆਪਣਾ ਆਪ ਸਮਝਦਾ ਹੈਂ ਇਸ ਨੂੰ ਉਨ੍ਹਾਂ ਦੇ ਅਰਪਣ ਕਰ ਦੇਹ –

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥* *ਅੰਗ - 918*

ਕਹਿੰਦੇ ਇਹ ਛਡਦੇ –

*ਤਜਿ ਅਭਿਮਾਨੁ ਲੇਹੁ ਮਨ ਮੋਲਿ॥* *ਅੰਗ - 283*

ਜਿਹੜੀ ਹੰਗਤਾ ਤੇਰੇ ਅੰਦਰ ਪਈ ਹੋਈ ਹੈ ਜੀਵ ਹੰਗਤਾ ਕਿ ਮੈਂ ਜੀਵ ਹਾਂ। ਇਸ ਨੂੰ ਛੱਡ ਦੇਹ। ਇਸ ਦੇ ਬਦਲੇ ਫੇਰ ਮੁੱਲ ਲੈ ਲੈ ਤੇ ਫੇਰ ਉਸ ਨੂੰ ਲੈ ਕੇ ਅੰਦਰ ਤੋਲ ਲੈ –

*ਰਾਮ ਨਾਮੁ ਹਿਰਦੇ ਮਹਿ ਤੋਲਿ॥ ਅੰਗ - 283*

ਉਹ ਪ੍ਰਮੇਸ਼ਰ ਦੇ ਨਾਮ ਨਾਲ, ਨਾਮ ਦੇ ਜਪ ਨਾਲ ਉਸ ਨੂੰ ਹਿਰਦੇ ਵਿਚ ਤੋਲ –

*ਲਾਦਿ ਖੇਪ ਸੰਤਹ ਸੰਗਿ ਚਾਲੁ॥ ਅੰਗ - 283*

ਉਹ ਭਰ ਲੈ ਤੇ ਖੇਪ ਲੱਦ ਕੇ ਫੇਰ ਤੂੰ ਇਕੱਲਾ ਨਾ ਤੁਰੀਂ। ਉਨ੍ਹਾਂ ਸਾਧੂਆਂ ਦੀ ਸੰਗਤ ਵਿਚ ਤੁਰੀਂ। ਜਿਹੜੇ ਦ੍ਵੈਤ ਵਾਦੀ ਨਹੀਂ ਹਨ ਅਦ੍ਵੈਤ ਵਾਦੀ ਨੇ। ਭੇਦ ਵਾਦੀ ਨਹੀਂ, ਅਭੇਦ ਵਾਦੀ ਨੇ। ਸਭ ਨੂੰ ਇਕ ਦ੍ਰਿਸ਼ਟੀ ਨਾਲ ਦੇਖਣ ਵਾਲੇ ਨੇ, ਉਨ੍ਹਾਂ ਦੀ ਸੰਗਤ ਵਿਚ ਤੁਰੀਂ। ਜਿਹੜੇ ਭੇਦ ਵਾਦੀ ਨੇ ਉਥੇ ਤੂੰ ਭੁੱਲ ਜਾਏਂਗਾ ਕਿਉਂਕਿ ਜਿੱਥੇ ਦ੍ਵੈਤਵਾਦੀ ਹੈ ਉਥੇ ਪ੍ਰਮੇਸ਼ਰ ਨਹੀਂ ਹੋਇਆ ਕਰਦਾ, ਵਾਹਿਗੁਰੂ ਦਾ ਗਿਆਨ ਨਹੀਂ ਉਥੇ ਹੋਇਆ ਕਰਦਾ। ਸੋ ਉਨ੍ਹਾਂ ਦੀ ਸੰਗਤ ਤੈਨੂੰ ਪ੍ਰਾਪਤ ਹੋਵੇ, ਉਨ੍ਹਾਂ ਵਿਚ ਤੂੰ ਤੁਰ। ਫੇਰ ਹੋਏਗਾ ਕੀ? ਜਦੋਂ ਸੰਸਾਰ ਤੋਂ ਜਾਏਂਗਾ ਤਾਂ ਇਥੇ ਵੀ ਸਭ ਕਹਿਣਗੇ –

*ਧੰਨਿ ਧੰਨਿ ਕਹੈ ਸਭੁ ਕੋਇ॥ ਅੰਗ - 283*

ਦਰਗਾਹ ਦੇ ਵਿਚ ਵੀ ਜੈ-ਜੈਕਾਰ ਹੋਏਗੀ। ਜਿਨ੍ਹਾਂ ਮੰਡਲਾਂ 'ਚੋਂ ਲੰਘੇਗਾ, ਬੇਅੰਤ ਮੰਡਲ ਰਾਹ ਵਿਚ ਆਉਂਦੇ ਨੇ ਉਨ੍ਹਾਂ ਸਾਰਿਆਂ ਵਿਚ ਤੇਰੀ ਜੈ-ਜੈਕਾਰ ਹੋਏਗੀ, ਫੁੱਲ ਵਰਸਣਗੇ, ਸਭ ਕਹਿਣਗੇ ਧੰਨ ਹੈ, ਧੰਨ ਹੈ –

*ਮੁਖ ਊਜਲ ਹਰਿ ਦਰਗਹ ਸੋਇ॥ ਅੰਗ - 283*

ਜਿਸ ਵਕਤ ਦਰਗਾਹ ਵਿਚ ਪ੍ਰਮੇਸ਼ਰ ਦੇ ਸਨਮੁਖ ਹੋਏਂਗਾ ਉਥੇ ਫੇਰ ਮੁੱਖ ਜਿਹੜਾ ਹੈ ਉਹ ਕਾਲਾ ਨਹੀਂ ਹੋਏਗਾ, ਦਾਗਦਾਰ ਨਹੀਂ ਹੋਏਗਾ, ਉਜਲਾ ਹੋਏਗਾ। ਮਹਾਰਾਜ ਕਹਿੰਦੇ ਐਡੀ ਕੀਮਤੀ ਚੀਜ਼ ਹੋਣ ਦੇ ਬਾਵਜੂਦ–

*ਇਹੁ ਵਾਪਾਰੁ ਵਿਰਲਾ ਵਾਪਾਰੈ॥ ਅੰਗ - 283*

ਕੋਈ ਵਿਰਲਾ ਬੰਦਾ ਹੈ ਜਿਹੜਾ ਇਸ ਗੱਲ ਨੂੰ ਮੰਨਦਾ ਹੈ ਤੇ ਸਮਝ ਕੇ ਵਪਾਰ ਕਰਦਾ ਹੈ –

*ਨਾਨਕ ਤਾ ਕੈ ਸਦ ਬਲਿਹਾਰੈ॥ ਅੰਗ - 283*

ਬਲਿਹਾਰ ਜਾਂਦੇ ਹਾਂ ਕਹਿੰਦੇ ਸੈਂਕੜੇ ਵਾਰੀ ਓਸ ਪੁਰਸ਼ ਦੇ ਜਿਹੜਾ ਨਾਮ ਦਾ ਧਨ ਖੱਟਦਾ ਹੈ। ਸੋ ਨਾਮ ਦਾ ਧਨ ਅਸਲੀ ਹੈ ਸਾਧ ਸੰਗਤ ਜੀ! ਇਸ ਨੂੰ ਖੱਟਣ ਵਾਸਤੇ ਹੀ ਅਸੀਂ ਸੰਸਾਰ ਤੇ ਆਏ ਹਾਂ। ਬਾਕੀ ਜੋ ਬਿਖਿਆ ਦਾ ਧਨ ਹੈ ਮਹਾਰਾਜ ਕਹਿੰਦੇ ਉਹ ਪਾਪ ਕਰ-ਕਰ ਕੇ ਖੱਟਦਾ ਹੈ। ਉਸ ਦੇ ਵਿਚ ਜਰੂਰ ਕੁਝ ਨਾ ਕੁਝ ਗਲਤ ਕਰਨਾ ਪੈਂਦਾ ਹੈ, ਨਹੀਂ ਤਾਂ ਇਕੱਠਾ ਹੁੰਦਾ ਨਹੀਂ ਹੈ। ਜੇ ਕਰਾਂਗੇ ਤਾਂ ਇਹ ਜੁੜਦਾ ਹੈ ਨਹੀਂ, ਇਹ ਹੁੰਦਾ ਨਹੀਂ ਹੈ।

ਇਸ ਦੇ ਵਿਚ ਇਹ ਖਰਾਬੀ ਹੈ ਕਿ ਕੁਝ ਨਾ ਕੁਝ ਗਲਤ ਕੰਮ ਕਰਨੇ ਪੈਂਦੇ ਨੇ ਚਾਹੇ ਕਾਲਾ ਧੰਦਾ ਕਰਨਾ ਪਏ, ਚਾਹੇ ਗੁਪਤ ਸੰਗ੍ਰਹਿ ਕਰਨਾ ਪਏ, ਚਾਹੇ ਆਮਦਨ ਕਰ ਛੁਪਾਉਣੇ ਪੈਣ, ਚਾਹੇ ਕੋਈ ਹੋਰ ਤਰੀਕਾ, ਰਿਸ਼ਵਤਾਂ ਦਾ ਹਾਸਲ ਕਰਨਾ ਪਵੇ ਕਹਿੰਦੇ ਉਸ ਦੇ ਨਾਲ ਇਹ ਧਨ ਫੇਰ ਜੋੜ ਲੈਂਦਾ ਹੈ। ਉਹ ਜੋੜਿਆ ਹੋਇਆ ਧਨ ਨਾਲ ਨਹੀਂ ਜਾਂਦਾ। ਪਾਪ ਕਰਕੇ ਸਾਕਤਾਂ ਨੇ, ਪ੍ਰਮੇਸ਼ਰ ਤੋਂ ਬੇਮੁਖ ਪੁਰਸ਼ਾਂ ਨੇ ਇਹ ਧਨ ਖੱਟਣ ਦਾ ਯਤਨ ਕਰਿਆ, ਲੇਕਿਨ ਜਦੋਂ ਸਰੀਰ ਛੁਟਦਾ ਹੈ, ਇਹ ਤਾਂ ਇਥੇ ਹੀ ਰਹਿ ਜਾਂਦਾ ਹੈ। ਜਿਹੜੇ ਕਰਮ ਕੀਤੇ ਨੇ ਇਸ ਨੂੰ ਹਾਸਲ ਕਰਨ ਵਾਸਤੇ ਉਹ ਨਾਲ ਤੁਰ ਪੈਂਦੇ ਨੇ। ਉਹ ਨਾਲ ਜਾ ਕੇ ਦਰਗਾਹ ਦੇ ਵਿਚ ਫੇਰ ਸ਼ਰਮਿੰਦਾ ਕਰਦੇ ਨੇ –

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥*
*ਅੰਗ - 471*

ਫੇਰ ਕੀ ਰਹਿ ਜਾਂਦਾ ਹੈ? ਕਹਿੰਦੇ –

*ਕਰਿ ਅਉਗਣ ਪਛੋਤਾਵਣਾ॥ ਅੰਗ - 471*

ਪਛਤਾਵਾ ਰਹਿ ਜਾਂਦਾ ਹੈ। ਸੋ ਇਹ ਦੋਏ ਪੱਖ ਗੁਰੂ ਮਹਾਰਾਜ ਨੇ ਸਾਡੇ ਸਾਹਮਣੇ ਰੱਖੇ ਨੇ। ਸਾਡਾ ਇਹ ਫਰਜ਼ ਹੈ ਕਿ ਬੁੱਧੀ ਸਾਨੂੰ ਪ੍ਰਮੇਸ਼ਰ ਨੇ ਦਿੱਤੀ ਹੈ ਅਸੀਂ ਕੀ ਚਾਹੁੰਦੇ ਹਾਂ? ਕਿਹੜਾ ਧਨ ਸਾਨੂੰ ਚੰਗਾ ਲਗਦਾ ਹੈ? ਉਹ ਚੰਗਾ ਲਗਦਾ ਹੈ ਕਿ ਜਿਹੜਾ ਇਥੇ ਸੰਸਾਰ ਵਿਚ ਛੱਡ ਜਾਈਏ ਤੇ ਕੀਤੇ ਹੋਏ ਕਰਮਾਂ ਦਾ ਫਲ ਭੋਗੀਏ ਜਾਂ ਉਹ ਚੰਗਾ ਲਗਦਾ ਹੈ ਜਿਹੜਾ ਨਾਲ ਹੀ ਜਾਵੇ ਤੇ ਹਰ ਥਾਂ ਦੇ ਉਤੇ ਜੈ-ਜੈਕਾਰ ਹੁੰਦੀ ਤੁਰੀ ਜਾਵੇ। ਸੰਸਾਰ ਤੇ ਤਾਂ ਰਹਿਣਾ ਨਹੀਂ। ਇਥੇ ਸਦਾ ਰਹਿਣ ਵਾਸਤੇ ਕੋਈ ਨਹੀਂ ਆਇਆ ਸਭ ਜਾਣ ਵਾਸਤੇ ਆਏ ਨੇ। ਕਿੰਨਾ ਹੀ ਚਿਰ ਕੱਟ ਲਓ ਅਖੀਰ ਫੇਰ ਜਾਣਾ ਹੀ ਹੈ। ਸੋ ਜਦੋਂ ਜਾਣਾ ਹੀ ਹੈ ਤਾਂ ਉਹ ਕੰਮ ਨਾ ਕਰੋ –

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*
*ਅੰਗ - 918*

ਜਿਸ ਦਾ ਪਛਤਾਵਾ ਲੱਗ ਜਾਵੇ ਐਸਾ ਕੰਮ ਨਾ ਕਰੋ। ਉਹ ਕੰਮ ਕਰੋ ਕਿ ਜੈ-ਜੈਕਾਰ ਹੋਵੇ, ਧੰਨ ਧੰਨ ਹੋਵੇ, ਸੁਖਾਲੇ ਜਾਈਏ, ਸੁਖਾਲੇ ਜਾ ਕੇ ਰਹੀਏ ਤੇ ਹਮੇਸ਼ਾ ਵਾਸਤੇ ਸਾਨੂੰ ਸੁੱਖਾਂ ਦੀ ਪ੍ਰਾਪਤੀ ਹੋਵੇ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਇਹ ਪਿਰਮ ਪਿਆਲਾ ਖਸਮ ਕਾ........।

*ਪ੍ਰਭਜੋਤ ਕੌਰ*

ਇਸ ਸਾਲ ਭਾਵ 2003, ਫਿਰ 31 ਅਕਤੂਬਰ ਦਾ ਦਿਹਾੜਾ ਸੰਤ ਮਹਾਰਾਜ ਜੀ ਦੀ ਯਾਦ ਵਿਚ ਮਨਾਇਆ ਗਿਆ। ਹਜ਼ਾਰਾਂ ਹੀ ਸੰਗਤਾਂ, ਆਪ ਜੀ ਦੀ ਪਵਿੱਤਰ ਯਾਦ ਮਨਾਉਣ ਲਈ ਦੇਸ਼-ਵਿਦੇਸ਼ ਤੋਂ ਆਪ ਜੀ ਦੇ ਪਾਵਨ ਅਸਥਾਨ ਤੇ ਪਹੁੰਚੀਆਂ। ਆਪੋ-ਆਪਣੀਆਂ, ਨਿੱਘੀਆਂ, ਪ੍ਰੇਮ-ਭਿੰਨੀਆਂ ਸ਼ਰਧਾਂਜਲੀਆਂ ਅਰਪਨ ਕੀਤੀਆਂ ਤੇ ਅਨੇਕਾਂ ਹੀ ਗੁਪਤ ਬਰਕਤਾਂ ਆਪੋ-ਆਪਣੀਆਂ ਝੋਲੀਆਂ 'ਚ ਸਮੇਟ ਕੇ ਵਾਪਸ ਪਰਤ ਗਈਆਂ। ਬੀਜੀ ਦੇ ਦਰਸ਼ਨ ਦੀਦਾਰੇ ਬੇਅੰਤ ਮਹਾਂਪੁਰਸ਼ਾਂ ਦੇ ਪ੍ਰਵਚਨ, ਸਤਿਪੁਰਸ਼ਾਂ ਦਾ ਪਿਆਰ ਤੇ ਸਭ ਤੋਂ ਵੱਡੀ ਸਤਿਗੁਰ ਸੱਚੇ ਪਾਤਸ਼ਾਹ ਦੀ ਅਪਰ-ਅਪਾਰ ਬਖਸ਼ਿਸ਼ ਦਾ ਸਭ ਨੇ ਖੂਬ ਅਨੰਦ ਮਾਣਿਆ। ਜੇ ਪਿਆਰੇ ਦੀ ਯਾਦ ਵਿਚ ਹੰਝੂ ਕਿਰੇ, ਉਹ ਦੁਖ ਦੇ ਜ਼ਰੂਰ ਸੀ, ਪਰ ਉਨ੍ਹਾਂ ਵਿਚ ਵੀ ਵਿਸਮਾਦ ਹੈ। ਵੇਖੋ ਨਾ, ਸਤਿਗੁਰ ਕਹਿੰਦੇ, ਹੁਣ ਤੇਰੇ ਰੋਣ ਵਿਚ ਵੀ ਫਰਕ ਪੈ ਗਿਆ। ਓ, ਤੇਰੇ ਹੱਸਣ ਵਿਚ, ਤੇਰੇ ਜੀਵਨ ਵਿਚ ਤਾਂ ਸਤਿਗੁਰੂ ਦੀ ਸੰਗਤ ਕਰਕੇ ਫਰਕ ਆਉਣਾ ਸੀ, ਹੁਣ ਤੇਰੇ ਰੋਣ ਵਿਚ ਵੀ ਫਰਕ ਪੈ ਗਿਆ। ਦੇਖ, ਕਿਤੇ ਇਸ ਰੋਣੇ ਨੂੰ ਰੋਣਾ ਹੀ ਨਾ ਸਮਝ ਬੈਠਣਾ। ਨਹੀਂ, ਇਹ ਹੰਝੂ ਹੁਣ ਬੈਰਾਗ ਬਣ ਚੁੱਕੇ ਨੇ। ਇਹ ਪਿਆਰਿਆ ਤੇਰੇ ਨਹੀਂ, ਇਹ ਕਿਸੇ ਪੂਰੇ ਦੀ ਸਿੱਕ ਵਿਚ ਆਏ ਨੇ, ਤੇ ਤੱਕ ਨਾ ਰਤਾ ਕੁ ਇਨ੍ਹਾਂ ਦੀ ਤਾਕਤ ਨੂੰ, ਤੇਰੇ ਉਸ ਅਮੋੜ ਮਨ ਨੂੰ ਪਿਆਰੇ ਨਾਲ ਜਾ ਜੋੜਿਆ। ਇਹ ਤੇਰੇ ਨਹੀਂ, ਇਹ ਤਾਂ ਉਸਦੀ ਦਾਤ ਹੈ। ਕੀ ਕਹਿੰਦੇ ਨੇ ਹਜ਼ੂਰ, ਸਾਹਿਬ ਬੋਲ ਪਏ, ਕੀ ਫੁਰਮਾਇਆ –

*ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥*
*ਅੰਗ - 947*

ਸਾਰੀ-ਸਾਰੀ ਉਮਰ ਗੁਰਦੁਆਰੇ ਜਾਈ ਜਾਂਦੇ ਨੇ। ਕਈ ਮੇਰੇ ਵਰਗੇ ਤੇ ਜੇ ਕਦੇ ਖਲ੍ਹਾਰ ਕੇ ਪੁਛੋਂ ਨਾ ਬਈ ਕਿਉਂ ਜਾਂਦੇ ਹੋ? ਪਤਾ ਈ ਨਹੀਂ। ਬਸ ਖਾਨਾ-ਪੂਰਤੀ, ਸਾਰੇ ਜਾਂਦੇ ਨੇ ਮੈਂ ਵੀ ਜਾਨਾਂ। ਤੇ ਛੁੱਟੀ। ਕਈ ਕਹਿ ਛੱਡਣਗੇ, ਜੀ ਮਹਾਰਾਜ ਜੀ ਦੇ ਦਰਸ਼ਨ ਕਰਨ ਜਾਈਦਾ ਹੈ। ਬੜੇ ਚੰਗੇ ਨੇ ਜਿਨ੍ਹਾਂ ਨੂੰ ਇੰਨੀ ਵੀ ਸੋਝੀ ਹੈ। ਪਰ ਜੇ ਕਿਧਰੇ ਮਿਲ ਜਾਏ ਕੋਈ ਪੂਰਾ ਸਾਧੂ, ਪੂਰਾ ਹੋਵੇ, ਉਹ ਦਸਦੇ ਨੇ ਫਿਰ, ਤਦੇ ਤਾਂ ਬਾਣੀ ਕਹਿੰਦੀ ਹੈ, 'ਸਾਧੂ ਬਿਨ ਨਾਹੀ ਦਰਬਾਰ।" ਬਾਣੀ ਤਾਂ ਬੋਲਦੀ ਹੈ। ਹਜ਼ੂਰ ਤਾਂ ਹਰ ਵਕਤ ਬੋਲਦੇ ਨੇ। ਆਉਂਦਾ ਹੈ ਸਮਝ ਕਿਸੇ ਦੇ? ਨਹੀਂ। ਅੱਛਾ ਚਲੋ ਸਮਝ ਵੀ ਪੈ ਗਈ, ਮਨ ਤੁਰਦੈ ਬੰਦਾ ਬਣ ਕੇ ਕਦੇ? ਨਹੀਂ। ਕਦੇ ਨਹੀਂ। ਪਿਤਾ ਜੀ ਕਹਿੰਦੇ ਹੁੰਦੇ, ਬਈ ਜੇ ਤੇਰਾ ਮਨ ਭਜਨ ਬੰਦਗੀ ਵਲ, ਗੁਰੂ ਵਲ ਨਹੀਂ ਮੁੜਦਾ, ਚਿੱਤ ਨਹੀਂ ਲਗਦਾ ਨਾ, ਤੇਰੇ ਅੰਦਰ ਪਿਆਰ ਦੀ ਅਣਹੋਂਦ ਹੈ। ਕੀ ਹੈ ਪਿਆਰ?

*ਜਿਸੁ ਸੁਖ ਕਉ ਨਿਤ ਬਾਛਹਿ ਮੀਤ॥*
*ਸੋ ਸੁਖੁ ਸਾਧੂ ਸੰਗਿ ਪਰੀਤਿ॥ ਅੰਗ - 288*

ਕਰਕੇ ਦੇਖ ਲਓ। ਗੱਲਾਂ 'ਚ ਨਾ ਪਉ। ਦੁਨੀਆਂ ਕੀ ਪਿਆਰ ਦੇ ਸਕਦੀ ਹੈ? ਪਿਆਰ ਤਾਂ ਦਿੰਦੇ ਨੇ ਵਾਹਿਗੁਰੂ ਦੇ ਪਿਆਰੇ। ਸਾਰੀ ਦੁਨੀਆਂ ਨੂੰ ਪਿਆਰੇ ਦੇ ਕਲਾਵੇ 'ਚ ਬੰਦ ਕਰ ਲੈਂਦੇ ਨੇ। ਗੁਰਬਾਣੀ ਗਵਾਹੀ ਦੇ ਰਹੀ ਹੈ –

*ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ....॥*
*ਅੰਗ - 555*

ਨਹੀਂ ਗੱਲ ਬਣਨੀ ਜੇ ਪਿਆਰ ਨਾ ਪਿਆ। ਮਨ ਦਾ ਸੁਭਾਅ ਮਸਤੇ ਸਾਨ੍ਹ ਵਰਗਾ ਹੈ। ਕਿੰਨੇ ਅਉਸਰ ਕਰਦੇ ਨੇ ਬੰਦਗੀ ਕਰਨ ਵਾਲੇ। ਕਾਬੂ ਆਉਂਦਾ ਹੈ ਕਿਤੇ। ਸੰਗਲ ਤੁੜਾ ਤੁੜਾ ਕੇ ਭਜਦੈ। ਬੰਦੇ ਨੂੰ ਚੱਕ-ਚੱਕ ਕੇ ਮਾਰਦਾ ਹੈ, ਪੁੱਠੇ ਕੰਮ ਕਰਵਾਈ ਜਾਂਦਾ ਹੈ, ਪਾਪ ਕਰਾਈ ਜਾਂਦੈ ਤੇ ਫਿਰ ਰਾਜਾ ਬਣਿਆ ਬੈਠਾ ਰਾਜ ਕਰਦਾ ਹੈ। ਇਹਨੂੰ ਇਕੋ ਹੀ ਜੇਵਰੀ ਪਾਉਂਦਾ ਹੈ ਪੂਰਾ। ਪਿਆਰ ਦੀ ਜੇਵਰੀ – ਫਿਰ ਇਹੀ ਮਨ ਸਾਥੀ ਬਣ ਜਾਂਦਾ ਹੈ। ਫਿਰ ਦੇਖੋ ਕਿਥੇ ਪਹੁੰਚਾਉਂਦਾ ਹੈ – ਅਬਿਨਾਸੀ ਰਾਜ ਪ੍ਰਾਪਤ ਹੁੰਦਾ ਹੈ। ਆਦਮੀ ਜੀਉਂਦਾ ਮੁਕਤ ਹੋ ਜਾਂਦਾ ਹੈ। ਪਰ ਮੁਸ਼ਕਿਲ ਕਿਥੇ ਆ ਕੇ ਖੜ੍ਹੀ ਹੈ ਕਿ ਪਿਆਰ ਨਹੀਂ ਪੈਂਦਾ। ਸੰਬੰਧ ਨਹੀਂ ਜੁੜਦਾ ਹੈ। ਟੁੱਟੇ ਹੋਏ ਬੈਠੇ ਹਾਂ। ਰੋਜ਼ ਮਰਾ ਦੀ ਜ਼ਿੰਦਗੀ ਨੂੰ ਗਹੁ ਨਾਲ ਦੇਖੋ। ਆਦਮੀ ਦੁਖੀ ਹੁੰਦਾ ਹੈ, ਸੁਖੀ ਹੁੰਦਾ ਹੈ, ਰੋਂਦੈ, ਕੁਰਲਾਉਂਦੈ, ਹੱਸਦੈ, ਮਸਤੀਆਂ ਕਰਦਾ ਫਿਰਦਾ ਹੈ, ਪਰ ਮਜ਼ਾਲ ਐ ਰੱਬ ਚੇਤੇ ਆ ਜਾਏ। ਕਿਵੇਂ ਚੇਤੇ ਆਏ ਜਿਹਦੇ ਨਾਲ ਪਿਆਰ ਹੀ ਨਹੀਂ ਪਿਆ। ਸਾਰੀ ਉਮਰ ਖੱਪ ਜਾਂਦੀ ਹੈ ਤੇ ਕੀ ਨਿਬੜਦਾ ਹੈ। ਕੁਝ ਵੀ ਨਹੀਂ।

ਸੰਤ ਮਹਾਰਾਜ ਜੀ ਨੇ ਆਪਾਂ ਨੂੰ ਤਰੀਕੇ ਦੱਸੇ ਨੇ ਕਿ ਕਿਵੇਂ ਜੁੜਿਆ ਜਾਵੇ, ਉਸ ਨਾਲ ਜਿਹੜਾ ਸਾਰਿਆਂ ਦੇ ਅੰਦਰ ਬੈਠੈ? ਕੋਈ ਵੀ ਉਸ ਦੀ ਹੋਂਦ ਤੋਂ ਬਾਹਰ ਨਹੀਂ, ਉਸ ਅਗਮ-ਅਗੋਚਰ ਨਾਲ ਸਾਂਝ ਕਿਵੇਂ ਪਏ ਤੇ ਆਪ ਜੀ ਫੁਰਮਾਉਂਦੇ ਹੁੰਦੇ ਕਿ ਉਸ ਸ਼ਬਦ ਨੂੰ ਸਿੱਖਣ ਲਈ ਜਿਹੜੀ ਚਾਟਸਾਲ ਹੈ ਉਹ ਸਤਿਸੰਗਤ ਹੈ। ਕੀ ਕਹਿੰਦੇ ਨੇ ਹਜ਼ੂਰ–

*ਸਤਿਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥*
*ਅੰਗ - 1316*

ਚਾਟਸਾਲ ਹੈ ਤੇ ਉਥੇ ਕੀ ਸਿਖਾਇਆ ਜਾਂਦਾ ਹੈ, ਪਿਆਰ, ਨਾਮ। ਉਥੇ ਇਹ ਸ਼ਬਦ ਬਾਰ-ਬਾਰ ਦੁਹਰਾਇਆ ਜਾਂਦਾ ਹੈ ਤਾਂ ਕਿ ਪੱਕ ਜਾਏ। ਇਸ ਦਾ ਜਾਪ ਕੀਤਾ ਜਾਂਦਾ ਹੈ ਅਤੇ ਮਹਾਰਾਜ ਜੀ ਕਹਿੰਦੇ ਨੇ 'ਬਾਰੰਬਾਰ ਬਾਰ ਬਾਰ ਪ੍ਰਭ ਜਪੀਐ।' ਕਈ ਪੁੱਛ ਲੈਂਦੇ ਨੇ ਨਾ, ਸੰਤ ਮਹਾਰਾਜ ਨੂੰ ਵੀ ਸਵਾਲ ਕਰੀ ਜਾਂਦੇ ਸੀ ਜੀ ਕਿੱਦਾਂ ਜਪੀਏ, ਕਿੰਨਾ

ਜਪੀਏ, ਗੁਰੂ ਮਹਾਰਾਜ ਕਹਿੰਦੇ ਜਪੀ ਜਾ, ਜਪੀ ਜਾ, ਜਪੀ ਜਾ, ਕਦੋਂ ਤੱਕ? ਜਦੋਂ ਤੱਕ ਤੂੰ ਜਪ ਦਾ ਰੂਪ ਨਹੀਂ ਬਣ ਜਾਂਦਾ। ਪਰ ਅਜ਼ਮਾ ਕੇ ਦੇਖੋ, ਪਿਆਰ ਨਾ ਹੋਵੇ ਹਿਰਦੇ ਵਿਚ ਤੇ ਜਪਣਾ ਵੀ ਬੜਾ ਔਖਾ ਤੇ ਜੇ ਪਿਆਰ ਪੈ ਜਾਵੇ ਤੇ ਫਿਰ ਭੁੱਲਦਾ ਹੀ ਨਹੀਂ। ਪਿਆਰ ਦੀ ਅਣਹੋਂਦ ਹੀ ਭੁੱਲ ਹੈ। ਜਦੋਂ ਇਹ ਓਹਲਾ ਖਤਮ ਹੋ ਗਿਆ, ਸਦੀਵੀ ਯਾਦ ਆਪੇ ਹੀ ਬਣ ਆਉਂਦੀ ਹੈ। ਐਸਾ ਸੰਤ ਮਹਾਰਾਜ ਜੀ ਦਸਦੇ ਹੁੰਦੇ। ਜੁਗਾਂ ਜੁਗਾਤਰਾਂ ਤੋਂ ਹੀ ਪ੍ਰੇਮ ਦਾ ਜਜ਼ਬਾ ਇਕ ਐਸਾ ਜਜ਼ਬਾ ਰਿਹਾ ਹੈ ਜਿਸਦੇ ਪ੍ਰਮੇਸ਼ਰ ਵਸੀਭੂਤ ਹੈ। ਹਾਂ ਉਸ ਪ੍ਰੇਮ ਦੀਆਂ ਸ਼ਾਖਾਵਾਂ ਕਈ ਹੋ ਨਿਬੜੀਆਂ, ਕਿਤੇ ਸੇਵਾ, ਕਿਤੇ ਸਿਮਰਨ, ਕਿਤੇ ਕੀਰਤਨ, ਕੁਝ ਹੋਰ ਸਾਧਨ ਆਦਿ ਪਰ ਹਰ ਸ਼ਾਖਾਂ ਆਪਣੇ ਕੇਂਦਰ ਨਾਲ ਜੁੜੀ ਹੈ। ਦੁਆਪਰ ਯੁੱਗ ਦੇ ਅੰਦਰ ਕ੍ਰਿਸ਼ਨ ਮਹਾਰਾਜ ਜੀ ਦਾ ਅਵਤਾਰ ਹੋਇਆ। ਕ੍ਰਿਸ਼ਨ ਲੀਲਾ, ਬੜਾ ਸੁੰਦਰ ਵਰਨਣ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਸ਼ਨ ਅਵਤਾਰ ਵਿਚ ਕੀਤਾ ਹੈ।

ਕ੍ਰਿਸ਼ਨ ਮਹਾਰਾਜ ਜੀ ਦੇ ਅੰਨਿਨ ਭਗਤ ਹੋਏ ਹਨ ਬਿਦਰ ਜੀ। ਗੁਰਬਾਣੀ ਅੰਦਰ ਆਪ ਜੀ ਦੀ ਬਾਬਤ ਕਈ ਸ਼ਬਦ ਵੀ ਆਉਂਦੇ ਹਨ। ਬਿਦਰ ਜੀ ਬਹੁਤ ਹੀ ਭਗਤੀ ਭਾਵਨਾ ਵਾਲੇ ਪ੍ਰੇਮੀ ਸਨ। ਉਨ੍ਹਾਂ ਦੇ ਘਰੋਂ ਬੀਬੀ ਵੀ ਕ੍ਰਿਸ਼ਨ ਮਹਾਰਾਜ ਜੀ ਦੀ ਅਰਾਧਨਾ ਕਰਦੀ ਸੀ। ਪ੍ਰੀਤ ਪੈਂਦੀ ਔਖੀ ਹੈ, ਕੋਈ ਇਨਸਾਨ ਇਸ ਨੂੰ ਨਿਭਾ ਨਹੀਂ ਸਕਦਾ। ਯਕੀਨ ਕਰਨਾ ਇਸ ਨੂੰ ਜਨਮ ਦੇਣ ਵਾਲਾ ਦਾਤਾ ਹੀ ਇਸ ਨੂੰ ਨਿਭਾ ਸਕਦਾ ਹੈ ਜਾਂ ਉਸ ਦੀ ਜਿਸ ਤੇ ਕ੍ਰਿਪਾ ਹੋ ਜਾਵੇ, ਉਹ ਇਸ ਕਸਵੱਟੀ 'ਚੋਂ ਲੰਘਦਾ ਹੈ। ਇਹ ਪ੍ਰੇਮੀ ਜੋੜਾ, ਆਪਣੀ ਪ੍ਰੇਮ ਨੂੰ ਜਨਮ ਦੇਣ ਵਾਲੇ ਮਾਲਕ ਦੀ ਯਾਦ ਅੰਦਰ ਆਪਣੀ ਜ਼ਿੰਦਗੀ ਬਤੀਤ ਕਰਦਾ ਜਾ ਰਿਹਾ ਹੈ। ਇਕ ਆਮ ਝੂਠੀ ਪ੍ਰੀਤ, ਇਉਂ ਗੁਰਬਾਣੀ ਦਾ ਨਿਰਣਾ ਹੈ, ਉਸ ਵਿਚੋਂ ਵੀ ਪਤਾ ਨਹੀਂ ਕਿੰਨੀਆਂ ਕੁ ਆਸਾ ਉਪਜ ਆਉਂਦੀਆਂ ਹਨ ਤੇ ਇਹ ਤਾਂ ਪ੍ਰੀਤ ਹੀ ਸੱਚੇ ਦੀ ਹੈ, ਮੈਂ ਕੀ ਕਰਾਂ, ਇਸ ਦੇ ਵਿਚੋਂ ਕਿੰਨੀਆਂ ਕੁ ਆਸਾਂ ਤੇ ਰੀਝਾਂ ਉਪਜਦੀਆਂ ਹਨ, ਇਸ ਬਾਰੇ ਕਹਿਣਾ ਬੜਾ ਔਖਾ ਹੈ। ਪ੍ਰੇਮੀ ਦਾ ਹਰ ਆਉਣ ਵਾਲਾ ਸੁਆਸ ਆਪਣੇ ਪਿਆਰੇ ਬਾਰੇ, ਕਈ ਚਾਵਾਂ ਨਾਲ ਲੱਦਿਆ ਆਉਂਦਾ ਹੈ, ਪਰ ਅੰਤਰ ਹੈ, ਕੋਈ ਮਨਚਲਾ ਕਿਤੇ ਇਹ ਹੀ ਨਾ ਸਮਝ ਲਏ ਬਈ ਜਦੋਂ ਕੋਈ ਮੁਰੀਦ ਆਪਣੇ ਮੁਰਸ਼ਦ ਨੂੰ ਪਿਆਰ ਕਰਦਾ ਹੈ ਤੇ ਉਹ ਨਾਲ ਮੰਗਾਂ ਵੀ ਰਖਦਾ ਹੈ। ਐਸਾ ਨਹੀਂ ਜਦੋਂ ਧੇਹ ਪੂਰਾ ਹੋਵੇ ਤੇ ਉਸ ਧੇਹ ਨੂੰ ਜੀਅ ਜਾਨ ਨਾਲ ਪਿਆਰ ਕਰਨ ਵਾਲਿਆਂ ਦੀਆਂ ਕਾਮਨਾਵਾਂ ਵੀ ਪੂਰੀਆਂ ਹੁੰਦੀਆਂ ਹਨ ਪਰ ਇਹ ਆਸ਼ਾ ਪਿਆਰੇ ਦੀ ਪਿਆਰ ਵਿਚ ਸਮਾਅ ਜਾਣ ਦੀਆਂ ਨੇ, ਉਸ ਦੇ ਦੀਦਾਰ ਦੀਆਂ ਨੇ, ਉਸ ਦੇ ਪਿਆਰ ਦੀਆਂ ਨੇ, ਉਸ ਦੇ ਨਾਮ ਦੀਆਂ ਨੇ, ਉਸ ਦੀਆਂ ਬਾਤਾਂ ਦੀਆਂ ਨੇ। ਬੜੀਆਂ ਨੇ, ਅਣਗਿਣਤ ਨੇ। ਜਿਵੇਂ ਪ੍ਰੇਮ ਅਕੱਥ ਹੈ, ਤਿਵੇਂ ਮੁਰਸ਼ਦ ਦੇ ਪਿਆਰ 'ਚ ਭਿੱਜੀਆਂ ਰੂਹਾਂ ਦੇ ਪਿਆਰ ਭਿੱਜੇ ਵਲਵਲੇ ਵੀ ਅਕੱਥ ਨੇ। ਇਨ੍ਹਾਂ ਦੇ ਅੰਦਰ ਵੀ ਲੋਚਾ ਹੈ। ਉਹ ਮਘਦੀ ਹੈ। ਭਾਵੇਂ ਸਾਰੀ ਧਰਤੀ ਰੱਬ ਦੀ ਹੀ ਹੈ, ਪਰ ਫਿਰ ਵੀ ਹਰ ਪ੍ਰੇਮੀ ਦੇ ਦਿਲ ਵਿਚ ਇਹ ਉਮੰਗ ਹੁੰਦੀ ਹੈ ਕਿ ਉਸ ਦਾ ਪਿਆਰਾ ਜ਼ਰੂਰ ਹੀ ਸਰੀਰ ਕਰਕੇ, ਉਸ ਦੇ ਘਰ ਨੂੰ ਭਾਗ ਲਾਏ। ਇੰਨੀਆਂ ਆਸਾਂ ਪਿਆਰ ਦੇ ਵਿਚੋਂ ਉਪਜ ਆਉਂਦੀਆਂ ਹਨ ਕਿ ਉਹ ਪ੍ਰੇਮੀ ਆਪਣੀਆਂ ਆਸਾਂ ਤੇ ਮੁਰਸ਼ਦ ਵਲ ਦੇਖ-ਦੇਖ ਕੇ ਹੀ, ਉਨ੍ਹਾਂ ਦੇ ਵਿਚਕਾਰ ਤਾਰੀਆਂ ਲਾਉਂਦੇ ਆਪਣੀ ਇਸ ਫਾਨੀ ਜ਼ਿੰਦਗੀ ਦੇ ਸਫਰ ਤੇ ਆਤਮਿਕ ਪੈਂਡੇ ਨੂੰ ਬੇਹੱਦ ਉਤਮ ਤੇ ਰੰਗੀਨ ਕਰਦੇ ਚਲੇ ਜਾਂਦੇ ਹਨ।

ਵਾਹਿਗੁਰੂ ਦੇ ਪਿਆਰ ਨਾਲ ਪਵਿੱਤਰ ਹੋਏ ਨਿੱਜ ਪਿਆਰ ਨਾਲ ਸਿੰਜੀਆਂ ਭਾਵਨਾਵਾਂ ਰਾਹੀਂ ਆਪਣੇ ਮੁਰਸ਼ਦ ਨਾਲ ਜੁੜਿਆ ਇਹ ਜੋੜਾ ਹਰ ਰੋਜ਼ ਆਪਣੇ ਪਿਆਰੇ ਦੀ ਉਡੀਕ ਕਰਦਾ ਹੈ। ਪੂਰਿਆਂ ਨੂੰ ਨਿਉਤਿਆਂ ਦੀ ਲੋੜ ਨਹੀਂ ਹੁੰਦੀ। ਹਾਂ, ਦੁਨੀਆਂਦਾਰੀ ਲਈ ਕੁਝ ਵੀ ਕਰ ਜਾਂਦਾ ਹੈ ਆਦਮੀ। ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਸਤਿਪੁਰਸ਼ਾਂ ਨੂੰ ਬੇਨਤੀ ਹੀ ਨਾ ਕੀਤੀ ਜਾਏ। ਭਾਵਨਾ ਕੋਈ ਬੇਜ਼ੁਬਾਨ ਚੀਜ਼ ਨਹੀਂ ਹੈ, ਭਾਵਨਾ ਦੀ ਆਵਾਜ਼ ਗੁਰੂ ਤੱਕ ਪਹੁੰਚਦੀ ਹੈ। ਸੱਚੇ-ਸੁੱਚੇ ਹਿਰਦਿਆਂ 'ਚੋਂ ਨਿਕਲੀਆਂ ਪੁਕਾਰਾਂ, ਬੇਨਤੀਆਂ, ਵਾਹਿਗੁਰੂ ਜੀ ਦੇ ਦਰ ਜ਼ਰੂਰ ਪ੍ਰਵਾਨ ਹੁੰਦੀਆਂ ਹਨ। ਖੈਰ, ਇਹੋ ਜਿਹੇ ਸਾਰੇ ਭਾਵ ਪਿਆਰ ਦੀ ਭਾਸ਼ਾ ਹੀ ਹਨ ਤੇ ਐਸੀ ਮਨੋਦਸ਼ਾ ਇਸ ਜੋੜੇ ਦੀ ਬਣੀ ਪਈ ਹੈ। ਹਰ ਵਕਤ ਰਾਹ ਦੇਖਦੇ ਰਹਿੰਦੇ ਹਨ ਪਿਆਰੇ ਦਾ। ਬੇਚੈਨੀ, ਬੇਕਰਾਰੀ ਅੱਖਾਂ 'ਚੋਂ ਸਾਫ ਝਲਕਦੀ ਹੈ। ਕੰਨ ਮਾਨੋਂ ਬੜੀ ਤਾਕ 'ਚ ਹਨ ਕਿ ਕਦੋਂ ਉਹ ਬੋਲ ਸੁਣਨ। ਅੱਖਾਂ ਲੱਭਦੀਆਂ-ਫਿਰਦੀਆਂ ਹਨ ਆਪਣੇ ਪਿਆਰੇ ਨੂੰ। ਸ਼ਾਂਤ ਨਹੀਂ ਪੈ ਰਹੀ। ਅਤਿ ਦੀ ਬਿਹਬਲਤਾ ਹੋ ਚੁੱਕੀ ਹੈ। ਅੱਜ ਕ੍ਰਿਸ਼ਨ ਮਹਾਰਾਜ ਜੀ ਦੁਆਰਕਾ ਨਗਰੀ ਆ ਪਹੁੰਚੇ ਹਨ। ਗੁਰੂ ਅੰਤਰਜਾਮੀ ਹੁੰਦਾ ਹੈ। ਪਿਆਰਿਓ! ਇਕੋ ਤਾਂ ਦਰ ਹੈ ਜਿਥੇ ਬੇਜ਼ੁਬਾਨਾਂ ਦੀ, ਜ਼ੁਬਾਨ ਵਾਲਿਆਂ ਦੀ, ਹਿਰਦਿਆਂ ਦੀ, ਪੀੜਾ ਨੂੰ ਜਾਣਿਆ ਜਾਂਦਾ ਹੈ। ਉਹ ਦਰ ਪੂਰੇ ਗੁਰੂ ਦਾ ਹੈ। ਬਿਨ ਬੋਲਿਆਂ ਹੀ ਜਾਣਦਾ ਹੈ। ਤੱਕ ਰਹੇ ਨੇ ਕ੍ਰਿਸ਼ਨ ਮਹਾਰਾਜ ਦੁਰਯੋਧਨ ਨੂੰ। ਰਾਜ ਮੱਧ ਨਾਲ ਭਰਿਆ ਪਿਆ। ਦੁਰਯੋਧਨ ਸਕੀਮਾ ਘੜਦਾ ਹੈ। ਬਈ ਜੇ ਰਾਜ ਸਭਾ ਕ੍ਰਿਸ਼ਨ ਮਹਾਰਾਜ ਜੀ ਦੇ ਸਤਿਕਾਰ 'ਚ ਉਠ ਕੇ ਨਾ ਖੜ੍ਹਾ ਹੋਇਆ ਤਾਂ ਭਗਵਾਨ ਦਾ ਨਿਰਾਦਰ ਹੈ, ਜੇ ਖੜ੍ਹਾ ਹੋਵਾਂਗਾ ਤਾਂ ਫਿਰ ਮੇਰੀ ਇੱਜ਼ਤ ਕੀ ਰਹੇਗੀ, ਮੈਂ ਤਾਂ ਰਾਜਾ ਹਾਂ। ਆਖਰ ਸੋਚਦਾ ਹੈ ਕਿ ਘੋੜਿਆਂ ਦੇ ਤਬੇਲੇ 'ਚ ਹੀ ਕ੍ਰਿਸ਼ਨ ਜੀ ਨਾਲ ਮੁਲਾਕਾਤ ਕੀਤੀ ਜਾਵੇ। ਕੀ ਕਹਿਣਾ ਹੈ, ਇਸ ਮੱਧ ਦਾ, ਹਿੱਲਣ ਨਹੀਂ ਦਿੰਦਾ। ਵੱਡਿਆਂ ਵੱਡਿਆਂ ਦੀ ਅਕਲ ਮਰ ਜਾਂਦੀ ਹੈ। ਗੁਰੂ-ਪੀਰਾਂ ਅੱਗੇ ਵੀ ਝੁਕਣ ਨੂੰ ਤਿਆਰ ਨਹੀਂ। ਮਹਾਰਾਜ ਕਹਿੰਦੇ ਦਰ

ਤਾਂ ਦੋ ਹੀ ਨੇ। ਇਕ ਤੇ ਆਪ ਝੁਕ ਜਾ ਠੀਕ ਹੈ ਨਹੀਂ ਤਾਂ ਜਮਾਂ ਨੇ ਤਾਂ ਝੁਕਾ ਹੀ ਦੇਣਾ ਹੈ। ਭਿਆਨਕ ਸਜ਼ਾਵਾਂ ਮਿਲਦੀਆਂ ਨੇ, ਦਰਗਾਹ ਵਿਚ, ਸੰਤ ਮਹਾਰਾਜ ਜੀ ਦਸਦੇ ਹੁੰਦੇ ਕਿ ਜਿਹੜੀਆਂ ਗਰਦਨਾਂ ਗੁਰੂ ਪੀਰਾਂ ਅੱਗੇ ਨਹੀਂ ਝੁਕਦੀਆਂ, ਉਨ੍ਹਾਂ ਗਰਦਨਾਂ ਵਿਚ ਕਿੱਲੇ ਠੋਕੇ ਜਾਂਦੇ ਹਨ। ਵੀਚਾਰ ਕਰਕੇ ਕ੍ਰਿਸ਼ਨ ਮਹਾਰਾਜ ਜੀ ਨੇ ਸਾਰੀ ਮਨੋ ਦਸ਼ਾ ਦੇਖੀ, ਰੁੱਖ ਪਲਟ ਲਿਆ। ਰਸਤੇ ਹੀ ਹੋਰ ਪੈ ਗਏ। ਸਿੱਧਾ ਬਿਦਰ ਜੀ ਦੇ ਘਰ ਜਾ ਦਸਤਕ ਦਿਤੀ।

ਅਵਾਜ਼ ਮਾਰੀ ਬਿਦਰ ਜੀ! ਬਿਦਰ ਜੀ! ਇਤਿਹਾਸ ’ਚ ਜ਼ਿਕਰ ਹੈ ਕਿ ਉਸ ਸਮੇਂ ਬਿਦਰ ਜੀ ਘਰ ਨਹੀਂ ਸਨ ਤੇ ਉਨ੍ਹਾਂ ਦੇ ਘਰੋਂ ਬੀਬੀ ਇਸ਼ਨਾਨ ਕਰ ਰਹੀ ਸੀ। ਜਦ ਉਸ ਬੀਬੀ ਦੇ ਕੰਨਾਂ ’ਚ ਆਵਾਜ਼ ਪਈ, ਉਹ ਕੰਨ ਜੋ ਤਰਸੇ ਪਏ ਸਨ ਪਿਆਰੇ ਦੇ ਬੋਲ ਸੁਣਨ ਨੂੰ, ਅੱਜ ਕ੍ਰਿਤ-ਕ੍ਰਿਤ ਹੋ ਗਏ। ਉਸ ਅਵਾਜ਼ ’ਚ ਇੰਨੀ ਖਿੱਚ ਸੀ, ਇਸ ਬੀਬੀ ਨੂੰ ਸੁੱਧ ਹੀ ਨਹੀਂ ਰਹੀ, ਵਿਸਮਾਦ ’ਚ ਆ ਗਈ ਤੇ ਨਿਰ ਵਸਤਰ ਹੀ ਦੌੜੀ ਆਈ। ਆ ਕੇ ਚਰਨਾਂ ਤੇ ਨਮਸਕਾਰ ਕੀਤੀ ਪਰ ਮਹਾਰਾਜ ਜੀ, ਘਟ ਘਟ ਦੀਆਂ ਜਾਨਣਹਾਰੇ ਪ੍ਰਭੂ ਨੇ ਆਪਣੇ ਉਪਰ ਤੋਂ ਚਾਦਰ ਉਤਾਰ ਕੇ ਉਸ ਦੇ ਉਪਰ ਪਾ ਦਿਤੀ। ਅੰਦਰ ਲੈ ਗਈ। ਉਸ ਨੂੰ ਸੂਝ ਹੀ ਨਹੀਂ ਰਿਹਾ ਕਿ ਕੀ ਕਰੇ। ਆਖਰ ਕੇਲੇ ਲੈ ਆਈ, ਬਿਦਰ ਜੀ ਵੀ ਆ ਗਏ। ਦੇਖਿਆ ਮੁਰਸ਼ਦ ਚੱਲ ਕੇ ਆ ਗਿਆ, ਪਿਆਸੇ ਕੋਲ ਪਾਣੀ ਆਪੇ ਹੀ ਚੱਲ ਕੇ ਆ ਗਿਆ, ਇਨਸਾਨੀ ਕਲਮ ਵਿਚ ਭਾਵ ਨਹੀਂ ਹੈ ਕਿ ਭਗਵਾਨ ਤੇ ਭਗਤ ਦੇ ਮੇਲ, ਬੈਰਾਗ, ਪਿਆਰ ਆਦਿ ਨੂੰ ਬਿਆਨ ਕਰ ਸਕੇ। ਤਾਂ ਤੇ ਬਿਦਰ ਜੀ ਦਾ ਧਿਆਨ ਗਿਆ। ਦੇਖਦੇ ਹਨ ਕਿ ਘਰੋਂ ਬੀਬੀ ਜੋ ਹੈ ਉਹ ਕੇਲੇ ਦਾ ਗੁਦਾ ਸੁੱਟੀ ਜਾਂਦੀ ਹੈ ਤੇ ਛਿਲਕੇ ਪ੍ਰਭੂ ਨੂੰ ਖੁਆਈ ਜਾਂਦੀ ਹੈ। ਉਨ੍ਹਾਂ ਨੇ ਸੋਚਿਆ ਸ਼ਾਇਦ ਨਿਰਾਦਰ ਹੋ ਰਿਹਾ ਹੈ। ਬਿਦਰ ਜੀ ਨੇ ਗੁਦਾ ਕ੍ਰਿਸ਼ਨ ਮਹਾਰਾਜ ਜੀ ਨੂੰ ਦਿਤਾ। ਉਸੇ ਸਮੇਂ ਮਹਾਰਾਜ ਜੀ ਦਾ ਧਿਆਨ ਪਲਟਿਆ, ਕਹਿਣ ਲੱਗੇ ਬਿਦਰ ਜੀ, ਜੋ ਸੁਆਦ ਛਿਲਕਿਆਂ ’ਚ ਆ ਰਿਹਾ ਸੀ, ਉਹ ਗੁੱਦੇ ਵਿਚ ਨਹੀਂ ਹੈ। ਐਸਾ ਹੀ ਰੰਗ ਹੈ ਪ੍ਰੇਮਾ ਭਗਤੀ ਦਾ, ਜਿਥੇ ਭਗਤ ਤੇ ਪ੍ਰੇਮ ਤੇ ਵਾਹਿਗੁਰੂ ਇਕੋ ਰੂਪ ਹੀ ਹੋ ਜਾਂਦੇ ਹਨ। ਇਥੇ ਹੀ ਬੱਸ ਨਹੀਂ, ਪ੍ਰਭੂ ਨੇ ਰਾਤ ਵੀ ਉਸੇ ਛਪਰੀ ’ਚ ਗੁਜ਼ਾਰੀ। ਬਿਦਰ ਜੀ ਦਾ ਪਾਣੀ, ਦੁੱਧ ਜਾਣ ਕੇ ਪੀਤਾ। ਸੰਸਾਰ ਨੂੰ ਬੇਅੰਤ ਪਦਾਰਥ ਬਖਸ਼ਣ ਵਾਲੇ ਦਾਤੇ, ਖੁਦ ਪ੍ਰੇਮਾ ਭਗਤੀ ’ਚ ਪਸੀਜੇ ਅਲੂਣਾ ਸਾਗ ਛਕਦੇ ਹਨ। ਉਹ ਭਲੀ ਸੁਹਾਵੀ ਛਾਪਰੀ, ਅੱਜ ਸੁਹਾਵਾ ਥਾਨ ਹੋ ਗਈ। ਸਤਿਗੁਰੂ ਦੀ ਛੋਹ ਹੀ ਐਸੀ ਹੈ ਜਿਸ ਨੂੰ ਲਗ ਜਾਏ ਉਹ ਪਵਿੱਤਰ ਮਹਾਂ-ਪਵਿਤਰ ਹੋ ਜਾਂਦਾ ਹੈ। ਸੁਣਨ ਵਾਲੇ ਪਵਿੱਤਰ ਹੋ ਜਾਂਦੇ ਹਨ, ਕਹਿਣ ਵਾਲੇ ਪਵਿੱਤਰ ਹੋ ਜਾਂਦੇ ਹਨ। ਪਰ ਸਾਡੇ ਰੋਜ਼ ਦੇ ਵਰਤਣ ਵਿਹਾਰ ਨਾਲੋਂ ਉਸ ਕਹਿਣ, ਸੁਣਨ, ਦੇਖਣ ਤੇ ਪਿਆਉਣ ਵਿਚ ਇੰਨਾਂ ਹੀ ਅੰਤਰ ਹੈ ਜਿੰਨਾਂ ਇਨਸਾਨ ਤੇ ਪ੍ਰਮੇਸ਼ਰ ਵਿਚ ਹੈ।

ਇਹੋ ਜਿਹਾ ਰਿਸ਼ਤਾ ਹੈ ਭਗਤਾਂ ਦਾ ਤੇ ਭਗਤੀ ਦੇ ਦਾਤੇ ਦਾ। ਮਹਾਰਾਜ ਜੀ ਨੇ ਇਥੋਂ ਤੱਕ ਵੀ ਆਖ ਦਿਤਾ ਹੈ ਕਿ ਭਾਈ ਸਤੀਆਂ ਵੀ ਉਹੀ ਹਨ, ਜੋ ਜੀਵ-ਆਤਮਾਵਾਂ ਵਾਹਿਗੁਰੂ ਦੇ ਬੈਰਾਗ ਦੇ ਸੇਕ ਵਿਚ ਸੜਦੀਆਂ ਹਨ।

ਬਾਕੀ ਗੁਰੂ, ਪੀਰ, ਮਹਾਂਪੁਰਖ ਤਾਂ ਹੁੰਦਾ ਹੀ ਨਿਰਾ ਪਿਆਰ ਹੈ। ਪਿਆਰ ਦੇ ਹੀ ਸਰੂਪ ਹੁੰਦੇ ਹਨ। ਹਾਂ ਆਪਣੀ ਨਜ਼ਰ ਕਮਜ਼ੋਰ ਹੋਵੇ ਜਾਂ ਉਹ ਨਜ਼ਰ ਨਾ ਹੋਵੇ ਤਾਂ ਕੁਝ ਵੀ ਨਹੀਂ ਦਿਸਦਾ। ਪਰ ਉਨ੍ਹਾਂ ਦੀ ਕਿਰਿਆ ’ਚੋਂ ਖੁਦਾਈ ਆਪ ਮੁਹਾਰੇ ਫੁਟਦੀ ਹੈ। ਨਵੰਬਰ, ਦਸੰਬਰ ਤੇ ਜਨਵਰੀ ਨਿਰੰਤਰ ਤਿੰਨ ਚਾਰ ਮਹੀਨੇ ਮਹਾਨ ਗੁਰਪੁਰਬ, ਸ਼ਹੀਦੀ ਜੋੜ ਮੇਲੇ ਮਨਾਏ ਜਾਂਦੇ ਹਨ। ਦੱਸੋਂ ਜੋਤਾਂ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਚਾਰ ਸਾਹਿਬਜ਼ਾਦੇ, ਗੁਰਸਿੱਖਾਂ ਦੀਆਂ ਸ਼ਹਾਦਤਾਂ, ਮਨੁੱਖਤਾ ਲਈ ਪ੍ਰੇਮ, ਮੁਰਸ਼ਦ ਲਈ ਪ੍ਰੇਮ ਦੀਆਂ ਹੀ ਉਦਾਹਰਣਾਂ ਹਨ। ਇਤਿਹਾਸ ਨੂੰ ਕਿਹੜੇ ਪਾਸਿਓਂ ਖੋਲ੍ਹਿਆ ਜਾਵੇ, ਗੁਰ ਇਤਿਹਾਸ ਦਾ ਹਰ ਅੱਖਰ ਇਸੇ ਕੇਂਦਰ ਨਾਲ ਜੁੜਿਆ ਹੋਇਆ ਹੈ।

ਸੱਚੇ-ਸੁੱਚੇ ਭਾਉ ਦੀ ਇਹ ਇਕ ਵਾਰਤਾ ਹੈ। ਜਿਤਨੇ ਵੀ ਪ੍ਰੇਮੀਆਤਮ ਮਾਰਗ ਅਤੇ ਮਹਾਂਪੁਰਖਾਂ ਨਾਲ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ ਹਨ, ਉਹ ਸਾਰੇ ਹੀ ਜਾਣਦੇ ਹਨ ਕਿ ਕਿੱਦਾਂ ਪਿਤਾ ਜੀ ਨੇ ਪ੍ਰੇਮ ਦਾ ਸੰਦੇਸ, ਗੁਰੂ ਨਾਨਕ ਦਾ ਸੰਦੇਸ ਘਰ-ਘਰ ਪਹੁੰਚਾਇਆ ਹੈ। ਸਾਰੇ ਪਾਠਕਾਂ ਦੇ ਵੱਡੇ ਭਾਗ ਹਨ ਕਿ ਉਹ ਐਸੇ ਘੋਰ ਕਲਜੁਗ ਅੰਦਰ ਆਪਣੇ ਮੁਰਸ਼ਦ ਦੀ ਨਿੱਘੀ ਗੋਦ ਵਿਚ ਮਹਿਫੂਜ਼ ਹਨ। ਸੰਤ ਮਹਾਰਾਜ ਜੀ ਨੇ ਸਭ ਦੀਆਂ ਡਿਊਟੀਆਂ ਲਾਈਆਂ ਹਨ। ਸੱਚੇ ਪਾਤਸ਼ਾਹ ਨੇ ਮੇਰੇ ਵਰਗੇ ਮੂਰਖ ਨੂੰ ਵੀ ਕਾਰੇ ਲਾਇਆ ਹੈ। ਮੈਂ ਇਨਸਾਨ ਹਾਂ ਭੁੱਲਣਾ ਮੇਰਾ ਸੁਭਾਅ ਹੈ ਤੇ ਬਖਸ਼ਣਾ ਸੱਚੇ ਪਾਤਸ਼ਾਹ ਦਾ ਸੁਭਾਅ ਹੈ। ਮੇਰੀ ਤਾਂ ਇਹ ਅਰਦਾਸ ਹੈ ਕਿ ਗੁਰੂ ਕ੍ਰਿਪਾ ਕਰਨ, ਸਤਿਪੁਰਖ ਰਹਿਮਤ ਕਰਨ, ਉਸ ਰਸਤੇ ਦੇ ਆਪਾਂ ਸਾਰੇ ਪਾਂਧੀ ਬਣ ਜਾਈਏ ਤੇ ‘ਅਗਾਂਹ ਕੂ ਤ੍ਰਾਂਘ’ ਦੇ ਸੰਕਲਪ ਨੂੰ ਕਮਾਉਣ ਲਈ ਯਤਨਸ਼ੀਲ ਰਹੀਏ। ਬੀਜੀ ਦੀ ਅਪਰ ਅਪਾਰ ਕ੍ਰਿਪਾ ਹੈ, ਸਰੀਰ ਦੀ ਅਵਸਥਾ ਭਾਵੇਂ ਕਿਵੇਂ ਵੀ ਹੋਵੇ ਜ਼ਰੂਰ ਹੀ ਦਰਸ਼ਨ ਦਿੰਦੇ ਹਨ। ਉਨ੍ਹਾਂ ਦੀ ਵੀ ਸਿਹਤਯਾਬੀ ਲਈ ਪਾਤਸ਼ਾਹ ਜੀ ਅੱਗੇ ਬੇਨਤੀ ਹੈ। ਉਨ੍ਹਾਂ ਦਾ ਹੱਥ ਸਾਡੇ ਸਿਰ ਤੇ ਹਮੇਸ਼ਾ ਹੀ ਰਹੇ। ਜਿਸ ਨੇ ਇਹ ਜੀਵਨ ਦਿਤਾ ਹੈ, ਉਹ ਇਸ ਨੂੰ ਆਪੇ ਹੀ ਚਰਨੀਂ ਲਾ ਲੈਣ।

# ਜੇਲ੍ਹ ਚਿੱਠੀਆਂ

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

## ਭਾਈ ਕ੍ਰਿਪਾ ਸਿੰਘ ਦੀ ਅੰਤਰਯਾਮਤਾ ਤੇ ਜੇਲ੍ਹ 'ਚ ਹੋਰ ਸਖ਼ਤੀਆਂ

ਅਸਾਡੇ ਸਾਥੀਆਂ ਵਿਚੋਂ ਇਕ ਸਾਥੀ ਵੀਰ ਸ੍ਰੀ ਭਾਈ ਕ੍ਰਿਪਾ ਸਿੰਘ ਜੀ (ਲੰਗ ਮਜਾਰੀ ਵਾਲੇ) ਕਿਸੇ ਗੌਹਜ ਬੀਮਾਰੀ ਕਰਕੇ ਐਸੇ ਆਤੁਰ ਹੋ ਗਏ ਕਿ ਉਨ੍ਹਾਂ ਦੀ ਸਰੀਰਕ ਨਿਰਬਲਤਾ ਅੱਤ ਦਰਜੇ ਨੂੰ ਪਹੁੰਚ ਗਈ ਤੇ ਇਨ੍ਹਾਂ ਦਾ ਕਾਰੰਗਾ ਹਿੱਲਣ ਲਗ ਗਿਆ। ਸਰੀਰ ਸਥੂਲਤਾ ਖੁਰਦੀ ਖੁਰਦੀ ਐਸੀ ਖੁਰੀ ਕਿ ਨਿਰੀ ਸੂਖਮਤਾ ਹੀ ਉਭਰ ਆਈ। ਬਸ ਪੰਜ ਭੂਤਕੀ ਪਿੰਜਰੇ ਅੰਦਰ ਸੁਆਸ ਹੀ ਸੁਆਸ ਚਲਦੇ ਦਿਸਣ। ਬਥੇਰੀਆਂ ਦਾਰੂਆਂ ਡਾਕਟਰਾਂ ਨੇ ਦਿਤੀਆਂ ਪਰ ਇਕ ਰਾਸ ਨਾ ਆਈ। ਇਕ ਦਿਨ ਆਸ ਨਿਰਾਸੇ ਹਵਾਸ ਭਿਰਾਸੇ ਹੋ ਕੇ ਮੈਨੂੰ ਪੁੱਛਣ ਲੱਗੇ ਕਿ 'ਕੋਈ ਉਪਾਉ ਦੱਸੋ'। ਦਾਸ ਨੇ ਆਖਿਆ –

*"ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ॥"*

ਉਨ੍ਹਾਂ ਆਖਿਆ – 'ਨਾਮ ਕਿਵੇਂ ਪ੍ਰਾਪਤ ਹੋਵੇ?'

ਦਾਸ – ਸਤਿਗੁਰੂ ਨਾਨਕ ਦੇਵ ਜੀ ਦਾ ਧਿਆਨ ਧਰੋ।

ਦਾਸ ਤਾਂ ਇਤਨਾ ਗੱਲ ਸਹਿਜ ਸੁਭਾਇ ਆਖ ਕੇ ਚਲਿਆ ਆਇਆ, ਵੀਰ ਕ੍ਰਿਪਾ ਸਿੰਘ ਨੇ ਚੌਂਪ ਨਾਲ ਇਹ ਗੱਲ ਸੰਮ੍ਹਾਲ ਲਈ। ਮਰਨ ਦੀ ਚਿੰਤਾ ਤੇ ਜੀਵਨ ਦੀ ਆਸ ਤੋਂ ਉਹ ਅੱਗੇ ਹੀ ਨਿਸਚਿੰਤ ਨਿਰਾਸ ਹੋ ਚੁੱਕੇ ਸਨ। ਇਕ ਦਮ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਨ ਵਲ ਵੀਰ ਦੀ ਸੁਰਤੀ ਬਿਰਤੀ ਨਿਸਲ ਹੋ ਕੇ ਜੁਟ ਗਈ। ਸਰੀਰ ਪਹਿਲਾਂ ਹੀ ਸਿਥਲ ਹੋਇਆ ਪਿਆ ਸੀ, ਸੁਰਤੀ ਅਜੇਹੀ ਟਿਕੀ ਕਿ ਇਹੋ ਧਿਆਨ ਮਨ ਧਾਰ ਕੇ ਅਫੁਰ ਹੋ ਗਏ ਅਤੇ ਸੁਖੈਨ ਹੀ ਦਿੱਬ ਦ੍ਰਿਸ਼ਟੀ ਵਾਲੀਆਂ ਸਿੱਧੀਆਂ ਫੁਰਨ ਲਗ ਪਈਆਂ ਜੋ ਉਸ ਤੋਂ ਸੰਮ੍ਹਾਲੀਆਂ ਨਾ ਜਾਣ ਅਤੇ ਫੁੱਟ ਫੁੱਟ ਪੈਣ।

ਸੁਪਨ ਚਮਤਕਾਰ ਤੇ ਭਾਈ ਕ੍ਰਿਪਾ ਸਿੰਘ ਦੀਆਂ ਪੇਸ਼ੀਨਗੋਈਆਂ

ਫਾਕੇ ਕੜਾਕੇ ਦੀ ਸਤਾਰ੍ਹਵੀਂ ਪੂਰੀ ਹੋਣ ਪਰ ਭੀ ਫਾਕੇ ਮਸਤ ਫਕੀਰ ਨੂੰ ਫਾਕੇ ਵਲੋਂ ਉਕੀ ਹੀ ਬੇ-ਫ਼ਿਕਰੀ ਅਤੇ ਬੇ-ਪਰਵਾਹੀ ਸੀ। ਅਚਿੰਤੇ ਹੀ ਫਾਕੇ ਕੜਾਕਿਆਂ ਦੇ ਮੋਰਚੇ ਲੱਗੇ ਤੇ ਅਚਿੰਤੇ ਹੀ ਟੁੱਟਣਗੇ ਤਾਂ ਤੋੜ ਲਵਾਂਗੇ। ਬੇ-ਸਬਰੀ ਯਾ ਵਿਆਕੁਲਤਾ ਕੋਈ ਨਹੀਂ ਵਿਆਪ ਰਹੀ ਸੀ। ਬੜੇ ਲੰਮੇ ਦਾਈਏ ਰੱਖੇ ਹੋਏ ਸਨ ਕਿ ਅਚਣਚੇਤ ਹੀ ਸਤਾਰ੍ਹਵੀਂ ਦੀ ਰਾਤ ਨੂੰ ਉਦਰ ਪੂਰਨਾ ਦੇ ਕੁਛ ਅਸਚਰਜ ਸਾਮਾਨ ਸੁਪਨ ਚਮਤਕਾਰ ਅੰਦਰ ਬੱਝ ਕੇ ਦਿੱਸੇ। ਦੋ ਵਜੇ ਤੋਂ ਪਹਿਰ ਰਾਤ ਰਹਿੰਦੀ ਨਿਤ ਕ੍ਰਿਆ ਅਨੁਸਾਰ ਜਦੋਂ ਅੰਮ੍ਰਿਤ ਬਾਣੀ ਦੀ ਅੰਮ੍ਰਿਤ ਬਰਖਾ ਦਾ ਅੰਮ੍ਰਿਤ ਪ੍ਰਭਾਵ ਗਹਿ ਗਚ ਹੋ ਕੇ ਨਵ ਨਾਭ ਨੂੰ ਸੈਰਾਬ ਕਰਕੇ ਅੰਮ੍ਰਿਤ ਕਲਾ ਵਰਤਾ ਚੁੱਕਾ ਅਤੇ ਨਾਮ ਅਭਿਆਸ ਦੁਆਰਾ ਕੰਵਲ ਵਿਗਾਸੀ ਰਹੱਸ ਲਿਵਲੀਨਤਾ ਦੇ ਜੋ ਅਨੰਦੀ ਅਟਾਰੀਆਂ ਉਤੇ ਚਾੜ੍ਹ ਕੇ ਆਤਮ ਬਿਰਤੀ ਨੂੰ ਗੁੰਨ੍ਹ ਗੁੰਫ ਬੈਠਿਆ ਤਾਂ ਇਕ ਅਮਰ ਬਹਿਸ਼ਤੀ ਬਹਾਰ ਦਾ ਸਮਾਂ ਬੱਝ ਗਿਆ। ਬੰਦੀਖਾਨੇ ਦੀ ਕੋਠੀ ਬਾਗ਼ੇ-ਰੁਜ਼ਵਾਨ ਦਾ ਜੱਨਤੀ ਰੋਜ਼ਾ (ਸੁਰਗੀ ਮਹਿਲ) ਬਣ ਗਈ। ਕੋਠੀ ਦੇ ਬੂਹੇ ਅੱਗੇ ਇਕ ਪਾਰਜਾਤੀ ਬਿਰਖ ਆਣ ਉਗਿਆ। ਉਸ ਨੂੰ ਬੜੇ ਰਸਕ ਰਸੀਮ ਫਲ ਭੀ ਲਗ ਗਏ ਜੋ ਤਰਬੂਜ਼ ਜਿਡੇ ਵੱਡੇ ਹਨ। ਖਰਬੂਜ਼ਿਆਂ ਤੇ ਸਰਧਿਆਂ ਸਾਰਖੇ ਪੱਕੇ ਹੋਏ ਹਨ ਅਤੇ ਅੰਬ ਵਾਂਗੂ ਟਸ ਟਸ ਕਰਦੇ ਹਨ। ਮੈਂ ਅੱਗੇ ਅਜਿਹੇ ਫਲ ਕਦੇ ਨਹੀਂ ਸਨ ਡਿੱਠੇ। ਔਹ ਲਓ! ਆਪੇ ਹੀ ਡਾਲੀਆਂ ਨਾਲੋਂ ਟੁੱਟ ਟੁੱਟ ਕੇ ਕਿਰਨ ਲਗ ਪਏ ਅਤੇ ਰੁੜ੍ਹ ਰੁੜ੍ਹ ਕੇ ਮੇਰੀ ਕੋਠੀ ਵਲ ਅੰਦਰ ਵਾਰ ਨੂੰ ਆਈ ਜਾਣ। ਚੌਹਾਂ ਖੂੰਜਿਆਂ (ਕੋਨਿਆਂ) ਵਿਚ ਤਕੜੇ ਤਕੜੇ ਢੇਰ ਲਗ ਗਏ। ਜਦੋਂ ਮੈਂ ਉਨ੍ਹਾਂ ਵਿਚੋਂ ਇਕ ਨੂੰ ਚੀਰ ਫਾੜ ਅਤੇ ਚਖ ਕੇ ਦੇਖਿਆ ਤਾਂ ਵਿਚੋਂ ਨਾਲੇ ਖਰਬੂਜ਼ੇ ਦਾ ਸੁਆਦ ਆਵੇ ਨਾਲੇ ਤਰਬੂਜ਼ ਦਾ, ਨਾਲੇ ਅੰਬ ਦਾ, ਨਾਲੇ ਸਰਧੇ ਦਾ, ਚਾਰੇ ਸੁਆਦ ਆਵਨ। ਉਵੇਂ ਚੌਹਾਂ ਫਲਾਂ ਦੇ ਸੰਮਿਲਤ ਸੁਆਦ ਵਿਚੋਂ ਭਾਂਤ ਭਾਂਤੀ ਸੁਆਦ ਰਸ ਟਪਕਣ। ਇਸ ਨਿਖਰੰਮੀ ਜੇਹੀ ਰਸ ਰਸੀ ਵਾਲੇ ਚਮਤਕਾਰ ਨੇ ਮੇਰੀ ਆਤਮਾ ਅਨੰਦੀ ਸਾਰੀ ਖੇਡ ਨੂੰ ਬੇ-ਰਸਾ ਜਿਹਾ ਕਰ ਦਿਤਾ ਅਤੇ ਮੈਂ ਉਕਤਾਉਣ ਹੀ ਲੱਗਾ ਸੀ ਕਿ ਕੋਠੀ ਦਾ ਜੰਗਲਾ ਖੜਕਿਆ ਤੇ ਖੜਕ ਕੇ ਖੁਲ੍ਹ ਗਿਆ। ਨਾਲ ਹੀ ਮੇਰੀ ਅੱਖ ਖੁਲ੍ਹ ਗਈ। ਦੇਖਾਂ ਤਾਂ ਦਿਨ ਚੜ੍ਹ ਆਇਆ ਹੈ ਅਤੇ ਲਾਕਅਪ ਵਾਲਾ ਸਿਪਾਹੀ ਦਰ ਮੂਹਰੇ ਖੜ੍ਹਾ ਚਾਬੀਆਂ ਖੜਕਾ ਰਿਹਾ ਹੈ ਅਤੇ ਬੱਲਮ ਹਿਲਾ ਰਿਹਾ ਹੈ।

ਮੈਂ ਬੂਹਿਓਂ ਬਾਹਰ ਨਿਕਲ ਕੇ ਜਲ-ਪੰਪ ਉਤੇ ਜਾ ਕੇ ਪੰਜ ਇਸ਼ਨਾਨਾ ਕਰਨ ਲੱਗਾ ਤਾਂ ਸਾਮ੍ਹਣੇ ਦੀ ਕੋਠੀ ਵਿਚੋਂ ਭਾਈ ਕ੍ਰਿਪਾ ਸਿੰਘ ਬੋਲਿਆ, ਛੇਤੀ ਅੰਦਰ ਆ ਕੇ ਮੇਰੀ ਇਕ ਗੱਲ ਸੁਣ ਜਾਵੋ। ਮੈਂ ਪਹਿਰੇਦਾਰਾਂ ਦੀ ਅੱਖ ਬਚਾ ਕੇ ਅੰਦਰ ਗਿਆ (ਕਿਉਂਕਿ ਇਕ ਦੂਜੇ ਨਾਲ ਗੱਲ ਕਰਨਾ ਅਤੇ ਇਕ ਦੂਜੇ ਦੀ ਕੋਠੀ ਅੰਦਰ ਜਾਣਾ ਮਨ੍ਹਾ ਸੀ) ਤਾਂ ਕ੍ਰਿਪਾ ਸਿੰਘ ਭੁੱਟ ਭੁਟ ਟੇਵੇ ਲਾਉਣ ਲਗ ਪਿਆ – ਭਾਈ ਸਾਹਿਬ ਜੀ! ਅੱਜ ਤੋਂ ਤੁਹਾਨੂੰ ਪੰਜ ਪਪੀਤੇ ਰੋਜ਼ ਮਿਲਿਆ ਕਰਨਗੇ। ਮੈਂ ਅੱਜ ਰਾਤ ਪ੍ਰਤੱਖ ਤੌਰ ਤੇ ਪਪੀਤੇ ਥੋਡੀ ਕੋਠੀ ਅੰਦਰ ਮੀਂਹ ਵਾਂਗੂੰ ਵਰ੍ਹਦੇ ਡਿੱਠੇ ਹਨ ਅਤੇ ਥੋਡੀ ਕੋਠੀ ਦੇ ਚਾਰੇ ਖੂੰਜੇ ਪਪੀਤਿਆਂ ਨਾਲ ਭਰੇ ਹੋਏ ਵੇਖੇ ਹਨ। ਮੈਂ ਹੈਰਾਨ ਹੋ ਕੇ ਉਸ ਨੂੰ ਪੁਛਿਆ ਕਿ ਪਪੀਤੇ ਕੀ ਹੁੰਦੇ ਹਨ? ਅੱਜ ਪਹਿਲੇ ਦਿਨ ਮੈਂ ਇਹ ਨਾਉਂ ਸੁਣਿਆ ਸੀ। ਉਸ ਆਖਿਆ 'ਅਰਿੰਡ ਖਰਬੂਜ਼ਿਆਂ ਨੂੰ ਪਪੀਤੇ ਕਹਿੰਦੇ ਹਨ।' ਮੈਂ ਅਰਿੰਡ ਖਰਬੂਜ਼ੇ ਦਾ ਨਾਉਂ ਤਾਂ ਸੁਣਿਆ ਸੀ ਪਰ ਡਿੱਠਾ ਕਦੇ ਨਹੀਂ

ਸੀ। ਉਸ ਤੋਂ ਸ਼ਕਲ ਸ਼ਬਾਹਤ ਪੁਛੀ, ਜਦ ਉਸ ਦੱਸੀ ਤਾਂ ਐਨ ਉਸੇ ਨਾਲ ਰਲੀ ਜੋ ਮੈਂ ਸੁਪਨ ਚਮਤਕਾਰ ਅੰਦਰ ਏਸੇ ਰਾਤ ਡਿਠੀ ਸੀ। ਮੈਂ ਉਸ ਨੂੰ ਇਤਨੀ ਗੱਲ ਆਖ ਕੇ ਮੁੜ ਆਇਆ ਕਿ 'ਏਹੀਆਂ ਜੇਹੀਆਂ ਪੀਰੀਆਂ ਹੁਣੇ ਤੋਂ ਲਾਉਣ ਲਗ ਪਇਓਂ ਤਾਂ ਅੱਗੇ ਕੀ ਠਿਕਾਣਾ? ਇਨ੍ਹਾਂ ਭੇਦਾਂ ਨੂੰ ਵਿਚੇ ਵਿਚ ਹਜ਼ਮ ਕਰੀਂ ਅਤੇ ਅੰਦਰ ਹੀ ਜਰੀਂ। ਕਿਤੇ ਲਖਾਵੀਂ ਨਾ।' ਪਰ ਮੈਨੂੰ ਕੀ ਪਤਾ ਸੀ ਕਿ ਇਨ੍ਹਾਂ ਪੀਰੀਆਂ ਨੇ ਪੈਰ ਤੇ ਪਰਤਮ ਦਿਖਾਣੇ ਹਨ।

ਮਸਾਂ ਘੰਟਾ ਡੂਢ ਘੰਟਾ ਹੀ ਬੀਤਿਆ ਹੋਣਾ ਹੈ ਕਿ ਮੈਡੀਕਲ ਅਫਸਰ ਤੇ ਜੇਲ੍ਹ ਸੁਪ੍ਰੰਟੰਡੰਟ, ਆਈ.ਜੀ. ਸਣੇ ਮੇਰੀ ਕੋਠਈ ਦੇ ਬੂਹੇ ਅੱਗੇ ਆਣ ਖਲੋਤੇ ਅਤੇ ਆਪਸ ਵਿਚੀਂ ਕੁਛ ਗੁਪਤੋ ਗੁਪਤੀ ਗਿਟ ਮਿਟ ਕਰਕੇ ਮੇਰਾ ਹਿਸਟਰੀ ਟਿਕਟ ਹੱਥ ਵਿਚ ਫੜ ਕੇ ਨਾਲ ਲੈ ਗਏ। ਉਦੋਂ ਹੀ ਪਤਾ ਲੱਗਾ ਕਿ ਅੱਧੇ ਘੰਟੇ ਪਿਛੋਂ ਨਾਲੇ ਤਾਂ ਮੇਰਾ ਹਿਸਟਰੀ ਟਿਕਟ ਵਾਪਸ ਆ ਗਿਆ, ਨਾਲੇ ਤਿੰਨ ਪਪੀਤੇ ਨਾਲ ਆ ਗਏ। ਹਿਸਟਰੀ ਟਿਕਟ ਤੇ ਪੜ੍ਹ ਕੇ ਦੇਖਿਆ ਤਾਂ ਮੈਡੀਕਲ ਅਫ਼ਸਰ ਦਾ ਇਹ ਲਿਖਿਆ ਹੋਇਆ ਸੀ –

Five papayas on medical grounds for both morning & evening meals. (ਡਾਕਟਰੀ ਵਜੂਹਾਤ ਪਰ ਸੁਬ੍ਹਾ ਸ਼ਾਮ ਦੀ ਖੁਰਾਕ ਲਈ ਪੰਜ ਪਪੀਤੇ) ਮੈਂ ਪੜ੍ਹ ਕੇ ਲਿਆਉਣ ਵਾਲੇ ਨੂੰ ਆਖਿਆ, ਭਾਈ ਇਹ ਤਾਂ ਪੰਜ ਲਿਖੇ ਹਨ ਤੂੰ ਤਿੰਨ ਲਿਆਇਆਂ ਹੈਂ, ਦੋ ਕਿਥੇ ਹਨ? ਉਸ ਆਖਿਆ, ਦੋ ਆਥਣੇ ਮਿਲਣਗੇ। ਗੱਲ ਕੀ ਅੱਜ ਤੋਂ ਫਲੋਹਾਰ ਮਿਲਣ ਲਗ ਪਿਆ ਤੇ ਸੁਪਨਾ ਸੱਚਾ ਹੋ ਗਿਆ। ਕ੍ਰਿਪਾ ਸਿੰਘ ਦੇ ਟੇਵੇ ਭੀ ਪੂਰੇ ਦੇ ਪੂਰੇ ਹੀ ਉਤਰੇ ਅਤੇ ਫਾਕੇ ਕੜਾਕੇ ਟੁੱਟੇ। ਪਪੀਤਿਆਂ ਨੂੰ ਖਾਧਾ ਤਾਂ ਐਨ ਓਹ ਜੇਹਾ ਭਾਂਤੋ ਭਾਂਤੀ ਸੁਆਦ ਆਵੇ ਜੋ ਸੁਪਨੇ ਅੰਦਰ ਚਖਿਆ ਸੀ। ਵਾਹ ਸੁਪਨਾ! ਗਫੇ ਲਗਣ ਲਗ ਪਏ ਪਪੀਤਿਆਂ ਦੇ ਅਤੇ ਮਹੀਨਾ ਦੋ ਮਹੀਨੇ ਲਗਾਤਾਰ ਲਗਦੇ ਗਏ। ਜਦੋਂ ਰੱਬ ਅੰਬ੍ਰਾਵਿਆ ਇਹ ਫਲੋਹਾਰੀ ਰਿਜ਼ਕ ਲੁਣਿ ਚੁਣਿ ਭੁੰਚ ਲਿਆ ਅਰਥਾਤ ਜਿੰਨੇ ਕੁ ਚਾਰੇ ਕੋਨਿਆਂ ਵਿਚ ਪਪੀਤਿਆਂ ਦਾ ਅੰਬਾਰ ਲੱਗਿਆ ਦੇਖਿਆ ਸੀ ਸੋ ਭੁਗਤ ਚੁਕਿਆ ਤਾਂ ਹੋਰ ਚਮਤਕਾਰੀ ਦ੍ਰਿਸ਼ਯ ਦਰਸੀਵੇ ਗਏ।

ਐਤਕੀਂ ਦੇ ਦ੍ਰਿਸ਼ ਚਮਤਕਾਰ ਅੰਦਰ ਕੀ ਡਿੱਠਾ ਕਿ ਇਕ ਸਫ਼ੈਦ ਬੁਰਾਕ ਸੰਗ ਮਰਮਰ ਦਾ ਮਹਿਲ ਜੇਹਾ ਉਸਰ ਕੇ ਮੇਰੇ ਅੱਗੇ ਆਣ ਖਲੋਤਾ। ਇਸ ਦੇ ਹੇਠ ਵਾਰ ਨੂੰ ਦੇਖਾਂ ਤਾਂ ਰਬੜ ਦੀਆਂ ਟੂਟੀਆਂ ਲੱਗੀਆਂ ਹੋਈਆਂ ਹਨ। ਮੈਂ ਟੂਟੀਆਂ ਵਲ ਔਹਲਿਆ ਕਿ ਜਲ ਹੀ ਕੱਢ ਕੇ ਵੇਖੀਏ। ਜਾਂ ਜਲ ਕੱਢਣ ਲੱਗਾ ਤਾਂ ਟੂਟੀਆਂ ਦੇ ਬਲੈਂਗੀ ਥਣ ਬਣ ਗਏ ਤੇ ਵਿਚੋਂ ਦੁੱਧ ਚੋਣ ਲਗ ਪਿਆ। ਮੈਂ ਨਾ ਗੌਲਿਆ ਅਤੇ ਇਸ ਨੂੰ ਭੀ ਇਕ ਸੁਪਨਾ ਹੀ ਜਾਣਿਆ। ਦਿਨ ਚੜ੍ਹੇ ਕੋਠੀਆਂ ਖੁਲ੍ਹੀਆਂ ਤਾਂ ਭਾਈ ਕ੍ਰਿਪਾ ਸਿੰਘ ਭੱਜਾ ਭੱਜਾ ਆਪਣੀ ਕੋਠੀ ਵਿਚੋਂ ਮੇਰੀ ਕੋਠੀ ਵਿਚ ਆਣ ਵੜਿਆ ਅਤੇ ਮੁਠਾਰ ਮੁਠਾਰ ਕੇ ਆਖਣ ਲੱਗਾ, ਭਾਈ ਸਾਹਿਬ ਜੀ! ਅੱਜ ਥੋਨੂੰ ਇਕ ਗਊ ਦੁਧ ਚੋਣ ਨੂੰ ਮਿਲਣੀ ਹੈ। ਚਿੱਟੀ ਸਫ਼ੈਦ ਗਊ ਹੋਊ। ਮੱਲੀ ਹੋਈ, ਉਚੇ ਕੱਦ ਦੀ ਪਰ ਮੀਣੀ ਗਊ ਹੈ ਜੋ ਥੋਨੂੰ ਮਿਲਣੀ ਹੈ। ਸੋਹਣਾ ਚਿੱਟਾ ਬਛੜਾ ਹੈ ਉਸ ਦਾ, ਅਜੇ ਸਜ-ਲਵੇਰ ਹੀ ਹੈ। ਸੇਰ ਪੱਕੇ ਦਾ ਇਕ ਮਾਪ ਮੈਂ ਵੇਖਿਆ ਹੈ। ਦੋਹੀਂ ਵਖਤੀਂ ਦੋ ਮਾਪ ਮਿਲਣਗੇ। ਪਰ ਦੋਂਹ ਦੇ ਚਾਰ, ਪੰਜ, ਛੇ ਹੋ ਜਾਇਆ ਕਰਨਗੇ। ਇਹ ਗੱਲ ਪੱਕ ਕਰਕੇ ਜਾਣੋ। ਮੈਂ ਇਹ ਕੁਛ ਪ੍ਰਤੱਖ ਵੇਖਿਆ ਹੈ। ਜਿਵੇਂ ਮੇਰੀ ਪਪੀਤਿਆਂ ਵਾਲੀ ਗੱਲ ਅੱਗੇ ਸੱਚੀ ਹੋਈ ਹੈ, ਇਹ ਭੀ ਸੱਚੀ ਕਰ ਜਾਣੋ।' ਮੈਂ ਉਸ ਨੂੰ ਘੂਰ ਕੇ ਆਖਿਆ, ਓ ਤੂੰ ਕਿਧਰਲਾ ਔਲੀਆ ਬਣ ਗਇਓਂ। ਤੈਥੋਂ ਵਸਤ ਸੰਭ੍ਹਾਲੀ ਨਹੀਂ ਜਾਂਦੀ, ਐਵੇਂ ਉਛਲ ਉਛਲ ਕਾਹਨੂੰ ਪੈਂਦਾ ਹੈਂ। ਜ਼ਬਤ ਕਰਕੇ ਨਹੀਂ ਰਖਦਾ। ਤੇਰਾ ਜ਼ਰਾ ਭੀ ਹਾਜ਼ਮਾ ਨਹੀਂ। ਦੇਖੀਂ ਖੁਲ੍ਹ ਖੇਡ ਨਾ ਕਰਿ ਦੇਵੀਂ ਅਤੇ ਇਨ੍ਹਾਂ ਸਿੱਧ ਦ੍ਰਿਸ਼ਟੀਆਂ ਵਿਖੇ ਉਲਝ ਕੇ ਨਾ ਅਟਕ ਜਾਵੀਂ। ਗੁਰਮਤਿ ਨਾਮ ਸੁਮਾਰਗੀਆਂ ਦੀ ਤਾਂ ਇਹ ਖੱਬੇ ਹੱਥ ਦੀ ਖੇਡ ਹੈ। ਪਰਮਾਰਥ ਪਥੀ ਤਾਂ ਇਨ੍ਹਾਂ ਗੱਲਾਂ ਦਾ ਗਹੁ ਗੁਮੇਹ ਹੀ ਨਹੀਂ ਕਰਦੇ। ਨਹੀਂ ਤਾਂ ਉਰ੍ਹੇ ਹੀ ਨਾ ਉਰਝ ਕੇ ਅਟਕ ਰਹਿਣ। ਯਾਦ ਰੱਖ –

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***

ਨਾਮ ਰਸੀਆਂ ਦੇ ਨਿਕਟ ਇਹ ਹੋਛਾ ਰਸ ਹੈ। 'ਅਵਰਾ ਸਾਦ' ਹੈ। ਤੈਨੂੰ ਅਜੇ ਗੁਰਮਤਿ ਨਾਮ ਭੀ ਪ੍ਰਾਪਤ ਨਹੀਂ ਹੋਇਆ, ਅਜੇ ਤਾਈਂ ਤਾਂ ਨਿਰੀ ਗੁਰੂ ਨਾਨਕ ਦੇਵ ਜੀ ਵਲ ਧਿਆਨ ਬਿਰਤੀ ਨੇ ਹੀ ਚਮਤਕਾਰ ਦਿਖਾਏ ਹਨ। ਜੇ ਗੁਪਤ ਵਰਤੇਂਗਾ ਤਾਂ ਅਗਾਹਾਂ ਤੁਰ ਹੋਊ ਅਤੇ ਸੱਚੇ ਪ੍ਰਮਾਰਥੀ ਰੰਗ ਲਗਣਗੇ, ਨਹੀਂ ਤਾਂ ਜੇ ਜਣੇ ਖਣੇ ਨੂੰ ਦੱਸ ਕੇ ਆਪਣੇ ਜੌਹਰ ਜਤਲਾਉਣ ਲਗ ਪਿਆ ਤਾਂ ਖੇਡ ਇਥੇ ਹੀ ਖਲ੍ਹੋ ਜਾਊ। ਜਾਹ! ਭੱਜ ਜਾ! ਆਪਣੀ ਕੋਠੀ ਵਿਚ ਚੁੱਪ ਕਰਕੇ ਜਾ ਬੈਠ ਅਤੇ ਸਿਮਰਨ ਦੀ ਦਾਤ ਚਾਹਨਾ ਮੰਗ।

ਕ੍ਰਿਪਾ ਸਿੰਘ ਤਾਂ ਪਿਛਲੇ ਪੈਰੀਂ ਠੁਮਕ ਠੁਮਕ ਕਰਦਾ ਮੁੜ ਗਿਆ। ਅਰ ਮੈਂ ਲੱਗਾ ਦੁਧ ਚੋਹਣ ਦੀਆਂ ਤਿਆਰੀਆਂ ਕਰਨ ਅਤੇ ਬਾਟੇ ਬਾਲਟੀਆਂ ਨੂੰ ਸੋਧੇ ਦੇਣ ਕਿਉਂਕਿ ਮੈਨੂੰ ਨਿਸਚਾ ਸੀ ਕਿ ਇਹ ਪ੍ਰਤਮ ਭੀ ਤਾਬੜ ਤੋੜ ਪੂਰਾ ਹੋ ਜਾਣਾ ਹੈ, ਜੇਹਾ ਕਿ ਪਹਿਲਾਂ ਹੋਇਆ ਸੀ। ਅੱਜ ਦੀ ਘੜੀ ਤੋਂ ਪਹਿਲਾਂ ਇਸ ਦਾ ਸਾਨ ਨਾ ਗੁਮਾਨ, ਮੂਲੋਂ ਕੁਛ ਵਾਸਤਾ ਹੀ ਨਹੀਂ ਸੀ। ਸੋਈ ਗੱਲ ਘੜੀ ਮੁਹਤ ਪਿਛੋਂ ਸਾਮਰਤੱਖ ਸੱਚੀ ਹੋਣ ਲੱਗੀ। ਡੀ.ਸੀ., ਆਈ.ਜੀ. ਤੇ ਮੈਡੀਕਲ ਅਫਸਰ ਸਣੇ ਸੁਪ੍ਰੰਟੰਡੰਟ ਦੇ ਅੱਜ ਉਵੇਂ ਕਿਵੇਂ ਮੇਰੇ ਬੂਹੇ ਅੱਗੇ ਆਣ ਖਲੋਤੇ। ਮੈਂ ਜਾਤਾ ਹੁਣ ਕੁਛ ਲੱਗਾ ਹੈ ਬਣਨ। ਪਹਿਲਾਂ ਕਿਸੇ ਦੇ ਚਿੱਤ ਨਾ ਚੇਤੇ। ਮੈਡੀਕਲ ਅਫ਼ਸਰ ਦੇ ਮਨ ਵਿਚ ਹੀ ਸਤਿਗੁਰੂ ਨੇ ਪਹਿਲਾਂ ਮਿਹਰ ਪਾਈ ਅਤੇ ਸਭ ਤੋਂ ਪਹਿਲਾਂ ਉਹੋ ਅੰਗਰੇਜ਼ੀ ਵਿਚ ਬੋਲਿਆ ਜਿਸ ਦਾ ਭਾਵ ਸੀ –

ਮੈਡੀਕਲ ਅਫ਼ਸਰ – ਰਣਧੀਰ ਸਿੰਘ ਦੀ ਸਿਹਤ ਬਹੁਤ ਗਿਰਦੀ ਜਾਂਦੀ ਹੈ। ਸਿਰਫ਼ ਫਰੂਟ (ਫਲ) ਇਸ ਨੂੰ ਪੂਰੀ ਤਾਕਤ ਨਹੀਂ ਪਹੁੰਚਾ ਸਕਦੇ ਅਤੇ ਇਸ ਦੀ ਸਿਹਤ

ਤਰੱਕੀ ਨਹੀਂ ਕਰ ਸਕਦੀ ਜਦ ਤਾਈਂ ਕਿ ਕੋਈ ਨਿੱਗਰ ਗਿਜ਼ਾ (solid food) ਇਸ ਨੂੰ ਨਾ ਦਿਤੀ ਜਾਵੇ।

ਆਈ.ਜੀ. – ਰੋਟੀ ਹੱਥੀਂ ਬਣਾਉਣ ਦੀ ਇਜਾਜ਼ਤ ਤਾਂ ਮੈਂ ਨਹੀਂ ਦੇ ਸਕਦਾ। ਹਾਂ ਮੁਨਾਸਬ ਸਮਝੋ ਤਾਂ ਇਸ ਨੂੰ ਦੁੱਧ ਦੇ ਦਿਆ ਕਰਾਂਗੇ।

ਸੁਪ੍ਰੰਟੰਡੰਟ – ਪਰ ਇਹ ਦੁਧ ਹਸਪਤਾਲ ਤੋਂ ਚੋਇਆ ਚੁਆਇਆ ਲੈਣਾ ਮਨਜ਼ੂਰ ਨਹੀਂ ਕਰਦਾ।

ਡੀ.ਸੀ. – ਏਥੇ ਜੇਲ੍ਹ ਅੰਦਰ ਡੇਅਰੀ ਫਾਰਮ (dairy farm) ਹੈ?

ਮੈਡੀਕਲ ਅਫ਼ਸਰ – ਹਾਂ ਬੜੀ ਵਧੀਆ। ਜੇ ਆਈ.ਜੀ. ਸਾਹਿਬ ਇਜਾਜ਼ਤ ਦੇਣ ਤਾਂ ਗਊਸ਼ਾਲਾ ਵਿਚੋਂ ਇਕ ਗਊ ਮੈਂ ਇਸ ਨੂੰ ਦੇ ਸਕਦਾ ਹਾਂ, ਕਿਉਂਕਿ ਇਸ ਡੇਅਰੀ ਫਾਰਮ ਦਾ ਇੰਤਜ਼ਾਮ ਮੇਰੇ ਸਪੁਰਦ ਹੈ।

ਆਈ.ਜੀ. – ਸਾਰੀ ਗਊ ਦਾ ਦੁੱਧ ਇਹ ਕਿਸ ਤਰ੍ਹਾਂ ਪੀਆ ਕਰੇਗਾ? ਅਤੇ ਨਾ ਹੀ ਇਕ ਗਊ ਦਾ ਸਾਰਾ ਦੁੱਧ ਇਸ ਨੂੰ ਦਿਤਾ ਜਾ ਸਕਦਾ ਹੈ।

ਮੈਡੀਕਲ ਅਫਸਰ – ਕਈ ਗਊਆਂ ਦੋ ਦੋ ਤਿੰਨ ਤਿੰਨ ਚਾਰ ਚਾਰ ਸੇਰ ਦੁੱਧ ਦੇਣ ਵਾਲੀਆਂ ਭੀ ਹਨ।

ਆਈ.ਜੀ. – ਦੋ ਸੇਰ ਪੱਕੇ ਦੁੱਧ ਦੇਣ ਵਾਲੀ ਗਊ ਇਸ ਨੂੰ ਦੇ ਦਿਓ। ਗਊ ਚੁਆਉਣ ਲਈ ਗਊਸ਼ਾਲਾ ਵਿਚ ਲਿਜਾਵਣ ਲਈ ਕਿਸੇ ਖਾਸ ਜਮਾਂਦਾਰ ਦੀ ਸਪੈਸ਼ਲ ਡਿਊਟੀ ਲਾਈ ਜਾਵੇ।

ਬਸ ਇਹੋ ਹੁਕਮ ਮੇਰੇ ਹਿਸਟਰੀ ਟਿਕਟ ਉਤੇ ਚਾੜ੍ਹ ਦਿਤਾ ਅਤੇ ਫੈਸਲਾ ਕਰਕੇ ਥੋੜ੍ਹੇ ਚਿਰ ਪਿਛੋਂ ਹੀ ਮੈਨੂੰ ਗਊ-ਸ਼ਾਲਾ ਵਿਚ ਲੈ ਗਏ। ਅਗਾਹਾਂ ਦੇਖਾਂ ਤਾਂ ਜੋ ਗਊ ਮੇਰੇ ਲਈ ਖੋਲ੍ਹ ਕੇ ਲਿਆਂਦੀ ਗਈ ਸੱਚਮੁੱਚ ਹੀ ਚਿੱਟੀ ਸਫ਼ੈਦ ਮੀਣੀ ਗਊ ਹੈ ਅਤੇ ਉਸੀ ਪ੍ਰਕਾਰ ਦਾ ਵੱਛਾ ਜੈਸਾ ਕਿ ਭਾਈ ਕ੍ਰਿਪਾ ਸਿੰਘ ਨੇ ਦੱਸਿਆ ਸੀ। ਕ੍ਰਿਪਾ ਸਿੰਘ ਦੇ ਟੇਵੇ ਤਾਂ ਠੀਕ ਨਿਸ਼ਾਨੇ ਉਤੇ ਸਨ। ਪਰੰਤੂ ਸ਼ੋਕ ਕਿ ਭਾਈ ਕ੍ਰਿਪਾ ਸਿੰਘ ਦੀ ਇਸ ਪ੍ਰਕਾਰ ਦੀ ਦਿੱਬਜ ਦ੍ਰਿਸ਼ਟੀ ਵਾਲੀ ਸ਼ਕਤੀ ਕੋਈ ਚਾਰ ਦਿਹਾੜੇ ਦੀ ਖੇਡ ਹੀ ਰਹੀ। ਜਦ ਤਾਈਂ ਦਾਸ ਵਰਜਦਾ ਰਿਹਾ ਕਿ ਆਮ ਸ਼ਰੇ ਇਸ ਨੂੰ ਨਸ਼ਰ ਨਾ ਕਰੇ ਤਦ ਤਾਈਂ ਉਹ ਸੰਕੋਚਦਾ ਰਿਹਾ ਅਤੇ ਇਸ ਸਕੁੰਚਤਾਈ ਦੇ ਕਾਰਨ ਕੁਛ ਦਿਨ ਇਹ ਸਿੱਧ ਸ਼ਕਤੀ ਪ੍ਰਾਪਤ ਰਹੀ। ਪਰ ਪਿਛੋਂ ਉਸ ਨੇ ਜਣੇ ਖਣੇ ਨੂੰ ਹੀ ਆਪਣੀਆਂ ਸਿੱਧ ਸ਼ਕਤੀਆਂ ਦਾ ਇਜ਼ਹਾਰ ਕਰਨਾ ਸ਼ੁਰੂ ਕਰ ਦਿਤਾ। ਬਸ, ਫੇਰ ਤਾਂ ਦਿਨਾਂ ਵਿਚ ਹੀ ਉਹ ਸ਼ਕਤੀ ਗਈ ਗਵਾਤੀ ਹੋਈ ਅਤੇ ਭਾਈ ਕ੍ਰਿਪਾ ਸਿੰਘ ਜੀ ਹੋਰੀਂ ਸੱਖਣੇ ਦੇ ਸੱਖਣੇ ਹੀ ਰਹਿ ਗਏ ਅਤੇ ਹੁਣ ਤਾਈਂ ਪਏ ਉਸ ਬਵਸਥਾ ਨੂੰ ਝੂਰਦੇ ਹਨ ਪਰੰਤੂ –

***ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥***

ਗੁਰਮਤਿ ਨਾਮ ਦੇ ਰਸੀਏ ਹੋ ਕੇ ਜੇ ਨਾਮ ਵਿਖੇ ਹੀ ਲਿਵਲੀਨ ਰਹਿੰਦੇ ਤਾਂ –

***ਰਿਧਿ ਸਿਧਿ ਨਾਮੈ ਕੀ ਦਾਸੀ॥***

ਆਪੇ ਪਿਛੇ ਲਗੀ ਕਾਰ ਕਮਾਉਂਦੀ ਫਿਰਦੀ। ਛਾਉਂ ਪਰਛਾਵੇਂ ਦੇ ਪਿਛੇ ਭੱਜੀਏ ਤਾਂ ਇਹ ਹੋਰ ਅਗਾਹਾਂ ਨੂੰ ਭਜਦਾ ਹੈ, ਜੇ ਇਸ ਨੂੰ ਪਿੱਛਾ ਦੇ ਛੱਡੀਏ ਤਾਂ ਆਪੇ ਪਛਾਹਾਂ ਨੂੰ ਪਰਤ ਪੈਂਦਾ ਹੈ। ਪ੍ਰੰਤੂ ਇਹ ਬਵਸਥਾ ਨਾਮ ਸਨਮੁਖੀਆਂ ਗੁਰਮੁਖੀਆਂ ਨੂੰ ਹੀ ਪ੍ਰਾਪਤ ਹੋਈ ਰਹਿੰਦੀ ਹੈ, ਪਰ ਇਸ ਨੂੰ ਕਿਤੇ ਹੀ ਵਰਤੋਂ ਵਿਚ ਲਿਆਉਂਦੇ ਹਨ। ਉਹ ਭੀ ਮਿਣ ਮਥ ਕੇ ਨਹੀਂ, ਸੁਤੇ ਸਫੁਰਤਾ ਦਵਾਰਾ ਹੀ ਕਦੇ ਕਦਾਈਂ ਅਚਿੰਤ ਵਰਤੋਂ ਚਮਤਕਾਰੇ ਹੋ ਜਾਂਦੇ ਹਨ। ਚਲੋ! ਇਨ੍ਹਾਂ ਝੇੜਿਆਂ ਤੋਂ ਕੀ ਲੈਣਾ ਹੈ, ਅਸੀਂ ਆਪਣੀ ਵਿਥਿਆ ਲੜੀ ਫੇਰ ਫੜੀਏ –

ਇਸ ਬਿਧ ਕੜਾਕੇ ਫਾਕੇ ਕੱਟ ਕੇ ਸਾਨੂੰ ਤਾਂ ਸਗੋਂ ਗਊ ਲਵੇਰੀ ਮਿਲ ਗਈ ਜੋ ਦੋ ਸੇਰ ਦੇ ਥਾਉਂ ਚਾਰ ਚਾਰ ਪੰਜ ਪੰਜ ਸੇਰ ਦੁੱਧ ਦੇਣ ਲਗ ਪਈ। ਵੱਛੇ ਨੂੰ ਇਕ ਥਣ ਚੁੰਘਾ ਕੇ ਛੇ ਸੇਰ ਭੀ ਦੋਹਾਂ ਵੇਲਿਆਂ ਦਾ ਹੋ ਜਾਇਆ ਕਰੇ। ਅੱਧ ਪਾਉ ਸਾਬੂਦਾਨਾ ਅਤੇ ਛਟਾਂਕ ਸਿਰਖਿੰਡੀ ਭੀ ਲਗ ਗਈ। ਫੇਰ ਤਾਂ ਖੂਬ ਖੀਰ ਤਸ਼ਮਈ ਬਣਿਆ ਕਰੇ ਅਤੇ ਸੱਜਣ ਜਨਾਂ ਨਾਲ ਰਲ ਮਿਲ ਕੇ ਖੂਬ ਪ੍ਰੇਮ ਛਾਂਦੇ ਭੁੰਚਿਆ ਕਰੀਏ। ਫਾਕਿਆਂ ਕੜਾਕਿਆਂ ਦੇ ਦਿਨਾਂ ਦੀਆਂ ਕਸਰਾਂ ਨਿਕਲ ਗਈਆਂ –

***ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ॥***

ਵਾਲੇ ਸਬਰ ਸੰਤੋਖ ਦਾ ਸੋਹਣਾ ਸਿੱਟਾ ਨਿਕਲਿਆ।

## ਹਰਨ ਹੋਏ ਸਿੰਘਾਂ ਦੀ ਵਿਥਿਆ

ਓਧਰ ਹਰਨ ਹੋਏ ਸਿੰਘਾਂ ਦੇ ਜ਼ੁਲਮ ਸਹਿਣ ਵਾਲੇ ਸਬਰ ਦਾ ਇਹ ਫਲ ਮਿਲਿਆ ਕਿ ਦਰੋਗਾ ਤੇ ਸੁਪ੍ਰੰਟੰਡੰਟ ਉਤਾਰੂ (degrade) ਕਰਕੇ ਉਥੋਂ ਕੱਢੇ ਗਏ। ਭਾਵੇਂ ਭਗੌੜਿਆਂ ਦੀ ਦੋ ਦੋ ਸਾਲ ਕੈਦ ਹੋਰ ਵਧ ਹੀ ਗਈ ਪਰ ਉਨ੍ਹਾਂ ਹੱਥ ਸੋਹਣੇ ਦਿਖਾਏ। ਤਿੰਨ ਸੱਜਣ ਤਾਂ ਮੁੜ ਹੱਥ ਹੀ ਨਹੀਂ ਆਏ – ਸੁੱਚਾ ਸਿੰਘ, ਤੇਜਾ ਸਿੰਘ ਅਤੇ ਬੁੱਢਾ ਸਿੰਘ। ਸੱਤ ਸੱਜਣ ਤਾਂ ਪਹਿਲਾਂ ਹੀ ਫੱਟੜ ਹੋ ਕੇ ਜੇਲ੍ਹ ਵਿਚ ਵਾਪਸ ਲਿਆਂਦੇ ਗਏ ਸਨ। ਮਹੀਨੇ ਡੇਢ ਮਹੀਨੇ ਪਿਛੋਂ ਬਾਕੀ ਦੇ ਅੱਠ ਸੱਜਣ ਭੀ ਵਾਪਸ ਆ ਗਏ, ਪ੍ਰੰਤੂ ਬੜੀ ਬਹਾਦਰੀ ਦਿਖਾ ਕੇ। ਇਤਨਾ ਚਿਰ ਦਿਨ ਰਾਤ ਭੁੱਖਣ ਭਾਣੇ ਜੰਗਲ ਵਿਚ ਹੀ ਫਿਰਦੇ ਰਹੇ। ਦੋ ਇਕ ਤਾਂ ਬਨਾਰਸ ਤਾਈਂ ਪਹੁੰਚ ਗਏ ਸਨ। ਛੇ ਸੱਜਣਾਂ ਵਿਚੋਂ ਭੀ ਤਿੰਨਾਂ ਦੇ ਟੋਲੇ ਵੱਖੋ ਵਖਰੇ ਹੋ ਗਏ। ਜੋ ਇਕੱਠੇ ਰਹਿੰਦੇ ਤਾਂ ਕਿਸੇ ਦੀ ਮਜਾਲ ਨਹੀਂ ਸੀ ਕਿ ਉਨ੍ਹਾਂ ਦੇ ਨੇੜੇ ਕੋਈ ਢੁਕਦਾ। ਡਾਕੂ-ਡਾਕੂ ਆਖ ਕੇ ਪੁਲਿਸ ਨੇ ਸਭ ਲੁਕਾਈ ਉਨ੍ਹਾਂ ਦੇ ਪਿਛੇ ਪਾ ਦਿਤੀ। ਹਜ਼ਾਰਾਂ ਦੀ ਤਾਦਾਦ ਵਿਚ ਮਿਲੱਖ ਇਕੱਠੀ ਹੋ ਕੇ ਅਤੇ ਕੁਲਹਾੜੀਆਂ ਛਵੀਆਂ ਲੈ ਕੇ ਪਹਿਲਾਂ ਪਹਿਲੇ ਤਿੱਗੜੇ ਉਪਰ ਆ ਪਈ ਜਿਸ ਵਿਚ ਇਹ ਤਿੰਨ ਸੱਜਣ ਸਨ 1. ਭਾਈ ਗੰਡਾ ਸਿੰਘ ਨਿਹੰਗ (ਖਾਪੜ ਖੇੜੀ) 2. ਭਾਈ ਇੰਦਰ ਸਿੰਘ (ਸ਼ੇਖ ਦੌਲਤ) ਅਤੇ 3. ਵੀਰ

ਅਰਜਨ ਸਿੰਘ (ਜਗਰਾਉਂ)। ਤਿੰਨਾਂ ਨੇ ਟਿੱਡੀ ਦਲ ਨਾਲ ਖ਼ੂਬ ਟਾਕਰਾ ਕੀਤਾ। ਉਪਰੋਂ ਦੂਜੇ ਤਿੱਗੜੇ ਭਾਈ ਗੁੱਜਰ ਸਿੰਘ (ਭਕਨਾ) ਭਾਈ ਦਲ ਸਿੰਘ (ਢੁਡੀਕੇ) ਅਤੇ ਭਾਈ ਸਜਿਣ ਸਿੰਘ (ਨਾਰੰਗਵਾਲ) ਇਨ੍ਹਾਂ ਉਤੇ ਭੀ ਹਜ਼ਾਰਾਂ ਆਦਮੀ ਸਣੇ ਹਥਿਆਰ ਬੰਦ ਪੁਲਿਸ ਦੇ ਆ ਕੇ ਟੁੱਟ ਪਏ ਪਰ ਇਨ੍ਹਾਂ ਸੂਰਬੀਰਾਂ ਨੇ ਐਸੀ ਸੂਰਬੀਰਤਾ ਨਾਲ ਮੁਕਾਬਲਾ ਕੀਤਾ ਕਿ ਸਭ ਦੇ ਦੰਦ ਜੁੜ ਗਏ। ਸਾਰੇ ਬਿਹਾਰੀ ਇਲਾਕੇ ਵਿਚ ਸਿੰਘਾਂ ਦੀ ਸੂਰਬੀਰਤਾ ਵਾਲੀ ਧਾਂਕ ਪੈ ਗਈ। ਉਨ੍ਹਾਂ ਦੇ ਹੀ ਹਥਿਆਰ ਖੋਹ ਕੇ ਉਨ੍ਹਾਂ ਨਾਲ ਟਾਕਰਾ ਕੀਤਾ। ਓੜਕ ਪਿੰਡਾਂ ਦੇ ਪਿੰਡ ਉਨ੍ਹਾਂ ਉਪਰ ਆ ਪਏ। ਮਹੀਨਿਆਂ ਦੇ ਢਿੱਡੋਂ ਭੁੱਖੇ, ਨੰਗੇ ਬਣਾਂ ਜੰਗਲਾਂ ਵਿਚ ਦਿਨ ਰਾਤ ਫਿਰਦਿਆਂ ਦੇ ਪੈਰ ਪਹਿਲਾਂ ਹੀ ਛਲਨੀ ਛਲਨੀ ਹੋਏ ਵੇ ਸਨ। ਜਾਨਾਂ ਹੀਲ ਹੀਲ ਕੇ ਲੜੇ। ਸੈਂਕੜੇ ਘਾਵਾਂ ਨਾਲ ਘਾਇਲ ਹੋ ਕੇ ਓੜਕ ਮੂਰਛਤ ਹੋ ਕੇ ਧਰਤੀ ਤੇ ਡਿੱਗ ਪਏ। ਡਿੱਗੇ ਪਿਆਂ ਦੇ ਨੇੜੇ ਕੋਈ ਨਾ ਆਵੇ। ਇਨ੍ਹਾਂ ਵਿਚੋਂ ਸ੍ਰੀ ਮਾਨ ਭਾਈ ਗੁਜਰ ਸਿੰਘ ਦੀ ਜੁੱਧ ਸੂਰਬੀਰਤਾ ਦੀ ਵਾਰਤਾ ਅਕਥਨੀਯ ਹੈ। ਅਨੇਕਾਂ ਹੀ ਘਾਓ ਛਵੀਆਂ ਦੇ ਸਰੀਰ ਉਤੇ ਬੜੇ ਬੜੇ ਡੂੰਘੇ ਸਨ, ਕੋਈ ਨਹੀਂ ਆਖਦਾ ਸੀ ਕਿ ਉਹ ਬਚਣਗੇ ਪਰ ਥੋੜ੍ਹੇ ਦਿਨਾਂ ਵਿਚ ਹੀ ਘਾਓ ਮਿਟ ਗਏ ਅਰ ਐਸੇ ਮਿਟੇ ਕਿ ਨਵੇਂ ਨਰੋਏ ਹੋ ਗਏ। ਦੋ ਸੱਜਣ ਭਾਈ ਨੱਥਾ ਸਿੰਘ (ਧੁੰਨ) ਅਤੇ ਭਾਈ ਹਰੀ ਸਿੰਘ (ਕੱਕੜ) ਕੁਛ ਦਿਨਾਂ ਪਿਛੋਂ ਬਨਾਰਸ ਤੋਂ ਫੜੇ ਹੋਏ ਆ ਗਏ। ਜਦ ਸਾਰੇ ਇਕੱਠੇ ਆਣ ਹੋਏ ਫੇਰ ਉਨ੍ਹਾਂ ਉਤੇ ਮੁਕੱਦਮਾ ਚਲਾਇਆ ਗਿਆ। ਵਧਾਵਾ ਰਾਮ ਹੋਰਾਂ ਦਾ ਮੱਕੂ ਬੱਝ ਗਿਆ। ਇਨ੍ਹਾਂ ਨੂੰ ਤਾਂ ਸਜ਼ਾਵਾਂ ਹੋ ਗਈਆਂ ਪਰ ਵਧਾਵਾ ਰਾਮ ਦੇ ਸੰਗ ਕਰਕੇ ਆਈ.ਜੀ. ਨੂੰ ਭੀ ਤਕੜਾ ਸੇਕ ਲਗ ਗਿਆ। ਉਸ ਦੀ ਸਰਕਾਰੇ ਦਰਬਾਰੇ ਬੜੀ ਬਦਨਾਮੀ ਹੋਈ ਜਿਸ ਦੀ ਉਸ ਨੂੰ ਬੜੀ ਨਮੋਸ਼ੀ ਆਈ। ਇਸ ਦਾ ਗੁਮਰ ਰੱਜ ਕੇ ਫੇਰ ਭਗੌੜੇ ਸੱਜਣਾਂ ਉਤੇ ਹੀ ਕੱਢਿਆ। ਜਦੋਂ ਸ਼ਾਹੀ ਰਹਿਮ ਦਾ ਐਲਾਨ ਹੋਇਆ ਅਤੇ ਪੰਜਾਬ ਦੇ ਰਾਜਸੀ ਕੈਦੀਆਂ ਨੂੰ ਛੱਡੇ ਜਾਣ ਦਾ ਹੁਕਮ ਹੋਇਆ ਤਾਂ ਸਾਡੇ ਲਾਣੇ ਵਿਚੋਂ ਆਈ.ਜੀ. ਨੇ ਭਗੌੜਿਆਂ ਨੂੰ ਛੱਡਣ ਦੀ ਸਿਫਾਰਸ਼ ਨਾ ਕੀਤੀ ਅਤੇ ਦਾਸ ਦੇ ਬਾਰੇ ਭੀ ਤਮਕੀ ਵਿਚ ਆ ਕੇ ਪੰਜਾਬ ਗਵਰਨਮੈਂਟ ਨੂੰ ਇਹ ਰਿਪੋਰਟ ਕਰ ਬੈਠਾ ਸੀ ਕਿ ਇਹ ਸਭ ਹਾਦਸਾ ਰਣਧੀਰ ਸਿੰਘ ਦੀ ਉਕਸਾਹਟ ਨਾਲ ਹੋਇਆ। ਚਾਹੇ ਪਿਛੋਂ ਠੰਡਾ ਪੈ ਕੇ ਉਹ ਬਹੁਤ ਪਛਤਾਇਆ ਕਿ ਮੈਂ ਕੀ ਕਰ ਬੈਠਾ, ਨਾਹਕ ਦਰਵੇਸ਼ ਨੂੰ ਊਜ ਲਾਈ ਪਰ ਪਿਛੋਂ ਪਛਤਾਏ ਕੀ ਬਣਦਾ ਹੈ। ਉਸ ਦੀ ਕਲਮ ਵਾਹੀ ਦਾ ਫਲ ਸਾਨੂੰ ਭੀ ਭੁਗਤਣਾ ਸੀ। ਉਹ ਜਾਣੇ! ਇਵੇਂ ਹੀ ਹੋਣਾ ਸੀ। ਅਠਾਰ੍ਹਾਂ ਭਗਉੜਿਆਂ ਵਿਚੋਂ ਇਕ ਭੀ ਨਾ ਛੁਟਿਆ। ਪਰ ਦੂਜੇ ਨਾ ਭੱਜਣ ਵਾਲਿਆਂ ਸੱਜਣਾਂ ਵਿਚੋਂ 19 ਸੱਜਣ ਛੁਟ ਗਏ। ਦਾਸ ਭਾਣੇ ਵਿਚ ਅੰਦਰ ਅੰਦਰ ਹੀ ਗਜਦਾ ਰਹਿ ਗਿਆ। ਭਾਵ ਭਾਣੇ ਅੰਦਰ ਇਵੇਂ ਹੀ ਹੋਣਾ ਸੀ। ਭਾਵੇਂ ਡੀ. ਸੀ., ਆਈ.ਜੀ. ਆਦਿਕ ਏਵੇਂ ਹੀ ਕਹਿੰਦੇ ਹੁੰਦੇ ਸੀ ਕਿ ਉਸੇ ਰਿਪੋਰਟ ਦੇ ਕਾਰਨ ਮੈਨੂੰ ਰੱਖਿਆ ਗਿਆ। ਇਹ ਤਾਂ –

*ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ।*
*ਜਹ ਜਹ ਰਖਹਿ ਆਪ ਤਹ ਜਾਇ ਖੜੋਵਣਾ॥*

ਗੁਰਵਾਕ ਦੇ ਭਾਵ ਅਨੁਸਾਰ ਏਵੇਂ ਹੀ ਹੋਵਣੀ ਸੀ। ਕਿਸੇ ਤੇ ਅਕਾਰਨ ਦੋਸ਼ ਕੀ ਥੱਪੀਏ। ਅੱਛਾ –

*ਜਿਥੈ ਰਖਹਿ ਬੈਕੁੰਠੁ ਤਿਥਾਈ॥*

ਸਾਨੂੰ ਤਾਂ ਛੁਟਣ ਛੁਟਾਉਣ ਦਾ ਰੱਤੀ ਭੀ ਗੁਮੇਹ ਨਹੀਂ ਸੀ। ਅਨੇਕ ਪ੍ਰਕਾਰ ਦੀਆਂ ਉਖਿਆਈਆਂ ਦਾ ਸਾਮ੍ਹਣਾ ਕਰਦੇ ਹੋਇਆਂ ਭੀ ਚਿੱਤ ਬਿਰਤੀ ਇਕ ਅਲੌਕਿਕ ਆਤਮ ਅਹਿਲਾਦ ਵਿਚ ਰਹਿੰਦੀ ਸੀ। ਵੱਖੋ ਵੱਖ ਦੜਵਿਆਂ ਵਿਚ ਤੜੇ ਹੋਏ ਪੰਖਣੂਆਂ ਨੂੰ ਨਾਮ ਬਾਣੀ ਕੀਰਤਨ ਦਾ ਸਹਿਜ ਅਨੰਦੀ ਚੋਗਾ ਪ੍ਰਸਪਰ ਸਤਿਸੰਗ ਦੇ ਪ੍ਰਭਾਵ ਕਰਕੇ ਸੁਤੇ ਸੁਭਾਵ ਹੀ ਮਿਲਦਾ ਰਹਿੰਦਾ ਸੀ। ਇਸ ਲਈ ਪਿੰਜਰੇ ਪਏ ਪੰਖੀਆਂ ਦੀਆਂ ਬਿਰਤੀਆਂ ਚੜ੍ਹਦੀਆਂ ਕਲਾਂ ਦੇ ਆਤਮ ਔਜੀ ਖਿੜਾਉ ਵਿਚ ਰਹਿੰਦੀਆਂ ਸਨ। ਦਾਸ ਦੀ ਇਸ ਅਨੰਦੀ ਲੋਰ ਖੇਡ ਵਿਚੋਂ ਅੱਖ ਕਦੇ ਨਹੀਂ ਉਘੜਦੀ ਸੀ। ਜਦ ਤਾਈਂ ਇਹ ਉਨੀਆਂ ਦਾ ਜੱਥਾ ਛੁਟਿਆ ਨਹੀਂ ਤਦ ਤਾਈਂ ਇਕ ਅਤੁੱਟ ਅਨੰਦ ਹੁਲਾਸੀ ਸਤਿਸੰਗ ਬਣਿਆ ਹੋਇਆ ਸੀ, ਕਿਉਂਕਿ ਉਨ੍ਹਾਂ ਵਿਚੋਂ ਵੀਰ ਭਾਈ ਅਤਰ ਸਿੰਘ ਜੀ ਸਾਰਖੇ ਬਾਣੀ ਦੇ ਪ੍ਰੇਮ ਰਸੀਏ ਚਤੋ ਪਹਿਰ ਅੰਮ੍ਰਿਤ ਵਰਖਾ ਕਰਦੇ ਹੀ ਰਹਿੰਦੇ ਸਨ। ਸਭ ਨੂੰ ਬਾਣੀਆਂ ਦੇ ਸੁਣਾਉਣ ਦਾ ਏਡਾ ਚਾਓ ਕਿ ਇਕ ਦੂਜੇ ਤੋਂ ਵੱਧ ਵਧ ਕੇ ਪਾਠ ਸੁਣਾਵਣ ਲਈ ਉਮਾਹੇ ਬਣੇ ਰਹਿਣ। ਇਕ ਮਿੰਟ ਭੀ ਵਿਰਵਾ ਨਾ ਜਾਣਾ, ਕਦੇ ਕਿਸੇ ਪ੍ਰੇਮੀ ਨੇ ਰਚਨਾ ਲਾ ਦੇਣੀ ਕਦੇ ਕਿਸੇ ਨੇ। ਬਾਣੀਆਂ ਤੋਂ ਛੁਟ ਕਈ ਸੈਂਕੜੇ ਸ਼ਬਦ ਵੀ ਪ੍ਰੇਮੀ ਜਨਾਂ ਨੇ ਕੰਠਾਗਰ ਕਰ ਰੱਖੇ ਸਨ ਅਤੇ ਬਾਣੀਆਂ ਭੀ ਪਰ੍ਹੇ ਤੋਂ ਪਰ੍ਹੇ ਪ੍ਰੇਮ ਧੁਨੀਆਂ ਸਹਿਤ ਸਰਵਣ ਕਰਾਉਣੀਆਂ। ਇਕ ਦੂੰ ਇਕ ਨੇ ਵੱਧ ਵੱਧ ਕੇ ਚਾਉ ਚਈਲੇ ਉਤਸ਼ਾਹ ਸਹਿਤ ਪ੍ਰੇਮ ਪਾਠ ਉਚਾਰਨ ਕਰਨੇ। ਇਕ ਹਟਿਆ ਦੂਜਾ ਲਗ ਗਿਆ। ਜੋ ਬਾਣੀਆਂ ਦਾਸ ਨੇ ਜਿਸ ਕਿਸੇ ਨੂੰ ਕੰਠ ਕਰਨ ਲਈ ਉਤਸ਼ਾਹ ਦਿਤਾ, ਤਿਸ ਤਿਸ ਨੇ ਸੋਈ ਬਾਣੀਆਂ ਕੰਠ ਕਰ ਲਈਆਂ। ਬਾਜ਼ੇ ਸੱਜਣਾਂ ਦੇ ਤਾਂ ਇਤਨੇ ਤਿੱਖੇ ਚੇਤੇ ਸਨ ਕਿ ਦਿਨਾਂ ਵਿਚ ਹੀ ਸੁਖਮਨੀ ਸਾਹਿਬ, ਅਕਾਲ ਉਸਤਤਿ ਜੇਵਡ ਗੰਭੀਰ ਬਾਣੀਆਂ ਕੰਠ ਕਰ ਲਈਆਂ ਸਨ। ਜਿਉਂ ਜਿਉਂ ਕੰਠ ਕਰੀ ਜਾਣ ਤਿਉਂ ਤਿਉਂ ਮੈਨੂੰ ਸੁਣਾਉਣ ਲਈ ਵਧ ਵਧ ਕੇ ਅਵਾਜ਼ੇ ਮਾਰਨੇ। ਭਾਈ ਸਾਹਿਬ ਜੀ ਮੈਂ ਸੁਣਾਵਾਂ। ਬਾਣੀ ਦੇ ਪਾਠੀਆਂ ਦੇ ਨਾਮ ਤੇ ਜੋ ਜੋ ਬਾਣੀਆਂ ਤੇ ਸ਼ਬਦ ਉਨ੍ਹਾਂ ਦੇ ਕੰਠ ਸਨ ਯਾ ਜਿਨ੍ਹਾਂ ਦੇ ਉਹ ਪਾਠ ਕਰਦੇ ਸਨ, ਉਨ੍ਹਾਂ ਦਾ ਵੇਰਵੇ ਸਹਿਤ ਨਕਸ਼ਾ ਨਾਲ ਦਿਤਾ ਜਾਂਦਾ ਹੈ –

ਇਸ ਨਕਸ਼ੇ ਵਿਖੇ 'ਕ' ਤੋਂ ਭਾਵ ਕੰਠਾਗਰ ਦਾ ਹੈ ਅਤੇ 'ਪਾ' ਤੋਂ ਭਾਵ ਜਿਨ੍ਹਾਂ ਦਾ ਪਾਠ ਮਾਤਰ ਦਾ ਨਿਤਨੇਮ ਹੈ। ਇਸ ਬਿਧ ਬਾਣੀ ਦੇ ਖੂਬ ਪ੍ਰਵਾਹ ਚਲਦੇ ਰਹੇ ਕਿ ਇਤਨੇ ਨੂੰ 1920 ਦੇ ਅਰੰਭ ਵਿਚ ਮਾਰਚ ਮਹੀਨੇ ਅਸਾਂ 45 ਸਾਥੀਆਂ ਵਿਚੋਂ ਏਸ ਨਕਸ਼ੇ ਵਿਚ ਦਿਤੇ ਨੰਬਰਾਂ

(ਬਾਕੀ ਪੰਨਾ 56 ਤੇ)

# ਅਨੰਦਮਈ ਜੀਵਨ ਜਾਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-50)*

ਇਕ ਹੋਰ ਗੱਲ ਕਰਨ ਦੀ ਕੋਸ਼ਿਸ਼ ਕਰੋ, ਜਦੋਂ ਵਿਚਾਰ ਆਉਣ, ਤੁਸੀਂ ਸੌਣ ਬਾਰੇ ਸੋਚਣ ਲਗ ਪਵੋ। ਜਦੋਂ ਇਸ ਤਰ੍ਹਾਂ ਦਾ ਅਨੁਭਵ ਆਏ ਅੱਖਾਂ ਖੋਲ੍ਹ ਲਵੋ। ਸੌਂਵੋਂ ਨਾ, ਸੌਂ ਕੇ ਇਹੋ ਜਿਹੇ ਅਨੁਭਵਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਨਾ ਕਰੋ, ਜੋ ਵੀ ਵਿਚਾਰ ਹਨ ਉਨ੍ਹਾਂ ਨੂੰ ਆਉਣ ਦਿਓ, ਜਿਥੋਂ ਵੀ ਆ ਰਹੇ ਹਨ ਆਉਣ ਦਿਓ। ਕਈ ਵਾਰੀ ਤੁਸੀਂ ਅੱਖਾਂ ਬੰਦ ਕਰਕੇ ਸੌਂ ਜਾਂਦੇ ਹੋ ਤਾਂ ਜੋ ਤੁਸੀਂ ਜਿਹੜੇ ਵਿਚਾਰਾਂ ਦਾ ਸਾਮ੍ਹਣਾ ਨਹੀਂ ਕਰਨਾ ਚਾਹੁੰਦੇ ਉਹ ਨਾ ਕਰੋ, ਉਨ੍ਹਾਂ ਨੂੰ ਓਹਲੇ ਕਰਦੇ ਓ। ਹੁੰਦਾ ਇਹ ਹੈ ਕਿ ਫੇਰ ਉਹ ਸਾਰੇ ਹੀ ਇਕੱਠੇ ਹੋ ਕੇ ਜਾਂ ਤਾਂ ਸੁਪਨੇ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ ਆਪਣਾ ਭੇਸ ਬਦਲ ਕੇ ਆ ਜਾਂਦੇ ਹਨ।

ਜੇ ਇਕ ਵਿਚਾਰ ਬਾਰ-ਬਾਰ ਆ ਰਿਹਾ ਹੈ ਤੁਸੀਂ ਉਸ ਨੂੰ ਕੋਈ ਧਿਆਨ ਹੀ ਨਹੀਂ ਦੇ ਰਹੇ, ਸਮਾਂ ਪਾ ਕੇ ਉਹ ਖਤਮ ਹੋ ਜਾਵੇਗਾ ਕਿਉਂਕਿ ਤੁਸੀਂ ਉਸ ਨੂੰ ਨਾ ਤਾਂ ਕੋਈ ਧਿਆਨ ਦੇ ਰਹੇ ਹੋ, ਨਾ ਹੀ ਕੋਈ ਦਿਲਚਸਪੀ ਦਿਖਾ ਰਹੇ ਹੋ। ਜਿਹੜੇ ਵਿਚਾਰਾਂ ਵਿਚ ਤੁਸੀਂ ਰੁਚੀ ਰਖਦੇ ਹੋ ਉਹ ਹੀ ਵਿਚਾਰ ਤੁਹਾਨੂੰ ਕਰਮ ਕਰਨ ਦੀ ਪ੍ਰੇਰਨਾ ਦਿੰਦੇ ਹਨ। ਸਾਰੇ ਵਿਚਾਰ ਐਡੇ ਸ਼ਕਤੀਸ਼ਾਲ ਨਹੀਂ ਹੁੰਦੇ। ਸਾਰੇ ਵਿਚਾਰਾਂ ਨੂੰ ਬਾਹਰ ਪ੍ਰਗਟਾਵੇ ਦੀ ਲੋੜ ਨਹੀਂ ਹੁੰਦੀ, ਇਹ ਅਵੱਸ਼ਕ ਨਹੀਂ ਕਿ ਸਾਰੇ ਵਿਚਾਰਾਂ ਨੂੰ ਬਾਹਰ ਕੱਢਿਆ ਜਾਵੇ। ਆਪਣੇ ਵਿਚਾਰਾਂ ਨੂੰ ਉਠਣ ਦਿਓ। ਵਿਚਾਰਾਂ ਨੂੰ ਦੇਖੋ, ਦੇਖੋ ਕੀ ਉਹ ਸਿਰਜਨਾਤਮਕ ਹਨ, ਉਸ ਉਪਰੰਤ ਕੇਵਲ ਉਨ੍ਹਾਂ ਵਿਚਾਰਾਂ ਨੂੰ ਹੀ ਦਰਸਾਓ, ਪ੍ਰਗਟ ਕਰੋ ਜਿਹੜੇ ਠੀਕ ਹਨ ਸਿਰਜਨਾਤਮਕ ਹਨ।

ਸਭ ਤੋਂ ਪਹਿਲੀ ਗੱਲ ਜਿਹੜੀ ਸਿੱਖਣ ਵਾਲੀ ਹੈ ਉਹ ਇਹ ਹੈ ਕਿ ਵਿਚਾਰਾਂ ਨੂੰ ਆਉਣ ਦਿਓ, ਦੂਸਰੀ ਗੱਲ ਹੈ ਕਿ ਆਪਣੇ ਸਾਮ੍ਹਣੇ ਕੇਵਲ ਉਹ ਵਿਚਾਰ ਹੀ ਲੈ ਕੇ ਆਓ, ਜਿਹੜੇ ਵਧੇਰੇ ਮਹੱਤਵਪੂਰਨ ਹੋਣ। ਇਸ ਤਰ੍ਹਾਂ ਕਰਨਾ ਕੋਈ ਔਖਾ ਨਹੀਂ। ਇਸ ਲਈ ਕੋਈ ਉਚੀ ਤੇ ਡੂੰਘੀ ਮੈਡੀਟੇਸ਼ਨ ਦੀ ਲੋੜ ਨਹੀਂ। ਤੁਸੀਂ ਦੇਖੋਗੇ ਕੁਝ ਨਾ ਕੁਝ ਮਹੱਤਵਪੂਰਨ ਜ਼ਰੂਰ ਤੁਹਾਡੇ ਸਾਮ੍ਹਣੇ ਆਏਗਾ। ਜਾਂ ਤਾਂ ਤੁਸੀਂ ਆਪਣੀ ਕਲਪਨਾ ਵਿਚ ਅਨੰਦ ਲੈਣ ਲਗ ਜਾਓਗੇ ਜਾਂ ਤੁਸੀਂ ਚਿੰਤਤ ਹੋ ਜਾਓਗੇ। ਦੋਨੋਂ ਤਰ੍ਹਾਂ ਦੇ ਵਿਚਾਰ ਵਾਸਤਵ ਵਿਚ ਕਲਪਨਾ ਦੀ ਹੀ ਖੇਡ ਹਨ। ਇਹ ਆਦਤ ਨਾ ਬਣਾਓ ਕਿ ਤੁਸੀਂ ਕੇਵਲ ਆਪਣੀ ਕਲਪਨਾ ਵਿਚ ਹੀ ਅਨੰਦ ਮਾਣਦੇ ਰਹੋ ਤੇ ਕਰਮ ਕੋਈ ਨਹੀਂ ਕਰੋ, ਇਸ ਤਰ੍ਹਾਂ ਦੇ ਸੁਪਨੇ ਦਿਨ ਦਿਹਾੜੇ ਦੇਖਣਾ ਜਾਂ ਕਹਿ ਲਓ ਖਿਆਲੀ ਪਲਾਓ ਪਕਾਉਣੇ ਬਹੁਤ ਹਾਨੀਕਾਰਕ ਹੋ ਸਕਦੇ ਹਨ। ਬਹੁਤ ਸਾਰੇ ਲੋਕ ਇਸ ਤਰ੍ਹਾਂ ਕਰਦੇ ਹਨ। ਉਹ ਸੁਪਨਿਆਂ ਦੇ ਸੰਸਾਰ ਵਿਚ ਹੀ ਰਹਿੰਦੇ ਹਨ, ਸੁਪਨਿਆਂ ਦਾ ਸੰਸਾਰ ਕੋਈ ਕਲਾਤਮਕ ਸਿਰਜਨਾਤਮਕ ਨਹੀਂ ਹੁੰਦਾ। ਸਿਰਜਨਾਤਮਕ ਕਲਪਨਾ ਉਹ ਹੁੰਦੀ ਹੈ ਜਿਸ ਵਿਚ ਤੁਸੀਂ ਕੁਝ ਸੋਚ ਕੇ ਉਲੀਕਦੇ ਹੋ। ਫੇਰ ਉਸ ਨੂੰ ਕੋਈ ਵੀ ਰੂਪ ਦਿੰਦੇ ਹੋ, ਉਹ ਵਿਚਾਰ ਲਿਖ ਦਿੰਦੇ ਹੋ, ਕਵਿਤਾ ਲਿਖਦੇ ਹੋ, ਕੋਈ ਚਿਤਰ ਬਣਾ ਦਿੰਦੇ ਹੋ, ਕੋਈ ਗਾਉਣ ਦੀ ਧੁਨ ਅੰਤਰਾ ਬਣਾ ਦਿੰਦੇ ਹੋ।

ਮੇਰੇ ਅਨੁਭਵ ਵਿਚ, ਜਦੋਂ ਸਾਰੇ ਵਿਚਾਰ ਮੇਰੇ ਮਨ ਵਿਚੋਂ ਲੰਘ ਜਾਂਦੇ ਹਨ, ਫੇਰ ਮੈਂ ਬੈਠ ਕੇ ਆਪਣਾ ਮੰਤਰ ਕਰਦਾ ਹਾਂ। ਆਮ ਤੌਰ ਤੇ ਤੁਸੀਂ ਸ਼ੁਰੂ ਹੀ ਆਪਣੇ ਮੰਤਰ ਤੋਂ ਕਰਦੇ ਹੋ, ਕਈ ਵਿਚਾਰ ਤੁਹਾਡੇ ਧਿਆਨ ਦੀ ਉਡੀਕ ਕਰ ਰਹੇ ਹੁੰਦੇ ਹਨ, ਪਰ ਤੁਸੀਂ ਉਨ੍ਹਾਂ ਨੂੰ ਕੋਈ ਧਿਆਨ ਦਿੰਦੇ ਹੀ ਨਹੀਂ, ਵਿਚਾਰ ਆ ਜਾ ਰਹੇ ਹਨ, ਤੁਹਾਡੇ ਮਨ ਵਿਚ ਕਈ ਵਿਚਾਰ ਆਏ, ਕਈ ਗਏ, ਤੁਸੀਂ ਆਪਣਾ ਮੰਤਰ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਜਿੰਨੇ ਵਧੇਰੇ ਵਿਚਾਰ ਆਉਂਦੇ ਹਨ ਓਨੇ ਹੀ ਵਧੇਰੇ ਉਚੀ ਤੁਸੀਂ ਮੰਤਰ ਦਾ ਉਚਾਰਣ ਕਰਦੇ ਹੋ, ਨਤੀਜਾ ਕੀ ਹੁੰਦਾ ਹੈ? ਅੰਦਰ ਇਕ ਘੋਲ ਚਲ ਪੈਂਦਾ ਹੈ, ਇਕ ਪਾਸੇ ਵਿਚਾਰ, ਇਕ ਪਾਸੇ ਮੰਤਰ, ਉਹ ਕੋਈ ਲਾਹੇਵੰਦ ਨਹੀਂ ਹੁੰਦਾ, ਤੁਹਾਨੂੰ ਇਹ ਕਰਨ ਦੀ ਲੋੜ ਨਹੀਂ।

ਜੇ ਤੁਸੀਂ ਇਸ ਤਕਨੀਕ ਦੀ ਵਰਤੋਂ ਕਰੋਗੇ, ਨਿਰੰਤਰ ਕਰਦੇ ਰਹੋਗੇ, ਦ੍ਰਿੜ੍ਹ ਹੋ ਕੇ ਕਰੋਗੇ, ਇਕ ਸਮਾਂ ਆਏਗਾ ਕਿ ਤੁਸੀਂ ਆਪਣੀ ਮੈਡੀਟੇਸ਼ਨ ਵਿਚ ਅਨੰਦ ਮਾਣੋਗੇ, ਤੁਹਾਨੂੰ ਮੈਡੀਟੇਸ਼ਨ ਵਿਚੋਂ ਅਨੰਦ ਆਏਗਾ। ਮੈਡੀਟੇਸ਼ਨ ਬਹੁਤ ਅਵੱਸ਼ਕ ਹੈ, ਮੈਡੀਟੇਸ਼ਨ ਦੀ ਤਿਆਰੀ ਬਹੁਤ ਹੀ ਮਹੱਤਵਪੂਰਨ ਹੈ, ਮੈਡੀਟੇਸ਼ਨ ਲਈ ਵਿਚਾਰ ਬਣਾਉਣੇ, ਰੁਚੀ ਰੱਖਣੀ, ਮੈਡੀਟੇਸ਼ਨ ਪ੍ਰਤੀ ਚੌਕਸ ਹੋਣਾ, ਇਸ ਗੱਲ ਤੇ ਵਿਚਾਰ ਕਰਨਾ ਕਿ ਮੈਡੀਟੇਸ਼ਨ ਪਿਛੋਂ ਤੁਸੀਂ ਕੀ ਕਰੋਗੇ, ਮੈਡੀਟੇਸ਼ਨ ਨੂੰ ਕਿਵੇਂ ਚਾਲੂ ਰੱਖਣਾ ਹੈ, ਮੈਡੀਟੇਸ਼ਨ ਦਾ ਪ੍ਰਭਾਵ ਸਾਰੇ ਦਿਨ ਦੇ ਕੰਮ ਵਿਚ ਰਖਣਾ ਇਹ ਬਹੁਤ ਹੀ ਮਹੱਤਵਪੂਰਨ ਗੱਲਾਂ ਹਨ। ਇਸ ਤਕਨੀਕ ਦੀ ਵਰਤੋਂ ਕਰਕੇ ਤੁਸੀਂ ਆਪਣੀਆਂ ਜ਼ਰੂਰਤਾਂ ਵਿਚ ਪ੍ਰਯੋਗ ਕਰ ਸਕਦੇ ਹੋ

ਭਾਵ ਖਾਣ ਪੀਣ ਤੇ ਸੌਣ ਤੇ ਆਪਣੇ ਆਪ ਨੂੰ ਸਾਂਭ ਕੇ ਰੱਖਣ ਵਿਚ ਤੁਸੀਂ ਮੈਡੀਟੇਸ਼ਨ ਦੀ ਵਰਤੋਂ ਕਰ ਸਕਦੇ ਹੋ।

ਆਪਣੇ ਆਪ ਨੂੰ ਸੋਧਣਾ ਸ਼ੁਰੂ ਕਰੋ, ਜਦੋਂ ਤੁਸੀਂ ਆਪਣੇ ਆਪ ਨੂੰ ਸੋਧਣਾ ਸ਼ੁਰੂ ਕਰਦੇ ਹੋ, ਦੂਸਰਿਆਂ ਨੂੰ ਦੇਖਣ, ਨਰੀਖਣ ਵਿਚ ਆਪਣੀ ਸ਼ਕਤੀ ਨਾ ਲਗਾਓ। ਜੋ ਕੁਝ ਵੀ ਦੂਸਰੇ ਕਰ ਰਹੇ ਹਨ ਉਸ ਦੀ ਸ਼ਲਾਘਾ ਕਰੋ, ਕਦੀ ਵੀ ਉਨ੍ਹਾਂ ਦੀ ਨਖੇਧੀ ਨਾ ਕਰੋ ਕਿ ਉਹ ਇਹ ਨਹੀਂ ਕਰ ਰਹੇ, ਉਨ੍ਹਾਂ ਨੂੰ ਭੰਡੋ ਵੀ ਨਾ, ਇਸ ਤਰ੍ਹਾਂ ਕਰਨ ਨਾਲ ਤੁਹਾਡਾ ਸਾਰਾ ਜੀਵਨ ਤਾਂ ਰੋਣ ਧੋਣ ਵਿਚ ਜਾਂ ਫੇਰ ਖੁਸ਼ੀਆਂ ਮਨਾਉਣ ਵਿਚ ਲੰਘ ਜਾਵੇਗਾ। ਲੋੜ ਹੈ ਲਗਾਤਾਰ ਆਪਾ ਚੀਨਣ ਦੀ। ਤੁਸੀਂ ਜੋ ਵੀ ਹੋਵੋ ਆਪਾ ਚੀਨੇ ਤੋਂ ਬਿਨਾਂ ਆਤਮ ਮਾਰਗ ਤੇ ਨਹੀਂ ਤੁਰਿਆ ਜਾ ਸਕਦਾ। ਇਹ ਸੋਚ ਕੇ ਕਿ ਮੈਂ ਗਿਆਨ ਦੀ ਪ੍ਰਾਪਤੀ ਕਰਨੀ ਹੈ, ਮੈਂ ਆਤਮ ਗਿਆਨ ਦੀ ਪ੍ਰਾਪਤੀ ਕਰਨੀ ਹੈ ਇਸ ਵਿਚਾਰ ਨਾਲ ਤੁਹਾਨੂੰ ਹਉਮੈ ਨਹੀਂ ਹੋਣੀ ਚਾਹੀਦੀ, ਤੁਹਾਨੂੰ ਇਕੱਲੇ ਨਹੀਂ ਹੋ ਜਾਣਾ ਚਾਹੀਦਾ, ਇਸ ਵਿਚਾਰ ਨਾਲ ਕਿ ਤੁਸੀਂ ਆਤਮ ਗਿਆਨ ਪ੍ਰਾਪਤ ਕਰਨ ਲਈ ਆਤਮ ਮਾਰਗ ਤੇ ਚਲ ਰਹੇ ਹੋ, ਇਸ ਵਿਚਾਰ ਨਾਲ ਤੁਹਾਨੂੰ ਹੋਰ ਸਿਰਜਨਾਤਮਕ ਬਣਨਾ ਚਾਹੀਦਾ ਹੈ, ਸੰਸਾਰ ਤੋਂ ਸੰਨਿਆਸ ਲੈਣਾ ਤਾਂ ਤੁਹਾਡਾ ਮੰਤਵ ਨਹੀਂ ਹੈ, ਤੁਹਾਡੇ ਜੀਵਨ ਦਾ ਉਦੇਸ਼ ਹੈ ਸੰਸਾਰ ਵਿਚ ਰਹਿਣਾ ਪਰ ਸੰਸਾਰ ਦੇ ਬਣਨਾ ਨਹੀਂ ਸੰਸਾਰ ਵਿਚ ਰਮਣਾ ਨਹੀਂ, ਭਿੱਜਣਾ ਨਹੀਂ, ਇਹ ਹੋ ਸਕਦਾ ਹੈ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸੰਸਾਰ ਤੋਂ ਦੌੜਨਾ ਚਾਹੁੰਦੇ ਹੋ, ਤੁਸੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ।

ਮੇਰੇ ਇਕ ਮਿਤਰ ਬਹੁਤ ਹੀ ਪੜ੍ਹੇ ਲਿਖੇ ਸੀ ਅਸੀਂ ਦੋਨੋਂ ਇਕੱਠੇ ਪੜ੍ਹਦੇ ਰਹੇ ਸੀ। ਉਹ ਮੈਨੂੰ ਅਨੰਦ ਪ੍ਰਸੰਨ ਦੇਖ ਕੇ ਬਹੁਤ ਹੀ ਈਰਖਾ ਕਰਦਾ ਸੀ, ਉਸ ਨੇ ਜਦੋਂ ਮੈਨੂੰ ਮਿਲਣਾ ਉਸ ਨੇ ਕਹਿਣਾ ਤੂੰ ਬਹੁਤ ਖੁਸ਼ ਹੈਂ, ਅਨੰਦ ਵਿਚ ਹੈਂ। ਤੂੰ ਸਵਾਮੀ ਹੈਂ, ਤੂੰ ਬਹੁਤ ਹੀ ਖੁਸ਼ ਹੈਂ। ਫੇਰ ਉਸ ਨੇ ਘਰ ਬਾਹਰ ਤਿਆਗ ਦਿਤਾ। ਸਵਾਮੀ ਬਣ ਗਿਆ, ਉਹ ਮੇਰੇ ਨਾਲ ਈਰਖਾ ਕਰਦਾ ਸੀ, ਉਸ ਨੇ ਮੈਨੂੰ ਦੇਖ ਕੇ ਕਹਿਣਾ, ਤੂੰ ਕਿੰਨਾ ਪ੍ਰਸੰਨ ਹੈਂ ਕਿੰਨਾ ਖੁਸ਼ ਹੈਂ, ਤੂੰ ਸਭ ਕੁਝ ਤਿਆਗ ਦਿਤਾ ਹੈ, ਤੂੰ ਕਿੰਨਾ ਬੇਪਰਵਾਹ ਹੈਂ। ਇਹ ਸਭ ਕੁਝ ਦੇਖ ਕੇ ਉਸ ਨੇ ਘਰ ਬਾਹਰ ਛੱਡ ਦਿਤਾ।

ਤਿੰਨ ਚਾਰ ਸਾਲ ਬਾਅਦ ਅਸੀਂ ਫੇਰ ਮਿਲੇ, ਅਸੀਂ ਦੋਨੋਂ ਇਕੋ ਹੀ ਗੁਫਾ ਵਿਚ ਠਹਿਰੇ, ਸਰਦੀਆਂ ਦੇ ਦਿਨ ਸੀ, ਅਸੀਂ ਲੱਕੜੀਆਂ ਇਕੱਠੀਆਂ ਕੀਤੀਆਂ, ਅੱਗ ਜਲਾਈ, ਫੇਰ ਮੈਂ ਉਸ ਨੂੰ ਕਿਹਾ, ਚਲੋ ਹੁਣ ਮੈਡੀਟੇਸ਼ਨ ਕਰੀਏ।

ਉਹ ਬੜਾ ਉਦਾਸ ਹੋ ਕੇ ਕਹਿਣ ਲੱਗਾ, ਮੈਂ ਮੈਡੀਟੇਸ਼ਨ ਨਹੀਂ ਕਰ ਸਕਦਾ। ਮੈਂ ਤਾਂ ਆਪਣੇ ਸੋਹਣੇ ਘਰ ਨੂੰ ਹੀ ਯਾਦ ਕਰ ਸਕਦਾ ਹਾਂ।

ਸੋ ਇਹ ਜਾਣ ਲੈਣਾ, ਸਮਝ ਲੈਣਾ ਜ਼ਰੂਰੀ ਹੈ ਕਿ ਤਿਆਗ ਤੁਹਾਡੇ ਆਤਮ ਮਾਰਗ ਤੇ ਚੱਲਣ ਲਈ ਸਦਾ ਸਹਾਈ ਨਹੀਂ ਹੋ ਸਕਦਾ। ਕਰਮ ਕਰਨ ਨਾਲ ਸਹਾਇਤਾ ਹੋ ਸਕਦੀ ਹੈ, ਤਿਆਗ ਨਾਲ ਨਹੀਂ, ਜੇ ਸੁਚੱਜੀ ਤਰ੍ਹਾਂ ਤੁਸੀਂ ਆਪਣਾ ਕਰਮ ਕਰਨ ਜਾਣਦੇ ਹੋ, ਤਾਂ ਤੁਸੀਂ ਆਤਮ ਮਾਰਗ ਤੇ ਤਰੱਕੀ ਕਰ ਸਕਦੇ ਹੋ। ਜੇ ਤੁਸੀਂ ਕੁਝ ਕਰਨ ਦੇ ਯੋਗ ਨਹੀਂ ਹੋ, ਇਸ ਕਰਕੇ ਤਿਆਗ ਕਰ ਰਹੇ ਹੋ, ਤੁਸੀਂ ਉਸ ਤੋਂ ਡਰਦੇ ਹੋ ਤਾਂ ਤਿਆਗ ਕਰ ਰਹੇ ਹੋ, ਤੁਸੀਂ ਕਰ ਨਹੀਂ ਸਕਦੇ ਤਾਂ ਤੁਸੀਂ ਤਿਆਗ ਕਰ ਰਹੇ ਹੋ, ਇਸ ਤਰ੍ਹਾਂ ਕਰਨਾ ਸਹਾਇਕ ਨਹੀਂ ਹੋਇਆ ਕਰਦਾ, ਇਸ ਤਰ੍ਹਾਂ ਕਰਨ ਨਾਲ ਤਾਂ ਸਮੱਸਿਆ ਹੋਰ ਉਲਝ ਜਾਂਦੀ ਹੈ, ਕਾਰਣ ਤੁਸੀਂ ਸਦਾ ਹੀ ਆਪਣੇ ਮਨ ਵਿਚ ਇਹ ਰੱਖ ਕੇ ਫਿਰੋਗੇ ਕਿ ਤੁਸੀਂ ਤਿਆਗ ਕੀਤਾ ਹੈ।

ਚੰਗਾ ਤਾਂ ਇਹੋ ਹੀ ਹੈ ਕਿ ਤੁਸੀਂ ਸ਼ਕਤੀ ਨਾਲ ਕਰਮ ਕਰੋ, ਕਰਮ ਕਰਨ ਤੋਂ ਦੌੜੋ ਨਾ। ਜੇ ਤੁਹਾਡੇ ਅੰਦਰ ਸ਼ਕਤੀ ਨਹੀਂ ਹੈ ਤਾਂ ਤੁਸੀਂ ਆਪਣੇ ਆਪ ਨੂੰ ਇਕ ਪਾਸੇ ਕਰ ਲੈਂਦੇ ਹੋ, ਤੁਸੀਂ ਸਭ ਕੁਝ ਪਾਸੇ ਕਰਕੇ ਕਹਿੰਦੇ ਹੋ ਮੈਂ ਇਹ ਕੱਲ ਕਰਾਂਗਾ, ਹੁਣ ਮੈਂ ਆਰਾਮ ਕਰ ਲੈਂਦਾ ਹਾਂ। ਦੂਸਰੇ ਦਿਨ ਤੁਸੀਂ ਫੇਰ ਇਸ ਤਰ੍ਹਾਂ ਹੀ ਕਰਦੇ ਹੋ, ਇਸ ਤਰ੍ਹਾਂ ਕਰਦੇ ਕਰਦੇ ਤੁਸੀਂ ਅੱਗੇ ਤੋਂ ਅੱਗੇ ਪਾਈ ਜਾਂਦੇ ਹੋ। ਇਸ ਤਰ੍ਹਾਂ ਕਰਨ ਨਾਲ ਤੁਹਾਡੇ ਮਨ ਵਿਚ ਸਮੱਸਿਆ ਖੜ੍ਹੀ ਹੋ ਜਾਂਦੀ ਹੈ, ਰੁਚੀ ਨਾ ਹੋਣ ਕਾਰਨ ਜਾਂ ਭੈ ਦੇ ਕਾਰਣ, ਤੁਸੀਂ ਇਸ ਤਰ੍ਹਾਂ ਕਰਦੇ ਰਹਿੰਦੇ ਹੋ।

ਜੇ ਸੱਚਮੁਚ ਹੀ ਤੁਸੀਂ ਆਪਣੀ ਸਹਾਇਤਾ ਕਰਨਾ ਚਾਹੁੰਦੇ ਹੋ, ਇਸ ਤਰ੍ਹਾਂ ਦਾ ਜੀਵਨ ਜੀਉਣਾ ਚਾਹੁੰਦੇ ਹੋ, ਜਿਹੜਾ ਸ਼ਾਂਤਮਈ ਹੋਵੇ, ਜੁਗਤ ਨਾਲ ਜੀਵਨ ਜੀਉਣਾ ਚਾਹੁੰਦੇ ਹੋ ਤਾਂ ਤੁਸੀਂ ਕਦੀ ਵੀ ਆਪਣੀ ਡਿਊਟੀਆਂ ਪ੍ਰਤੀ ਲਾਪ੍ਰਵਾਹ ਨਹੀਂ ਹੋਵੋਗੇ, ਗਿਆਨ ਪ੍ਰਾਪਤੀ ਲਈ ਡਿਊਟੀਆਂ ਪ੍ਰਤੀ ਅਵੇਸਲੇ ਹੋਣ ਦੀ ਲੋੜ ਨਹੀਂ, ਤੁਹਾਨੂੰ ਆਪਣਾ ਬਾਹਰੀ ਜੀਵਨ ਵੀ ਬਦਲਣ ਦੀ ਲੋੜ ਨਹੀਂ। ਬਾਹਰ ਦਾ ਕੋਈ ਵੀ ਕੁਝ ਬਦਲਣ ਦੀ ਲੋੜ ਨਹੀਂ, ਲੋੜ ਹੈ ਆਪਾ ਚੀਨਣ ਦੀ, ਆਪਾ ਮਾਰਨ ਦੀ, ਆਪਣੀ ਹਸਤੀ ਨੂੰ ਮਿਟਾਣ ਦੀ, ਵਿਅਕਤੀਤ੍ਵ ਨੂੰ ਬਦਲਣ ਦੀ।

ਤੁਹਾਨੂੰ ਆਪਾ ਸੋਧਣ ਦੀ ਲੋੜ ਹੈ, ਆਪਣੀਆਂ ਡਿਊਟੀਆਂ ਕਰਦੇ ਹੋਏ ਸਵੇਰ ਤੋਂ ਸ਼ਾਮ ਤਕ ਆਪਾ ਸੋਧੋ। ਇਹ ਦੇਖੋ ਕਿ ਆਪਣੇ ਫਰਜ਼ ਪੂਰੇ ਕਰਦੇ ਹੋਏ ਆਪਣੇ ਕੰਮ ਕਰਦੇ ਹੋਏ ਉਨ੍ਹਾਂ ਵਿਚ ਕੋਈ ਵਿਘਨ ਨਾ ਪਾਉਂਦੇ ਹੋਏ, ਦੇਖੋ ਕਿ ਤੁਸੀਂ ਕਿਵੇਂ ਆਪਾ ਸੋਧਣਾ ਹੈ। ਜੇ ਤੁਸੀਂ ਸਭ ਕੁਝ ਛੱਡ ਕੇ ਮੈਡੀਟੇਸ਼ਨ ਕਰਨ ਬੈਠ ਜਾਓਗੇ, ਤੁਸੀਂ ਅਸ਼ਾਂਤ ਰਹੋਗੇ, ਤੁਸੀਂ ਦੁਖੀ ਰਹੋਗੇ ਕਿਉਂਕਿ ਤੁਸੀਂ ਆਪਣਾ ਕੰਮ ਕਾਜ ਛੱਡ ਕੇ ਬੈਠ ਗਏ। ਇਹ ਤਾਂ ਹਉਮੈ ਦੀ ਸਮੱਸਿਆ

ਹੈ, ਜਿਹੜੇ ਸਾਧਕ ਗਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਹ ਵਧੇਰੇ ਨਮਰ ਹੁੰਦੇ ਜਾਂਦੇ ਹਨ। ਜਿਹੜੇ ਸਾਧਕ ਬਹੁਤ ਸੁਘੜ ਨਹੀਂ ਹੁੰਦੇ, ਉਹ ਇਸ ਤਰ੍ਹਾਂ ਦੇ ਕੰਮ ਕਰਦੇ ਹਨ ਜਿਨ੍ਹਾਂ ਨਾਲ ਦੂਸਰਿਆਂ ਦਾ ਮਨ ਦੁਖ ਜਾਂਦਾ ਹੈ। ਜਦੋਂ ਗਿਆਨ ਪ੍ਰਾਪਤੀ ਹੋ ਜਾਏ ਤੁਸੀਂ ਨਮਰ ਹੋ ਜਾਂਦੇ ਹੋ, ਤੁਸੀਂ ਸਭ ਕੁਝ ਜਾਣ ਜਾਂਦੇ ਹੋ, ਨਮਰਤਾ ਨਾਲ ਤੁਸੀਂ ਸਭ ਜਾਣ ਜਾਂਦੇ ਹੋ। ਪ੍ਰਸ਼ਨ ਇਹ ਉਠਦਾ ਹੈ ਕਿ ਤੁਸੀਂ ਦੂਸਰਿਆਂ ਨਾਲ ਕਿੰਨੇ ਨਮਰ ਤੇ ਸਹਿਨਸ਼ਾਲ ਹੋ? ਇਸ ਤਰ੍ਹਾਂ ਦੀ ਨਮਰਤਾ ਕਿਸੇ ਤਰ੍ਹਾਂ ਦੀ ਕਮਜ਼ੋਰੀ ਨਹੀਂ, ਇਹ ਤਾਂ ਸਭ ਤੋਂ ਵੱਡੀ ਸ਼ਕਤੀ ਹੋਇਆ ਕਰਦੀ ਹੈ, ਪਿਆਰ ਸਭ ਤੋਂ ਵੱਡੀ ਸ਼ਕਤੀ ਹੈ। ਸਹਿਨਸ਼ੀਲਤਾ, ਉਦਾਰਤਾ, ਖਿਮਾ ਕਰਨਾ ਤੇ ਪਿਆਰ ਇਨ੍ਹਾਂ ਚਾਰਾਂ ਨੂੰ ਮਿਲਾ ਕੇ ਬਣਦੀ ਹੈ ਨਮਰਤਾ, ਜੇ ਤੁਸੀਂ ਨਮਰ ਹੋ ਇਸ ਤੋਂ ਭਾਵ ਹੈ ਕਿ ਤੁਸੀਂ ਬਹੁਤ ਸ਼ਕਤੀਸ਼ਾਲੀ ਹੋ।

ਜਦੋਂ ਮੈਂ ਅਭਿਆਸ ਕਰਦਾ ਹਾਂ, ਜਦੋਂ ਮੇਰੇ ਮਨ ਵਿਚੋਂ ਸਭ ਕੁਝ ਇਕ ਵਾਰੀ ਲੰਘ ਜਾਂਦਾ ਹੈ, ਫੇਰ ਮੈਂ ਮੈਡੀਟੇਸ਼ਨ ਲਈ ਬੈਠਦਾ ਹਾਂ। ਮੇਰੇ ਮੰਤਰ ਕਰਨ ਦਾ ਤਰੀਕਾ ਤੁਹਾਡੇ ਤਰੀਕੇ ਤੋਂ ਵੱਖਰਾ ਹੁੰਦਾ ਹੈ ਮੈਂ ਕੋਈ ਖਾਸ ਤਰੀਕਾ ਨਹੀਂ ਵਰਤਦਾ, ਮੰਤਰ ਬਾਰ ਬਾਰ ਨਹੀਂ ਕਰਦਾ। ਜੇ ਬਾਰ ਬਾਰ ਮੰਤਰ ਕਰੋ, ਮਨ ਵਿਚ ਹੋਰ ਗੱਲਾਂ ਵੀ ਬਾਰ-ਬਾਰ ਆਉਂਦੀਆਂ ਹਨ। ਮੈਂ ਤਾਂ ਸਾਰੇ ਸਰੀਹ ਦੇ ਕੰਨ ਬਣਾ ਲੈਂਦਾ ਹਾਂ ਤੇ ਮੰਤਰ ਸੁਣਦਾ ਹਾਂ, ਮੰਤਰ ਦੀ ਹੀ ਆਵਾਜ਼ ਹਰ ਚੀਜ਼ ਵਿਚੋਂ ਸੁਣਦਾ ਹਾਂ। ਤੁਸੀਂ ਚਾਹੋ ਇਹ ਅਵਸਥਾ ਥੋੜ੍ਹੀ ਦੇਰ ਮੈਡੀਟੇਸ਼ਨ ਕਰਕੇ ਆ ਜਾਏ, ਇਸ ਤਰ੍ਹਾਂ ਨਹੀਂ ਹੁੰਦਾ। ਜਦੋਂ ਤੁਸੀਂ ਮੈਡੀਟੇਸ਼ਨ ਕਰਕੇ ਇਕ ਅਵਸਥਾ ਤੇ ਪਹੁੰਚ ਜਾਂਦੇ ਹੋ ਫੇਰ ਤੁਸੀਂ ਇਸ ਤਰ੍ਹਾਂ ਦਾ ਅਨੁਭਵ ਕਰ ਸਕਦੇ ਹੋ, ਇਸ ਤਰ੍ਹਾਂ ਕਰਦਿਆਂ ਇਕ ਸਮਾਂ, ਇਕ ਅਵਸਥਾ ਇਸ ਤਰ੍ਹਾਂ ਆ ਜਾਂਦੀ ਹੈ ਜਦੋਂ ਤੁਸੀਂ ਨਾ ਵੀ ਕਰਨਾ ਚਾਹੋ ਤਾਂ ਵੀ ਮੰਤਰ ਹੁੰਦਾ ਰਹਿੰਦਾ ਹੈ, ਮੰਤਰ ਹਰ ਸਮੇਂ ਚਲਦਾ ਰਹਿੰਦਾ ਹੈ, ਹਰ ਸਮੇਂ ਸੁਣਦਾ ਰਹਿੰਦਾ ਹੈ ਭਾਵੇਂ ਤੁਸੀਂ ਕਿੰਨੀ ਕੋਸ਼ਿਸ਼ ਕਿਉਂ ਨਾ ਕਰੋ। ਕੁਝ ਹੋਰ ਸਮਾਂ ਪਾ ਕੇ ਮੰਤਰ ਵੀ ਨਹੀਂ ਰਹਿੰਦਾ, ਜਿਸ ਲਈ ਤੁਸੀਂ ਮੰਤਰ ਕਰ ਰਹੇ ਹੋ, ਜਿਸ ਉਦੇਸ਼ ਨੂੰ ਲੈ ਕੇ ਤੁਸੀਂ ਮੰਤਰ ਕਰ ਰਹੇ ਹੋ ਕੇਵਲ ਉਹ ਰਹਿ ਜਾਂਦਾ ਹੈ, ਤੁਸੀਂ ਰਹਿ ਜਾਂਦੇ ਹੋ। ਮੰਤਰ ਜੇ ਹੁੰਦਾ ਵੀ ਹੈ ਤਾਂ ਉਹ ਕੇਵਲ ਅਭਿਆਸ ਦੇ ਰੂਪ ਵਿਚ ਰਹਿ ਜਾਂਦਾ ਹੈ ਤੇ ਤੁਹਾਡੇ ਸਾਰੇ ਸਰੀਰ ਨੂੰ ਸਮੇਟ ਕੇ ਤੁਹਾਡਾ ਹਿੱਸਾ ਬਣ ਜਾਂਦਾ ਹੈ।

ਸਭ ਤੋਂ ਪਹਿਲਾਂ ਤੁਹਾਡੀ ਮਨੋਬਿਰਤੀ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ? ਤੁਹਾਨੂੰ ਦੇਖਣਾ ਚਾਹੀਦਾ ਹੈ, ਤੁਸੀਂ ਆਪਣੇ ਆਪ ਨੂੰ ਕਿਸ ਤਰ੍ਹਾਂ ਸੋਧੋਗੇ, ਇਕ ਗੱਲ ਯਾਦ ਰੱਖੋ ਤੁਸੀਂ ਆਪਣੇ ਆਪ ਨੂੰ ਸੋਧਣਾ ਹੈ, ਬੁਰੇ ਤੋਂ ਬੁਰਾ ਅਨੁਭਵ ਵੀ ਸੰਸਾਰ ਵਿਚ ਤੁਹਾਨੂੰ ਕੁਝ ਸਿਖਾ ਸਕਦਾ ਹੈ। ਬਹੁਤ ਵਾਰੀ ਚੰਗੀਆਂ ਗੱਲਾਂ ਵੀ ਸੰਸਾਰ ਵਿਚ ਤੁਹਾਨੂੰ ਕੁਝ ਨਹੀਂ ਸਿਖਾ ਸਕਦੀਆਂ ਕਿਉਂਕਿ ਤੁਸੀਂ ਉਸ ਲਈ ਤਿਆਰ ਹੀ ਨਹੀਂ ਹੁੰਦੇ। ਤੁਹਾਨੂੰ ਆਪਣੇ ਆਪ ਨਾਲ ਲੱਗੇ ਰਹਿਣਾ ਚਾਹੀਦਾ ਹੈ, ਇਹ ਗੱਲ ਹਮੇਸ਼ਾ ਯਾਦ ਰੱਖੋ ਕਿ ਤੁਸੀਂ ਆਪਣੇ ਆਪ ਨਾਲ ਲੱਗੇ ਹੋਏ ਹੋ ਤੇ ਆਪਣੇ ਆਪ ਨੂੰ ਸੋਧ ਰਹੇ ਹੋ।

30 ਦਿਨਾਂ ਵਾਸਤੇ ਤੁਹਾਡੇ 30 ਉਦੇਸ਼ ਹੋਣੇ ਚਾਹੀਦੇ ਹਨ। ਰੋਜ਼ ਲਈ ਇਕ ਉਦੇਸ਼ ਲੈ ਲਓ। ਇਸ ਗੱਲ ਦਾ ਅਭਿਆਸ ਕਰੋ। ਇਹ ਬਹੁਤ ਹੀ ਸਾਧਾਰਣ ਗੱਲ ਹੈ। ਜਿਹੜੇ ਉਦੇਸ਼ ਤੁਸੀਂ ਰਖਦੇ ਹੋ ਉਹ ਸਾਧਾਰਣ ਤੇ ਛੋਟੇ ਛੋਟੇ ਹੋਣੇ ਚਾਹੀਦੇ ਹਨ ਤੇ ਤੁਹਾਨੂੰ ਇਕਾਗਰ ਹੋ ਕੇ ਲਗਣਾ ਚਾਹੀਦਾ ਹੈ। ਮਿਸਾਲ ਵਜੋਂ ਤੁਸੀਂ ਇਹ ਫੈਸਲਾ ਕਰ ਲਵੋ ਕਿ ਤੁਸੀਂ ਅੱਜ ਝੂਠ ਨਹੀਂ ਬੋਲੋਗੇ। ਇਸ ਤੋਂ ਇਹ ਭਾਵ ਨਹੀਂ ਕਿ ਕਲ੍ਹ ਨੂੰ ਤੁਸੀਂ ਦੁੱਗਣਾ ਝੂਠ ਬੋਲੋਗੇ, ਭਾਵ ਇਹ ਹੈ ਕਿ ਤੁਹਾਡੀ ਅੱਜ ਦੀ ਸਾਰੀ ਸੋਚ ਵਿਚਾਰ ਹੀ ਇਸ ਲਈ ਹੋਵੇਗੀ ਕਿ ਤੁਸੀਂ ਝੂਠ ਨਹੀਂ ਬੋਲੋਗੇ। ਕਦੀ ਵੀ ਇਸ ਗੱਲ ਦਾ ਦਾਹਵਾ ਵੀ ਨਹੀਂ ਕਰੋਗੇ ਕਿ ਤੁਸੀਂ ਨਹੀਂ ਬੋਲਦੇ, ਪਰ ਤੁਹਾਡਾ ਫੈਸਲਾ ਹੈ ਕਿ ਤੁਸੀਂ ਕਦੀ ਝੂਠ ਨਹੀਂ ਬੋਲੋਗੇ।

ਦੂਸਰੇ ਦਿਨ ਤੁਸੀਂ ਇਹ ਫੈਸਲਾ ਕਰੋ ਕਿ ਤੁਸੀਂ ਕਦੀ ਕਿਸੇ ਨਾਲ ਫਿੱਕਾ ਨਹੀਂ ਬੋਲੋਗੇ, ਕਿਸੇ ਤੇ ਬੇਰਹਿਮੀ ਨਹੀਂ ਕਰੋਗੇ। ਜਿਸ ਦਿਨ ਤੁਸੀਂ ਇਹ ਫੈਸਲਾ ਲਵੋਗੇ ਤੁਹਾਨੂੰ ਉਸ ਤੇ ਵੰਗਾਰ ਮਿਲੇਗੀ। ਤੁਸੀਂ ਫੈਸਲਾ ਕੀਤਾ ਤੁਸੀਂ ਝੂਠ ਨਹੀਂ ਬੋਲੋਗੇ ਤੇ ਤੁਹਾਨੂੰ ਸਾਰਾ ਕੁਝ ਇਸ ਤਰ੍ਹਾਂ ਲੱਗਣ ਲਗ ਗਿਆ ਕਿ ਏਥੇ ਵੀ ਝੂਠ ਬੋਲ ਕੇ ਚਲ ਸਕਦਾ ਸੀ, ਏਥੇ ਵੀ। ਇਸ ਤਰ੍ਹਾਂ ਇਸ ਲਈ ਹੁੰਦਾ ਹੈ ਕਿਉਂਕਿ ਤੁਸੀਂ ਆਪਣੇ ਆਪ ਨੂੰ ਸੋਧਣਾ ਚਾਹੁੰਦੇ ਹੋ, ਆਪਣੇ ਆਪ ਤੇ ਵਿਜੈ ਪ੍ਰਾਪਤ ਕਰਨਾ ਚਾਹੁੰਦੇ ਹੋ, ਤੁਸੀਂ ਉਹ ਤੋੜਨਾ ਚਾਹੁੰਦੇ ਹੋ ਜੋ ਤੁਸੀਂ ਸਾਲਾਂ ਵਿਚ ਬਣਾਇਆ ਹੈ। ਜੋ ਕੁਝ ਵੀ ਕਰਦੇ ਹੋ ਉਸ ਦਾ ਪ੍ਰਭਾਵ ਤੁਹਾਡੇ ਅਚੇਤ ਮਨ ਤੇ ਪੈਂਦਾ ਹੈ। ਬਿਲਕੁਲ ਇਸ ਤਰ੍ਹਾਂ ਜਿਵੇਂ ਤੁਸੀਂ ਟੋਇਆ ਕਿਧਰੇ ਖੋਦ ਰਹੇ ਹੋਵੋ ਪਰ ਗੰਦ ਕਿਤੇ ਹੋਰ ਜਮ੍ਹਾਂ ਹੋ ਰਿਹਾ ਹੋਵੇ, ਤੁਸੀਂ ਇਸ ਗੱਲ ਨੂੰ ਪਹਿਲਾਂ ਸਮਝਦੇ ਨਹੀਂ। ਇਕ ਦਮ ਜਦੋਂ ਤੁਸੀਂ ਟੋਇਆ ਪੁੱਟਣਾ ਬੰਦ ਕਰ ਦੇਂਦੇ ਹੋ, ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਦੋਨੋਂ ਹੀ ਚੀਜ਼ਾਂ ਕਰ ਲਈਆਂ ਹਨ ਤੁਸੀਂ ਟੋਇਆ ਵੀ ਪੁੱਟ ਲਿਆ ਹੈ ਤੇ ਤੁਸੀਂ ਢੇਰ ਵੀ ਬਣਾ ਲਿਆ ਹੈ।

ਜਿਸ ਦਿਨ ਤੁਸੀਂ ਇਹ ਫੈਸਲਾ ਕਰ ਲੈਂਦੇ ਹੋ, ਮੈਂ ਸਭ ਨਾਲ ਪਿਆਰ ਕਰਾਂਗਾ ਕਿਸੇ ਨਾਲ ਵੀ ਨਫਰਤ ਨਹੀਂ ਕਰਾਂਗਾ। ਤੁਸੀਂ ਦੇਖੋਗੇ ਕਿ ਤੁਹਾਡੇ ਸਾਰੀ ਵੈਰੀ ਤੁਹਾਡੇ ਵਲ ਦੌੜੇ ਆ ਰਹੇ ਹਨ। ਕੋਈ ਤੁਹਾਨੂੰ ਟੈਲੀਫੋਨ ਕਰੇਗਾ, ਕਿਸੇ ਦੀ ਤੁਹਾਨੂੰ ਚਿੱਠੀ ਆਏਗੀ ਜਾਂ ਤੁਸੀਂ ਸੁਣੋਗੇ ਕਿ ਕੋਈ ਤੁਹਾਡੀ ਬੁਰਿਆਈ ਕਰ ਰਿਹਾ ਹੈ। ਇਕ ਵਾਰੀ ਜਦੋਂ ਮੈਂ ਕਿਸ਼ੋਰ

ਅਵਸਥਾ ਵਿਚ ਸੀ, ਮੇਰੇ ਨਾਲ ਇਸ ਤਰ੍ਹਾਂ ਹੀ ਹੋਇਆ ਸੀ ਤੇ ਮੈਂ ਬਹੁਤ ਹੀ ਅਸ਼ਾਂਤ ਹੋ ਗਿਆ ਸੀ। ਕਿਸੇ ਨੇ ਮੈਨੂੰ ਬਹੁਤ ਹੀ ਗੰਦੀ ਚਿੱਠੀ ਲਿਖੀ, ਗੁਰੂਦੇਵ ਨੇ ਮੈਨੂੰ ਦੇਖਿਆ ਤੇ ਪੁੱਛਣ ਲੱਗੇ, ਕੀ ਗੱਲ ਹੈ, ਤੂੰ ਤਾਂ ਬੜਾ ਉਖੜਿਆ ਲਗ ਰਿਹਾ ਹੈਂ, ਕੀ ਗੱਲ ਹੈ? ਉਹ ਮੈਨੂੰ ਦੇਖ ਕੇ ਦੱਸ ਦਿੰਦੇ ਸੀ। ਉਨ੍ਹਾਂ ਨੂੰ ਮੈਂ ਪਾਰੇ ਦੀ ਤਰ੍ਹਾਂ ਹੀ ਲਗਦਾ ਸੀ, ਮੇਰਾ ਉਤਰਾਅ ਚੜ੍ਹਾਅ ਉਨ੍ਹਾਂ ਨੂੰ ਝੱਟ ਪਤਾ ਲਗ ਜਾਂਦਾ ਸੀ। ਉਹ ਮੈਨੂੰ ਥਰਮਾਮੀਟਰ ਕਿਹਾ ਕਰਦੇ ਸੀ। ਗੁਰੂਦੇਵ ਕਹਿਣ ਲੱਗੇ, ਥਰਮਾਮੀਟਰ ਹੁਣ ਤੈਨੂੰ ਕੀ ਹੋਇਆ ਹੈ?

ਮੈਂ ਕਿਹਾ, "ਇਹ ਦੇਖੋ ਕਿੰਨੀ ਗੰਦੀ ਚਿੱਠੀ ਕਿਸੇ ਨੇ ਮੈਨੂੰ ਲਿਖੀ ਹੈ। ਗੁਰੂਦੇਵ ਕਹਿਣ ਲੱਗੇ ਤੂੰ ਹੋਰ ਵੀ ਛੋਟਾ ਬਣਨਾ ਚਾਹੁੰਦਾ ਹੈਂ ਇਸ ਪਤਰ ਦਾ ਉਤਰ ਦੇ ਕੇ? ਇਹ ਕੋਈ ਤਰੀਕਾ ਨਹੀਂ ਹੈ, ਨਾ ਹੀ ਇਸ ਗੱਲ ਦਾ ਕੋਈ ਸਮਾਧਾਨ ਹੈ, ਇਸ ਪੱਤਰ ਨੂੰ ਛੇ ਵਾਰੀ ਪੜ੍ਹੋ, ਅੰਤ ਵਿਚ ਤੁਸੀਂ ਆਪ ਹੀ ਮਹਿਸੂਸ ਕਰੋਗੇ ਇਸ ਵਿਚ ਕੁਝ ਵੀ ਭੈੜਾ ਨਹੀਂ ਹੈ। ਇਸੇ ਤਰ੍ਹਾਂ ਹੋਇਆ, ਮੈਂ ਪੱਤਰ ਪੜ੍ਹਿਆ, ਫੇਰ ਪੜ੍ਹਿਆ, ਫੇਰ ਪੜ੍ਹਿਆ। ਗੁਰੂਦੇਵ ਕਹਿਣ ਲੱਗੇ ਇਕ ਦਮ ਇਸ ਦਾ ਉਤਰ ਨਹੀਂ ਦੇਣਾ, ਮੈਂ ਉਡੀਕਦਾ ਰਿਹਾ ਹਾਂ ਤੇ ਛੇ ਦਿਨਾਂ ਦੇ ਬਾਅਦ ਪਤਰ ਦਾ ਉਤਰ ਦਿੱਤਾ, ਬੜੀ ਸ਼ਾਂਤੀ ਤੇ ਸਹਿਜ ਨਾਲ ਮੈਂ ਉਤਰ ਦਿਤਾ।

ਜਦੋਂ ਤੁਸੀਂ ਆਪਣੇ ਅੰਦਰ ਦੇਖਣ ਲਗ ਪੈਂਦੇ ਹੋ ਆਪਣੇ ਔਗੁਣ ਦੇਖਣ ਲਗ ਪੈਂਦੇ ਹੋ, ਤੁਹਾਨੂੰ ਬੁਰਾ ਤਾਂ ਲਗਦਾ ਹੈ ਪਰ ਬਹੁਤ ਵੱਧ ਬੁਰਾ ਵੀ ਨਹੀਂ ਲਗਦਾ, ਇਸੇ ਤਰ੍ਹਾਂ ਜਦੋਂ ਕੁਝ ਚੰਗਾ ਹੁੰਦਾ ਹੈ ਤਾਂ ਵੀ ਤੁਹਾਨੂੰ ਕੋਈ ਬਹੁਤ ਵਧੇਰੇ ਖੁਸ਼ੀ ਵੀ ਨਹੀਂ ਹੁੰਦੀ, ਤੁਸੀਂ ਵਧੇਰੇ ਸਮਾਂ ਆਪਣੇ ਅੰਦਰ ਪੈਦਾ ਕਰ ਸਕਦੇ ਹੋ, ਸਹਿਜ, ਸੰਤੋਖ ਲਿਆ ਸਕਦੇ ਹੋ, ਆਪਣੀ ਨਖੇਧੀ ਵਾਲੀਆਂ ਗੱਲਾਂ ਲਈ ਪ੍ਰਭਾਵਿਤ ਹੋਣ ਦੀ ਆਦਤ ਛੱਡ ਸਕਦੇ ਹੋ, ਚੰਗੇ ਤੇ ਮੰਦੇ ਲਈ ਦੋਨੋਂ ਲਈ ਹੀ ਆਪਣੀ ਸੰਵੇਦਨਸ਼ੀਲਤਾ ਵਿਚ ਸਮ ਤੋਲ ਲਿਆ ਸਕਦੇ ਹੋ।

ਜੇ ਤੁਸੀਂ 30 ਦਿਨ ਵਿਚ 30 ਗੱਲਾਂ ਲੈ ਕੇ ਕੰਮ ਕਰੋਗੇ ਤਾਂ ਚੰਗਾ ਰਹੇਗਾ। ਜੇ ਤੁਸੀਂ ਉਨ੍ਹਾਂ ਨੂੰ ਆਪਣੇ ਕੈਲੰਡਰ ਤੇ ਨਿਸ਼ਾਨੀ ਲਗਾ ਲਵੋ। ਤੁਸੀਂ ਕਿਸੇ ਨੂੰ ਦੱਸੋ ਵੀ ਨਾ ਕਿ ਤੁਸੀਂ ਕੀ ਕਰ ਰਹੇ ਹੋ। ਕੈਲੰਡਰ ਨੂੰ ਦੇਖੋ ਤੇ ਆਪਣੇ ਆਪ ਨੂੰ ਦੇਖੋ, ਸ਼ਕਤੀ ਵਧਾ ਸਕੇ ਹੋ, ਇਹ ਦੇਖਣਾ ਕਿ ਤੁਸੀਂ ਝੂਠ ਬੋਲਿਆ ਹੈ ਕਿ ਨਹੀਂ, ਕੇਵਲ ਐਨੀ ਗੱਲ ਨਹੀਂ ਹੈ। ਗੱਲ ਤਾਂ ਇੱਛਾ ਸ਼ਕਤੀ ਨੂੰ ਵਧਾਣ ਦੀ ਹੈ। 30 ਦਿਨਾਂ ਬਾਅਦ ਤੁਸੀਂ ਕਹਿੰਦੇ ਹੋ, ਹਾਂ ਮੈਂ ਕੁਝ ਕਰ ਸਕਿਆ ਹਾਂ। ਜੋ ਮੈਂ ਚਾਹੁੰਦਾ ਸੀ ਉਹ ਮੈਂ ਕੀਤਾ ਹੈ। ਪਰ ਇਕ ਗੱਲ ਦਾ ਧਿਆਨ ਰੱਖੋ, ਵੱਡੇ ਵੱਡੇ ਅਸੂਲ ਨਾ ਬਣਾਓ, ਵੱਡੀਆਂ ਵੱਡੀਆਂ ਗੱਲਾਂ ਨਾ ਅੱਗੇ ਰੱਖੋ, ਉਹ ਪੂਰੇ ਕਰਨੇ ਔਖੇ ਹੁੰਦੇ ਹਨ ਤੇ ਫੇਰ ਉਹ ਨਖੇਧੀ ਵਲ ਲੈ ਜਾਂਦੇ ਹਨ। ਛੋਟੀਆਂ ਛੋਟੀਆਂ ਗੱਲਾਂ ਚੁਣੋ ਤੇ ਕਰੋ ਜੋ ਕਰ ਸਕਦੇ ਹੋ।

ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਇਕ ਦਿਨ ਲਈ ਤੁਸੀਂ ਬਹੁਤ ਹੀ ਥੋੜ੍ਹਾ ਬੋਲੋਗੇ। ਕੇਵਲ ਓਨੀ ਹੀ ਗੱਲ ਕਰੋਗੇ ਜਿਹੜੀ ਠੀਕ ਹੋਵੇ, ਜੋ ਉਦੇਸ਼ਪੂਰਵਕ ਹੋਵੇ, ਕਿਸੇ ਨੂੰ ਦੁਖ ਦੇਣ ਵਾਲੀ ਨਾ ਹੋਵੇ। ਇਸ ਤਰ੍ਹਾਂ ਕਿ ਭਾਵੇਂ ਤੁਸੀਂ ਸਾਰਿਆਂ ਨਾਲ ਗੱਲ ਕਰੀ ਜਾਓ ਪਰ ਇਹ ਉਦੇਸ਼ ਲੈ ਕੇ ਚੱਲਣ ਨਾਲ ਤੁਸੀਂ ਆਪਣੀ ਇੱਛਾ ਸ਼ਕਤੀ ਵਧਾਉਂਦੇ ਹੋ, ਤੁਹਾਡਾ ਆਤਮ ਵਿਸ਼ਵਾਸ਼ ਵਧਦਾ ਹੈ, ਆਤਮ ਬਲ, ਆਤਮ ਵਿਸ਼ਵਾਸ਼ ਵਧਣ ਨਾਲ ਤੁਸੀਂ ਬਹੁਤ ਕੁਝ ਕਰ ਸਕਦੇ ਹੋ।

ਆਤਮ ਵਿਸ਼ਵਾਸ਼ ਦਾ ਘਾਟਾ, ਆਤਮ ਬਲ ਦੀ ਕਮੀ ਮਨੁੱਖ ਦੀ ਨਾਕਾਮਯਾਬੀ ਦਾ ਇਕ ਵੱਡਾ ਕਾਰਣ ਹੁੰਦੀ ਹੈ ਭਾਵ ਜੇ ਤੁਹਾਡੇ ਅੰਦਰ ਵਿਸ਼ਵਾਸ਼ ਹੀ ਨਹੀਂ ਤੁਸੀਂ ਕੀ ਕਰ ਸਕਦੇ ਹੋ। ਮਿਸਾਲ ਵਜੋਂ ਪਤੀ ਨੂੰ ਵਿਸ਼ਵਾਸ਼ ਹੀ ਨਹੀਂ ਕਿ ਉਸ ਦੀ ਪਤਨੀ ਉਸ ਦੇ ਨਾਲ ਰਹੇਗੀ, ਉਹ ਸਦਾ ਅੰਦਰੋਂ ਡਰਦਾ ਰਹਿੰਦਾ ਹੈ ਕਿ ਉਹ ਉਸ ਨੂੰ ਛੱਡ ਕੇ ਨਾ ਚਲੀ ਜਾਵੇ। ਇਸੇ ਤਰ੍ਹਾਂ ਪਤਨੀ ਨੂੰ ਜੇ ਵਿਸ਼ਵਾਸ਼ ਨਹੀਂ ਉਹ ਪਤੀ ਲਈ ਇਸ ਤਰ੍ਹਾਂ ਸੋਚਦੀ ਹੈ। ਕਈ ਲੋਕੀ ਤਾਂ ਡਰਦੇ ਮਾਰੇ ਵਿਆਹ ਹੀ ਨਹੀਂ ਕਰਾਉਂਦੇ, ਉਨ੍ਹਾਂ ਨੂੰ ਇਹ ਡਰ ਹੁੰਦਾ ਹੈ ਕਿ ਹੋ ਸਕਦਾ ਹੈ ਉਹ ਇਕ ਦੂਸਰੇ ਨਾਲ ਨਿਭਾ ਹੀ ਨਾ ਸਕਣ ਤੇ ਖੁਸ਼ ਨਾ ਰਹਿ ਸਕਣ। ਆਤਮ ਬਲ, ਆਤਮ ਵਿਸ਼ਵਾਸ਼ ਨਾ ਹੋਣ ਦਾ ਕਾਰਨ ਕੋਈ ਸਰੀਰਕ ਪੱਖੋਂ ਨਹੀਂ ਹੁੰਦਾ, ਇਹ ਤਾਂ ਅੰਤਰ ਆਤਮਾ ਨਾਲ ਸਬੰਧ ਰਖਦਾ ਹੈ। ਬਹੁਤ ਵਾਰੀ ਦੇਖਿਆ ਗਿਆ ਹੈ ਕਿ ਸਰੀਰਕ ਪੱਖੋਂ ਰਿਸ਼ਟ-ਪੁਸ਼ਟ ਸੱਜਣ ਬੱਚਿਆਂ ਦੀ ਤਰ੍ਹਾਂ ਝੱਟ ਹੀ ਰੋ ਪੈਂਦੇ ਹਨ।

ਅੰਦਰ ਦੀ ਸ਼ਕਤੀ ਨੂੰ ਵਿਕਸਿਤ ਕਰੋ, ਅੰਦਰੋਂ ਸ਼ਕਤੀ ਦੇ ਸਰੋਤ ਨੂੰ ਜਗਾਓ, ਆਤਮ ਵਿਸ਼ਵਾਸ਼ ਲਈ ਇੱਛਾ ਸ਼ਕਤੀ ਹੋਣੀ ਜ਼ਰੂਰੀ ਹੈ, ਨਾ ਹੀ ਤੁਹਾਡੇ ਅੰਦਰ ਲੋੜ ਤੋਂ ਵੱਧ ਆਤਮ ਵਿਸ਼ਵਾਸ਼ ਹੋਣਾ ਚਾਹੀਦਾ ਹੈ ਨਾ ਹੀ ਬਹੁਤ ਘੱਟ ਨਾ ਦੇ ਬਰਾਬਰ। ਆਤਮ ਬਲ ਆਤਮ ਵਿਸ਼ਵਾਸ਼ ਉਦੋਂ ਹੀ ਆਉਂਦਾ ਹੈ ਜਦੋਂ ਤੁਸੀਂ ਆਪਣੇ ਆਪ ਨੂੰ ਜਾਂਚਦੇ ਹੋ, ਪਰਖਦੇ ਹੋ ਤੇ ਆਪਣੀ ਇੱਛਾ ਨੂੰ ਬਲ ਦੇਂਦੇ ਹੋ। ਆਪਮੀ ਸ਼ਕਤੀ ਬਨਾਉਣ ਦਾ ਇਹ ਹੀ ਇਕ ਤਰੀਕਾ ਹੈ। ਇਸ ਤਰ੍ਹਾਂ ਸ਼ਕਤੀ ਵਧਾ ਕੇ ਤੁਸੀਂ ਕੁਝ ਵੀ ਕਰ ਸਕਦੇ ਹੋ।

# ਮਿਤੀ 29, 30 ਅਤੇ 31 ਜਨਵਰੀ 2004 ਨੂੰ ਸੰਤ ਬਾਬਾ ਖੁਦਾ ਸਿੰਘ ਜੀ ਦੀ ਸਿਮ੍ਰਿਤੀ ਅੰਦਰ ਨਿਰਮਲ ਡੇਰਾ ਹਿਰਦਾਪੁਰ ਖੇੜੀ (ਨੇੜੇ ਬਿੰਦਰਖ) ਵਿਖੇ ਹੋਏ ਮਹਾਨ ਗੁਰਮਤਿ ਸਮਾਗਮ ਦੀਆਂ ਝਲਕੀਆਂ

*ਗੁਰਿੰਦਰ ਸਿੰਘ*

ਇਹ ਸਮਾਗਮ ਹਰ ਸਾਲ ਦੀ ਤਰ੍ਹਾਂ ਸੰਤ ਮਾਤਾ ਰਣਜੀਤ ਕੌਰ ਜੀ, ਰਤਵਾੜਾ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਹੇਠ, ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ, ਭਾਈ ਰਜਿੰਦਰ ਸਿੰਘ ਜੀ ਰੋਪੜ ਅਤੇ ਇਲਾਕੇ ਦੀ ਸੰਗਤ ਵਲੋਂ ਇਸ ਸਾਲ ਵੀ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। 29 ਜਨਵਰੀ 2004 ਨੂੰ ਸੰਤ ਸਮਾਗਮ ਦੀ ਪ੍ਰਾਰੰਭਤਾ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੇ ਬੱਚਿਆਂ ਵਲੋਂ ਇਕ ਸ਼ਬਦ ਰਾਹੀਂ ਕੀਤੀ ਗਈ। ਇਹ ਸਕੂਲ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਮਾਰਚ 2001 ਵਿਚ ਸੰਚਾਲਤ ਕੀਤਾ ਗਿਆ ਸੀ ਜਿਸ ਵਿਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਅੰਗ੍ਰੇਜ਼ੀ ਮਾਧਿਅਮ ਰਾਹੀਂ ਉਚ ਵਿਦਿਆ ਦਿਤੀ ਜਾਂਦੀ ਹੈ ਅਤੇ ਬੱਚਿਆਂ ਨੂੰ ਚੰਗਾ ਸ਼ਹਿਰੀ, ਸੱਚਾ-ਸੁੱਚਾ ਮਨੁੱਖ ਬਨਾਉਣ ਲਈ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ। ਉਪਰੰਤ ਬਾਬਾ ਰਜਿੰਦਰ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਆਪਣੇ ਪਿਆਰੇ ਦੀ ਯਾਦ ਵਿਚ ਬੜਾ ਰਸ ਭਿੰਨਾ ਕੀਰਤਨ ਕੀਤਾ ਅਤੇ ਬੜੀਆਂ ਵੈਰਾਗਮਈ ਧਾਰਨਾ ਪੜ੍ਹੀਆਂ ਅਤੇ ਦੱਸਿਆ ਕਿ ਮਹਾਂਪੁਰਸ਼ ਜਨਮ ਮਰਨ ਤੋਂ ਰਹਿਤ ਹੁੰਦੇ ਹਨ ਅਤੇ ਪਰਉਪਕਾਰ ਲਈ, ਮਨੁੱਖਤਾ ਦੇ ਭਲੇ ਲਈ ਸਰੀਰ ਧਾਰਨ ਕਰਦੇ ਹਨ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।।*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।।*
*ਅੰਗ - 749*

ਅਤੇ ਅਰਦਾਸ ਕੀਤੀ ਕਿ ਇਹੋ ਜਿਹੇ ਪਿਆਰਿਆਂ ਦੀ ਸਾਨੂੰ ਵੀ ਧੂੜੀ ਮਿਲ ਜਾਵੇ ਅਤੇ ਅਸੀਂ ਵੀ ਤਰ ਜਾਈਏ-

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।। ਅੰਗ - 306*

ਇਨ੍ਹਾਂ ਤੋਂ ਬਾਅਦ ਸਵਾਮੀ ਨਿਤਯ ਨੰਦ ਰਮਤਾ ਰਾਮ ਜੀ ਭੂਰੀ ਵਾਲੇ ਮੁੱਲਾਂਪੁਰ ਗਰੀਬਦਾਸ ਜੀ ਨੇ ਆਪਣੇ ਪ੍ਰਵਚਨ ਕਰਦੇ ਹੋਏ ਦੱਸਿਆ ਕਿ ਇਹ ਅਸਥਾਨ ਬੜਾ ਰਮਣੀਕ ਹੈ ਅਤੇ ਇਸ ਦਾ ਵਾਤਾਵਰਣ ਬੜਾ ਹੀ ਸ਼ੁਧ ਹੈ। ਇਥੇ ਬਹੁਤ ਸਾਰੇ ਮਹਾਂਪੁਰਸ਼ 33 ਵਰ੍ਹੇ ਬੈਠ ਕੇ ਤਪੱਸਿਆ ਕਰਦੇ ਰਹੇ। ਜਿਥੇ ਕੋਈ ਸੰਤ ਮਹਾਂਪੁਰਸ਼ ਬੈਠ ਕੇ ਚਲੇ ਜਾਣ ਉਸ ਨੂੰ ਅਸੀਂ ਪਵਿੱਤਰ ਅਸਥਾਨ ਸਮਝਦੇ ਹਾਂ। ਸਤਿਕਾਰਯੋਗ ਬਾਬਾ ਖੁਦਾ ਸਿੰਘ ਜੀ ਨੇ ਬਹੁਤ ਵਰ੍ਹਿਆਂ ਤੱਕ ਬੈਠ ਕੇ ਇਥੇ ਘਾਲਣਾ ਘਾਲੀ। ਇਸ ਤੋਂ ਕਾਫੀ ਸਮਾਂ ਬਾਅਦ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲੇ ਜਿਹੜੇ ਕਿ ਬੜੇ ਹੀ ਸਰਲ, ਨਿਸ਼ਕਪਟ, ਸਾਂਤੀ ਸਰੂਪ ਸਨ ਉਨ੍ਹਾਂ ਇਸ ਅਸਥਾਨ ਦੀ ਸੇਵਾ ਸੰਭਾਲ ਕੀਤੀ। ਇਨ੍ਹਾਂ ਤੋਂ ਬਾਅਦ ਹੁਣ ਬਾਬਾ ਹਰਪਾਲ ਸਿੰਘ ਜੀ ਉਨ੍ਹਾਂ ਦੀ ਤਰ੍ਹਾਂ ਹੀ ਜਿਵੇਂ ਬੂਟੇ ਦੀ ਜਗ੍ਹਾ ਬੂਟਾ ਲਗ ਜਾਂਦਾ ਹੈ ਇਹ ਵੀ ਉਵੇਂ ਹੀ ਸੇਵਾ ਨਿਭਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਮੈਂ ਬਹੁਤ ਜਗ੍ਹਾ ਭਰਮਣ ਕੀਤਾ ਹੈ, ਮੇਰੀ 60 ਸਾਲ ਦੀ ਉਮਰ ਹੋ ਗਈ ਹੈ ਪਰ ਇਸ ਅਸਥਾਨ ਤੇ ਆ ਕੇ ਮੇਰੇ ਮਨ ਤੇ ਵਿਸ਼ੇਸ਼ ਅਸਰ ਹੋਇਆ ਕਿਉਂਕਿ ਇਸ ਅਸਥਾਨ ਤੇ ਪੁਰਾਣੇ ਸਮੇਂ ਵਿਚ ਮੰਡਲੀਆਂ ਆ ਕੇ ਠਹਿਰਦੀਆਂ ਰਹੀਆਂ ਹਨ। ਇਸ ਕਰਕੇ ਇਹ ਅਸਥਾਨ ਤੀਰਥ ਬਣ ਚੁੱਕਿਆ ਹੈ। ਉਨ੍ਹਾਂ ਵਿਚਾਰ ਪ੍ਰਗਟ ਕੀਤੀ ਕਿ ਜਿਨ੍ਹਾਂ ਨਗਰਾਂ ਵਿਚ, ਜਿਨ੍ਹਾਂ ਪਿੰਡਾਂ ਵਿਚ ਸਾਧੂ ਸੰਤਾਂ ਦਾ ਆਉਣਾ ਜਾਣਾ ਨਹੀਂ, ਉਸ ਜਗ੍ਹਾਂ ਤੇ ਜਮਾਂ ਦੀ ਮਾਰ ਪੈ ਸਕਦੀ ਹੈ ਕਿਉਂਕਿ ਸਾਧੂ ਸੰਤ ਮਹਾਂਪੁਰਸ਼ ਹੀ ਈਸ਼ਵਰ ਨੂੰ ਯਾਦ ਕਰਵਾਉਂਦੇ ਹਨ। ਕਬੀਰ ਜੀ ਦਾ ਕਥਨ ਹੈ –

*ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ।।*
*ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ।।*
*ਅੰਗ - 1374*

ਜਿਵੇਂ ਗਰਮੀ ਦੇ ਮੌਸਮ ਵਿਚ ਪਾਣੀ ਨੂੰ ਦੇਖਣ ਨਾਲ ਸ਼ਾਂਤੀ ਮਿਲਦੀ ਹੈ, ਇਸੇ ਤਰ੍ਹਾਂ ਹੀ ਸਾਧੂ ਸੰਤਾਂ ਨੂੰ ਦੇਖਣ ਨਾਲ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਵਾਹਿਗੁਰੂ ਜੀ ਦੀ ਯਾਦ ਆਉਂਦੀ ਹੈ। ਸੰਤਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਜਨਮਾਂ ਜਨਮਾਂਤਰਾਂ ਦੇ ਦੁਖ ਕਲੇਸ਼ ਕੱਟੇ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਜੀਵਨ ਉਸ ਵਾਹਿਗੁਰੂ ਦੀ ਯਾਦ ਵਿਚ ਹੀ ਲੰਘਦਾ ਹੈ। ਉਠਦੇ ਬਹਿੰਦੇ ਸੌਂਦੇ ਜਾਗਦੇ ਉਹ ਵਾਹਿਗੁਰੂ ਜੀ ਦੀ ਯਾਦ ਵਿਚ ਹੀ ਜੀਵਨ ਗੁਜ਼ਾਰਦੇ ਹਨ।

ਇਨ੍ਹਾਂ ਤੋਂ ਬਾਅਦ ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਕੀਰਤਨ ਕੀਤਾ ਅਤੇ ਇਹ ਭਾਵ ਪ੍ਰਗਟ ਕੀਤੇ –

*ਸੁਤੇ ਭਾਗ ਜਾਗ ਪਏ ਮੇਰੇ,*
*ਮੇਲਾ ਹੋ ਗਿਆ ਸਾਧੂਆਂ ਦਾ।*

ਗੁਰਵਾਕ ਹੈ –

*ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ।।*
*ਤਿਨ ਕੀ ਧੂਰਿ ਨਾਨਕੁ ਦਾਸੁ ਬਾਂਛੈ ਜਿਨ ਹਰਿ ਨਾਮੁ ਰਿਦੈ ਪਰੋਈ।।*
*ਅੰਗ - 617*

# ਬਿਨਾਂ ਦਵਾਈਆਂ ਦੇ ਇਲਾਜ - ਲੈਅਬੱਧ ਸਾਹ ਅਤੇ ਧਿਆਨੀ

ਹਾਲ ਦੇ ਕੁਝ ਸਾਲਾਂ ਵਿਚ ਮਾਨਸਿਕ ਤਨਾਵ ਨੂੰ ਸਰੀਰਕ ਸਵਾਸਥ ਦਾ ਸਭ ਤੋਂ ਵੱਡਾ ਚੈਲੇਂਜ ਮੰਨਿਆ ਜਾਂਦਾ ਹੈ ਹਾਲਾਂਕਿ ਇਹ ਕੋਈ ਨਵੀਂ ਗੱਲ ਨਹੀਂ ਹੈ। ਹਜ਼ਾਰਾਂ ਸਾਲਾਂ ਤੋਂ ਮਾਨਸਿਕ ਤਨਾਵ ਨੂੰ ਰੋਗ ਦਾ ਮੂਲ ਕਾਰਨ ਮੰਨਿਆ ਜਾਂਦਾ ਸੀ। ਉਸ ਵੇਲੇ ਇਹ ਮਾਨਸਿਕ ਤਨਾਵ ਜੰਗਲੀ ਜਾਨਵਰਾਂ ਦੇ ਡਰ ਤੋਂ ਮਿਲਦਾ ਸੀ ਜਦੋਂ ਕਿ ਅੱਜ ਦੇ ਆਧੁਨਿਕ ਯੁੱਗ ਵਿਚ ਮਨੁੱਖ ਨੂੰ ਇਹ ਡਰ ਮਨੁੱਖ ਤੋਂ ਮਿਲ ਰਿਹਾ ਹੈ, ਜੰਗਲੀ ਜਾਨਵਰ ਤੋਂ ਡਰ ਨਹੀਂ।

ਮਨ ਅਤੇ ਸਰੀਰ ਦਾ ਆਪਸ ਵਿਚ ਗੂੜ੍ਹਾ ਰਿਸ਼ਤਾ ਹੈ। ਭੋਜਨ ਦੇ ਨਾਲ ਨਾਲ ਮਨ ਦੀ ਖੁਸ਼ੀ ਚੰਗੇ ਸਵਾਸਥ ਲਈ ਬਹੁਤ ਜ਼ਰੂਰੀ ਹੈ ਅਤੇ ਰੋਗਾਂ ਦਾ ਇਲਾਜ ਕਰਨ ਵਿਚ ਵੀ ਚੰਗੇ ਮੂਡ ਦੀ ਲੋੜ ਪੈਂਦੀ ਹੈ। ਆਧੁਨਿਕ ਮੈਡੀਕਲ ਵਿਗਿਆਨ ਨੇ ਰੋਗਾਂ ਦੀ ਇਕ ਇਹੋ ਜਿਹੀ ਲਿਸਟ ਬਣਾਈ ਹੈ ਜਿਸ ਨੂੰ ਸਾਇਕੋਸੋਮੈਟਿਕ ਰੋਗ ਦਾ ਨਾਂ ਦਿਤਾ ਗਿਆ ਹੈ ਜਿਸ ਵਿਚ ਰੋਗ ਮਨ ਤੋਂ ਸਰੀਰ ਵਿਚ ਜਾਂਦਾ ਹੈ, ਕਿਸੇ ਬੈਕਟੀਰੀਆ ਜਾਂ ਵਾਇਰਸ ਤੋਂ ਨਹੀਂ।

ਬਹੁਤੇ ਲੋਕ ਆਪਣੇ ਵਿਚਾਰਾਂ ਤੋਂ ਇੰਨਾ ਪ੍ਰਭਾਵਿਤ ਹੋ ਜਾਂਦੇ ਹਨ ਕਿ ਉਹ ਆਪਣੇ ਹਰ ਅਨੁਭਵ ਨੂੰ ਲਾਭ ਤੇ ਹਾਨੀ ਨਾਲ ਜੋੜਦੇ ਹਨ ਅਤੇ ਉਦੋਂ ਸ਼ੁਰੂ ਹੁੰਦਾ ਹੈ ਇਕ ਸੰਗਠਨ, ਜਿਸ ਵਿਚ ਹੁੰਦਾ ਹੈ ਲਾਲਚ, ਗੁੱਸਾ, ਡਰ, ਕਾਮ, ਆਸ਼ਕਤੀ, ਈਰਖਾ, ਅਸੰਤੁਸ਼ਟੀ। ਇਹ ਸਭ ਸਾਡੇ ਮਨ ਵਿਚ ਘਰ ਕਰ ਜਾਂਦੇ ਹਨ। ਇਸ ਦੇ ਕਾਰਨ ਸਾਡੇ ਰੋਜ਼ ਮਰਾ ਦੇ ਜੀਵਨ ਵਿਚ ਯੁੱਧ ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ। ਹਰ ਆਦਮੀ ਸੁਖ ਲੱਭਣ ਦੀ ਹੋੜ੍ਹ ਵਿਚ ਗਲਤ ਤੇ ਸਹੀ ਦਾ ਵਿਚਾਰ ਨਾ ਕਰਦੇ ਹੋਏ ਦੌੜਦਾ ਰਹਿੰਦਾ ਹੈ।

ਇਨ੍ਹਾਂ ਕਿਰਿਆ-ਕਲਾਪਾਂ ਤੋਂ ਉਹ ਬੇਚੈਨ ਹੋ ਕੇ ਖੁਦ ਨੂੰ ਦਿਮਾਗੀ ਪ੍ਰੇਸ਼ਾਨੀ ਦੇ ਜਾਲ ਵਿਚ ਫਸਾ ਲੈਂਦਾ ਹੈ। ਆਧੁਨਿਕ ਮੈਡੀਕਲ ਵਿਗਿਆਨ ਦੇ ਕੋਲ ਇਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ। ਇਸ ਦਾ ਇਲਾਜ ਕੇਵਲ ਭਾਰਤ ਦੀ ਪੁਰਾਣੀ ਜੀਵਨ ਜੀਣ ਦੀ ਪੱਦਤੀ ਹੈ। ਇਸ ਪੱਦਤੀ ਤੋਂ ਸਰੀਰਕ, ਮਾਨਸਿਕ, ਭਾਵਾਤਮਕ, ਸਮਾਜਿਕ ਅਤੇ ਅਧਿਆਤਮਕ ਸੱਤਰ ਤੇ ਇਲਾਜ ਹੁੰਦਾ ਹੈ, ਇਸ ਵਿਚ ਕਿਸੇ ਦਵਾ ਦੀ ਕੋਈ ਲੋੜ ਨਹੀਂ ਪੈਂਦੀ।

ਸਾਡਾ ਸਰੀਰ ਪੰਜ ਤੱਤਾਂ ਨਾਲ ਬਣਿਆ ਹੈ। ਇਸ ਦਾ ਇਲਾਜ ਵੀ ਆਕਾਸ਼, ਵਾਯੂ, ਅਗਨੀ, ਜਲ ਅਤੇ ਧਰਤੀ ਤੋਂ ਹੁੰਦਾ ਹੈ। ਜਿਵੇਂ ਸੋਨੇ ਦੀ ਮੁਰੰਮਤ ਸੋਨੇ ਤੋਂ ਹੀ ਹੁੰਦੀ ਹੈ ਅਤੇ ਲੱਕੜੀ ਦੀ ਮੁਰੰਮਤ ਲੱਕੜ ਤੋਂ ਹੁੰਦੀ ਹੈ ਕਿਸੇ ਹੋਰ ਤੱਤਵ ਤੋਂ ਨਹੀਂ ਹੋ ਸਕਦੀ, ਉਸੇ ਤਰ੍ਹਾਂ ਇਹ ਸਰੀਰ ਜਿਨ੍ਹਾਂ ਤੱਤਾਂ ਤੋਂ ਬਣਿਆ ਹੈ ਉਸੇ ਤੱਤ ਤੋਂ ਇਸ ਦਾ ਇਲਾਜ ਹੁੰਦਾ ਹੈ। ਇਸ ਨੂੰ ਹੀ ਸੰਸਾਰ ਦੀ ਸਭ ਤੋਂ ਪੁਰਾਣੀ ਪੱਦਤੀ ਕਹਿੰਦੇ ਹਾਂ।

**ਇਹ ਕਿਵੇਂ ਕੰਮ ਕਰਦੀ ਹੈ** - ਦਿਲ ਦੀ ਜਲਣ, ਮਾਨਸਿਕ ਨਿਰਾਸ਼ਾ ਅਤੇ ਕ੍ਰੋਧ ਸਾਡੇ ਦਿਮਾਗ ਵਿਚ ਸਥਿਤ ਹਾਈਪੋਥੈਲੇਮਸ ਤੋਂ ਹੁੰਦਾ ਹੈ ਜੋ ਸਾਡੇ ਦਬੇ ਹੋਏ ਮਾਨਸਿਕ ਵਿਚਾਰਾਂ ਤੋਂ ਪ੍ਰਭਾਵਿਤ ਹੋ ਜਾਂਦਾ ਹੈ। ਪ੍ਰਬਲ ਭਾਵਨਾਵਾਂ, ਡਰ, ਆਤਮ ਵਿਸ਼ਵਾਸ਼ ਦੀ ਕਮੀ ਸਾਡੇ ਸਰੀਰ ਦੇ ਨਰਵਸ ਸਿਸਟਮ ਵਿਚ ਗੜਬੜੀ ਪੈਦਾ ਕਰ ਦਿੰਦੀ ਹੈ ਅਤੇ ਸਾਡੇ ਸਰੀਰ ਵਿਚੋਂ ਗੈਰਜ਼ਰੂਰੀ ਹਾਰਮੋਨਜ਼ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਸਾਡੇ ਸਰੀਰ ਵਿਚ ਕੁਝ ਗਲੈਂਡਸ ਹਨ ਜਿਵੇਂ ਪਿਟਿਯੂਟਰੀ, ਪਾਇਨਿਅਨ, ਥਾਈਰਾਈਡ, ਐਡ੍ਰਿਨਲ ਗਲੈਂਡਜ਼। ਇਹ ਐਂਡੋਕਰਾਈਨ ਸਿਸਟਮ ਸਾਡੇ ਇਮਯੂਨ ਸਿਸਟਮ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਨਾਲ ਸਾਡਾ ਬਲੱਡ ਦਾ ਲੈਵਲ ਵਧ ਜਾਂਦਾ ਹੈ, ਸਾਡੇ ਦਿਲ ਦੀ ਧੜਕਣ ਘਟਣ ਵਧਣ ਲਗ ਜਾਂਦੀ ਹੈ। ਸਾਡੀ ਪਾਚਨ ਸ਼ਕਤੀ ਵੀ ਵਿਗੜ ਜਾਂਦੀ ਹੈ।

ਤਨਾਵ ਤੋਂ ਸਾਡਾ ਇਮਯੂਨ ਸਿਸਟਮ ਜਿਹੜਾ ਰੋਗਾਂ ਤੋਂ ਸਾਡੀ ਰੱਖਿਆ ਕਰਦਾ ਹੈ ਅਤੇ ਬੈਕਟੀਰੀਆ ਤੇ ਵਾਇਰਸ ਨੂੰ ਮਾਰ ਦਿੰਦਾ ਹੈ, ਉਹ ਕਮਜ਼ੋਰ ਪੈ ਜਾਂਦਾ ਹੈ। ਇਹ W.B.C ਤੇ T ਸੈਲਜ਼ ਬਿਨਾਂ ਆਰਾਮ ਕੀਤੇ ਤਨਾਵ ਤੋਂ ਪੈਦਾ ਹੋਈ ਸਰੀਰ ਵਿਚ ਹਲਚਲ ਤੋਂ ਪਰੇਸ਼ਾਨ ਹੋ ਜਾਂਦੇ ਹਨ। ਉਨ੍ਹਾਂ ਦੀ ਰੱਖਿਆ ਕਰਨ ਦੀ ਸ਼ਕਤੀ ਕਮਜ਼ੋਰ ਪੈ ਜਾਂਦੀ ਹੈ ਕਿਉਂਕਿ ਕੋਈ ਬੈਕਟੀਰੀਆਂ ਅਤੇ ਵਾਇਰਸ ਤਾਂ ਇਨ੍ਹਾਂ ਨੂੰ ਮਿਲਦਾ ਨਹੀਂ ਹੈ, ਰੋਗ ਵਿਚਾਰਾਂ ਦੀ ਗੜਬੜੀ ਤੋਂ ਸਰੀਰ ਵਿਚ ਆਇਆ ਹੈ। ਇਸ ਲਈ ਇਹ T ਸੈਲਜ਼ ਅਤੇ W.B.C ਆਪਣੇ ਸਰੀਰ ਦੇ ਇਸ਼ੂਜ਼ ਤੇ ਹੀ ਹਮਲਾ ਕਰਦੇ ਰਹਿੰਦੇ ਹਨ। ਇਹ ਬਾਅਦ ਵਿਚ ਅਰਥਰਾਈਟਸ ਰੋਗ ਬਣ ਜਾਂਦਾ ਹੈ। ਜਦੋਂ ਇਮਯੂਨ ਸਿਸਟਮ ਥੱਕ ਕੇ ਕੰਮ ਨਹੀਂ ਕਰਦਾ ਤੇ ਕੈਂਸਰ ਦੇ ਸੈਲ ਸਰੀਰ ਵਿਚ ਪੈਦਾ ਹੋਣ ਲਗਦੇ ਹਨ।

ਬਲੱਡ ਲੈਵਲ ਦੇ ਬਾਰ-ਬਾਰ ਵਧਣ ਨਾਲ ਦਿਲ ਨੂੰ ਨੁਕਸਾਨ ਪਹੁੰਚਦਾ ਹੈ। ਇਥੋਂ ਹੀ ਬਲੱਡ ਪਰੈਸ਼ਰ ਦੀ ਬਿਮਾਰੀ ਸ਼ੁਰੂ ਹੁੰਦੀ ਹੈ। ਇਹ ਸਭ ਅਨਾਵਸ਼ਕ ਹਾਰਮੋਨਜ਼ ਨਿਕਲਣ ਨਾਲ ਹੁੰਦਾ ਹੈ। ਖੂਨ ਸਾਫ ਕਰਦੇ ਕਰਦੇ ਸਾਡੀ ਕਿੱਡਨੀ ਵੀ ਖਰਾਬ ਹੋ ਜਾਂਦੀ ਹੈ।

ਜਦੋਂ ਸਾਡਾ ਮੂਡ ਅਤੇ ਭਾਵਨਾ ਬਦਲਦੀ ਹੈ ਸਾਡੇ ਸਰੀਰ ਵਿਚ ਬਾਇਕੈਮੀਕਲ ਪਰਿਵਰਤਨ (ਜ਼ਹਿਰੀਲੇ ਹਾਰਮੋਨਜ਼) ਹੋਣ ਲਗਦੇ ਹਨ, ਇਸ ਕਰਕੇ ਮੂਡ ਅਤੇ ਭਾਵਨਾ ਤੇ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ। ਮਾਨਸਿਕ ਤਨਾਵ ਦੇ ਨਾਲ ਅਸਥਮਾ, ਅਲਸਰ, ਮਾਈਗ੍ਰੇਨ, ਤਵਚਾ ਦੇ ਰੋਗ, ਐਲਰਜੀ, ਜੋੜਾਂ ਦਾ ਦਰਦ ਅਤੇ ਢਿੱਡ ਦੇ ਰੋਗ ਹੋ ਜਾਂਦੇ ਹਨ। ਮਾਨਸਿਕ ਤਨਾਵ ਤੋਂ ਦਿਲ ਦੀਆਂ ਨਾੜੀਆਂ ਵੀ ਦਬ ਜਾਂਦੀਆਂ ਹਨ ਅਤੇ ਸਾਹ ਲੈਣ ਵਿਚ ਦਿਕਤ ਆਉਂਦੀ ਹੈ। ਵਿਗਿਆਨਕ ਖੋਜ ਤੋਂ ਪਤਾ ਲੱਗਿਆ ਹੈ ਕਿ ਤਨਾਵ ਦੇ ਸਮੇਂ ਐਪਿਨ ਫਾਈਲ ਅਤੇ ਕੈਲੇਸਟ੍ਰਾਲ ਹਾਰਮੋਨਜ਼ ਦਿਲ ਦੇ ਕੈਲੇਸਟਰੋਲ ਨੂੰ ਵਧਾਉਂਦੇ ਹਨ ਜਿਸ ਕਾਰਨ ਦਿਲ ਦੀਆਂ ਨਾੜੀਆਂ ਮਾਣਦੇ ਲਚੀਲੇਪਨ ਨੂੰ ਖੋ ਦਿੰਦੀਆਂ ਹਨ ਅਤੇ ਸਖਤ ਹੋ ਜਾਂਦੀਆਂ ਹਨ, ਜਿਸ ਕਾਰਨ ਹਾਰਟ ਅਟੈਕ ਹੋ ਜਾਂਦਾ ਹੈ ਅਤੇ ਸਾਹ ਲੈਣ ਵਿਚ ਦਿੱਕਤ ਆਉਂਦੀ ਹੈ। ਲਗਭੱਗ 10 ਲੱਖ ਲੋਕ ਸਾਰੇ ਸੰਸਾਰ ਵਿਚ ਇਸ ਬੀਮਾਰੀ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ।

**ਬਿਨਾਂ ਦਵਾਈ ਤੋਂ ਇਲਾਜ ਦਾ ਤਰੀਕਾ -**

ਸਾਡਾ ਸਾਹ ਲੈਅਬੱਧ ਹੋਣਾ ਚਾਹੀਦਾ ਹੈ ਇਸ ਤੋਂ ਸਾਡਾ ਆਟੋਨੌਮੀ ਨਰਵਿਸ ਸਿਸਟਮ ਜਿਹੜਾ ਸਾਡੀ ਉਤੇਜਨਾ ਅਤੇ ਵਿਚਾਰਾਂ ਨੂੰ ਕੰਟਰੋਲ ਕਰਦਾ ਹੈ, ਮਜ਼ਬੂਤ ਬਣਾਂਦਾ ਹੈ। ਦੂਸਰਾ ਸਾਡਾ ਐਂਡੋਕ੍ਰਾਈਨ ਸਿਸਟਮ ਜਿਹੜਾ ਹਾਰਮੋਨਜ਼ ਦੇ ਜਰੀਏ ਸਾਡੀਆਂ ਭਾਵਨਾਵਾਂ ਨੂੰ ਕੰਟਰੋਲ ਕਰਦਾ ਹੈ, ਸਵਸਥ ਰਹਿੰਦਾ ਹੈ। ਤਨਾਵ ਵਿਚ ਵੀ ਆਪਣੇ ਮਨ ਨੂੰ ਸ਼ਾਂਤ ਰਖਦਾ ਹੈ।

ਇਸ ਕਾਰਨ ਸਾਡੇ ਸਾਹ ਦਾ ਮਨ ਅਤੇ ਸ਼ਰੀਰ ਬਣੀ ਲੈਅਬੱਧ ਹੋਣਾ ਬਹੁਤ ਜ਼ਰੂਰੀ ਹੈ। ਵਿਗਿਆਨਕ ਇਸ ਦੀ ਖੋਜ ਕਰ ਰਹੇ ਹਨ ਜਿਸਨੂੰ ਨਿਊਰੋ-ਐਂਡੋ-ਟ੍ਰਾਈਨੋਲੌਜੀ ਦੇ ਨਾਂ ਤੋਂ ਜਾਣਿਆ ਜਾਂਦਾ ਹੈ।

ਜੇ ਤੁਹਾਨੂੰ ਕੋਈ ਵਿਚਾਰ ਪ੍ਰੇਸ਼ਾਨ ਕਰ ਰਿਹਾ ਹੈ ਤੇ ਤੁਸੀਂ ਲੰਬੇ ਤੇ ਗਹਿਰੇ ਸਾਹ ਲੈ ਕੇ ਉਸ ਵਿਚਾਰ ਨੂੰ ਹਟਾ ਸਕਦੇ ਹੋ। ਇਹੀ ਸਾਹ ਸਾਡੇ ਵਿਚਾਰਾਂ ਦਾ ਰੈਗੂਲੇਟਰ ਹੈ ਜਿਵੇਂ ਪੱਖੇ ਦੀ ਸਪੀਡ ਰੈਗੂਲੇਟਰ ਨਾਲ ਘਟ ਵਧ ਕੀਤੀ ਜਾ ਸਕਦੀ ਹੈ, ਉਸੇ ਤਰ੍ਹਾਂ ਕਿਸੇ ਵੀ ਤਨਾਵ ਨੂੰ ਸਾਹ ਦੀ ਗਤੀ ਨੂੰ ਲੈਅਬੱਧ ਕਰਕੇ ਦੂਰ ਕੀਤਾ ਜਾ ਸਕਦਾ ਹੈ।

ਜੇ ਤੁਹਾਡਾ ਟੈਂਪਰੇਚਰ ਵਧ ਜਾਂਦਾ ਹੈ ਤਾਂ ਤੁਸੀਂ ਸੱਜੇ ਨੱਕ ਦੇ ਪਾਸੇ ਰੂੰ ਪਾ ਕੇ ਸਿੱਧੇ ਪਾਸੇ ਕਰਵਟ ਲੈ ਕੇ ਲੇਟ ਜਾਵੋ। ਤੁਹਾਡਾ ਟੈਂਪਰੇਚਰ ਆਪਣੇ ਆਪ ਘਟ ਜਾਵੇਗਾ।

ਜੇ ਠੰਢ ਲਗ ਰਹੀ ਹੋਵੇ ਤੇ ਸਪੀਡ ਨਾਲ ਸਾਹ ਨੂੰ ਅੰਦਰ ਬਾਹਰ ਲੈ ਕੇ ਸਰੀਰ ਵਿਚ ਗਰਮੀ ਪੈਦਾ ਕੀਤੀ ਜਾ ਸਕਦੀ ਹੈ।

ਕੋਈ ਡਿਪਰੈਸ਼ਨ ਤੇ ਭੈ ਦੇ ਸ਼ਿਕਾਰ ਮਰੀਜ਼ ਕੇਵਲ ਸਾਹ ਦੀ ਕਿਰਿਆ ਨਾਲ ਇਨ੍ਹਾਂ ਰੋਗਾਂ ਤੋਂ ਛੁਟਕਾਰਾ ਪਾ ਸਕਦਾ ਹੈ।

ਸਾਹ ਦੀਆਂ ਉਤੇ ਦੱਸੀਆਂ ਕਿਰਿਆਵਾਂ ਦੇ ਪ੍ਰਭਾਵਾਂ ਦੀ ਖੋਜ ਵਿਗਿਆਨਕ ਲੋਕ ਸਾਈਕੋ-ਨਿਊਰੋ-ਇਮਿਯੁਨੋਲੋਜੀ ਦੇ ਨਾਂ ਤੋਂ ਕਰ ਰਹੇ ਹਨ।

ਸੁਖੀ ਰਹਿਣ ਦੇ ਉਪਾਏ

ਜਦੋਂ ਅਸੀਂ ਬਹੁਤ ਧੀਮਾਂ ਅਤੇ ਗਹਿਰਾ ਸਾਹ ਲੈਂਦੇ ਹਾਂ ਅਤੇ ਛਡਦੇ ਹਾਂ, ਸਾਡੇ ਦਿਮਾਗ ਵਿਚ ਸਥਿਤ ਹਾਈਪੋਥੈਲੇਮਸ ਕਿਰਿਆਸ਼ੀਲ ਹੋ ਜਾਂਦਾ ਹੈ, ਕਿਰਿਆਸ਼ੀਲ ਹੋ ਕੇ ਇਹ ਦਿਮਾਗ ਦੇ ਹਾਰਮੋਨਜ਼ ਨੂੰ ਨਿਕਲਣ ਦਾ ਆਦੇਸ਼ ਦਿੰਦੀ ਹੈ ਤੇ ਇਹ ਹਾਰਮੋਨਜ਼ ਸਾਨੂੰ ਚੰਗੀ ਭਾਵਨਾ, ਮਨ ਦੀ ਸ਼ਾਂਤੀ ਤੇ ਦੂਸਰਿਆਂ ਦੇ ਪ੍ਰਤੀ ਪਿਆਰ ਨਾਲ ਜੁੜਨ ਦੀ ਭਾਵਨਾ ਪੈਦਾ ਕਰਦਾ ਹੈ। ਸਾਡੀ ਖੁਸ਼ੀ ਦਾ ਰਹੱਸਯ ਇਨ੍ਹਾਂ ਹਾਰਮੋਨਾਂ ਦੇ ਅੰਦਰ ਛੁਪਿਆ ਹੈ।

ਲੈਅਬੱਧ ਸਾਹਾਂ ਦੇ ਨਾਲ ਅਸੀਂ ਆਪਣੀ ਉਮਰ ਵੀ ਵਧਾ ਸਕਦੇ ਹਾਂ, ਇਸ ਕਰਕੇ ਆਪਣੇ ਸਾਹ ਦੀ ਲੈਅ ਨੂੰ ਵਿਗੜਨ ਨਾਂ ਦਿਓ। ਉਦੋਂ ਹੀ ਤੁਸੀਂ ਸਾਹ ਦੇ ਨਾਲ ਜਪ ਕਰਨਾ ਸਿੱਖ ਸਕੋਗੇ। ਇਹੀ ਧਿਆਨ ਹੈ।

***ਸਵਾਮੀ ਯੋਗਾਨੰਦ***
***ਡਿਵਾਈਨ ਇੰਸਟੀਚਿਊਟ ਆਫ਼ ਯੋਗਾ ਐਂਡ ਨੈਚੁਰੋਪੈਥਈ***
***ਫੋਨ - 98151-45307***
***E-mail yoganandvgiri@yahoo.com.***

ਬਾਬਾ ਜੀ ਨੇ ਦੱਸਿਆ ਕਿ ਬਾਬਾ ਖੁਦਾ ਸਿੰਘ ਜੀ ਮਹਾਨ ਤਪੱਸਵੀ ਸੀ, ਉਨ੍ਹਾਂ ਦੀ ਇਹ ਮਹਾਨ ਤਪੋ ਭੂਮੀ ਹੈ। ਜਿਨ੍ਹਾਂ ਦੀ ਯਾਦ ਵਿਚ ਆਪਾਂ ਨੂੰ ਬੈਠ ਕੇ ਸਤਿਸੰਗ ਕਰਨ ਦਾ ਸਮਾਂ ਪ੍ਰਾਪਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸਾਡੀ ਦੌੜ ਬਾਹਰਮੁਖੀ ਹੈ ਪਰ ਜੋ ਨਿਜ ਅਨੰਦ ਹੈ, ਜੋ ਸ਼ਾਂਤੀ ਹੈ, ਮਨ ਦਾ ਸਹਿਜ ਹੈ, ਮਨ ਦੀ ਸ਼ਾਂਤੀ ਹੈ, ਉਹ ਅੰਦਰ ਤੋਂ ਹੀ ਮਿਲਦੀ ਹੈ ਜਿਵੇਂ ਸੰਤ ਬਾਬਾ ਖੁਦਾ ਸਿੰਘ ਜੀ ਮਹਾਰਾਜ ਨੇ ਇਸ ਧਰਤੀ ਤੇ ਬੈਠ ਕੇ ਨਿਜ ਆਨੰਦ ਮਾਣਿਆ, ਕਿੰਨਾਂ ਸੋਹਣਾ ਅਸਥਾਨ ਬਣਾਇਆ, ਸਾਧੂਆਂ ਵਾਸਤੇ ਬਾਗ਼ ਲਗਵਾਏ ਅਤੇ ਇਕ ਖੂਹ ਪੁਟਵਾਇਆ ਜਿਸ ਵਿਚ 68 ਤੀਰਥਾਂ ਦਾ ਜਲ ਲਿਆ ਕੇ ਪਾਇਆ। ਇਸ ਅਸਥਾਨ ਵਿਚ ਕਿੰਨੀ ਇਕਾਂਤ ਹੈ। ਉਹ ਨਿਜ ਅਨੰਦ ਮਾਣਦੇ ਸੀ। ਸੋ ਇਸ ਅਸਥਾਨ ਦੀ ਸੇਵਾ ਸੰਭਾਲ ਦੇ ਲਈ ਇਸ ਇਲਾਕੇ ਦੀ ਸੰਗਤ ਨੇ 1995 ਵਿਚ ਰਤਵਾੜਾ ਸਾਹਿਬ ਵਾਲਿਆਂ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਆਪ ਜੀ ਇਸ ਦੀ ਸੇਵਾ ਸੰਭਾਲ ਕਰੋ।

ਸੋ ਇਸ ਦੀ ਸੇਵਾ ਸੰਭਾਲੀ ਗਈ, ਮਹਾਂਪੁਰਸ਼ ਤ੍ਰਿਕਾਲਦਰਸ਼ੀ ਹੁੰਦੇ ਹਨ। ਆਪ ਜੀ ਅਗੇ ਆਉਣ ਵਾਲੇ ਸਮੇਂ ਨੂੰ ਵੇਖ ਲਿਆ ਅਤੇ ਇਕ ਟਰੱਸਟ ਕਾਇਮ ਕੀਤਾ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਅਤੇ ਇਸ ਦੇ ਅਧੀਨ ਸਕੂਲ, ਹਸਪਤਾਲ, ਕਾਲਜ ਅਤੇ ਆਤਮ ਮਾਰਗ ਮੈਗਜ਼ੀਨ ਇਹ ਸਾਰੇ ਅਦਾਰੇ ਚਲ ਰਹੇ ਹਨ। ਸੋ ਇਸ ਤਰ੍ਹਾਂ ਹੀ ਆਪ ਜੀ ਨੇ ਨਾਮ ਦੀ ਵਿਸ਼ੇਸ਼ਤਾ ਦੱਸੀ ਕਿ ***'ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ।' ਅੰਗ-687*** ਨਾਮ ਪੂਰਨ ਸੰਤਾਂ ਤੋਂ ਪ੍ਰਾਪਤ ਹੁੰਦਾ ਹੈ। ਸਤਿਸੰਗਤ ਵਿਚ ਕੇਵਲ ਨਾਮ ਦੀ ਮਹਿਮਾ ਹੁੰਦੀ ਹੈ –

***ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥***
***ਅੰਗ - 72***

ਸਤਿਸੰਗਤ ਵਿਚ ਕੇਵਲ ਨਾਮ ਦੀ ਬਾਤ ਹੁੰਦੀ ਹੈ। ਸੰਗਤ ਬਹੁਤੇ ਵੱਡੇ ਇਕੱਠਾਂ ਦਾ ਨਾਮ ਨਹੀਂ ਹੈ। ਉਸ ਵਿਚ ਦੱਸਿਆ ਜਾਂਦਾ ਹੈ, ਕਿਵੇਂ ਨਾਮ ਜਪਣਾ ਹੈ, ਕਿਵੇਂ ਸੇਵਾ ਕਰਨੀ ਹੈ। ਇਹ ਕੰਮ ਕੇਵਲ ਸਤਿਪੁਰਸ਼ਾਂ ਦਾ ਹੁੰਦਾ ਹੈ ਕਿ ਜੀਵਾਂ ਨੂੰ ਨਾਮ ਜਪਾਉਣਾ, ਜੀਵਨ ਦਾਨ ਦੇ ਕੇ ਭਗਤੀ ਕਰਨ ਲਾ ਦਿੰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ –

***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥***
***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥***
***ਅੰਗ - 1102***

ਇਸ ਸਮਾਗਮ ਵਿਚ ਅਨੇਕਾਂ ਮਹਾਂਪੁਰਸ਼ਾਂ ਨਾਮ ਅਭਿਆਸੀਆਂ ਤੇ ਅਨੁਭਵੀ ਮਹਾਂਪੁਰਸ਼ਾਂ ਨੇ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਵਿਸ਼ੇਸ਼ ਕਰਕੇ, ਸੰਤ ਅਵਤਾਰ ਸਿੰਘ ਧੂਲਕੋਟ ਵਾਲੇ, ਸੰਤ ਕੁਲਜੀਤ ਸਿੰਘ ਜੀ ਸ਼ੀਸ਼ ਮਹਿਲ ਅਤੇ ਸੰਤ ਸੁਰਜੀਤ ਸਿੰਘ ਜੀ ਘਨੁੜਕੇ ਵਾਲਿਆਂ ਨੇ ਰਸ-ਭਿੰਨਣੇ ਕੀਰਤਨ ਅਤੇ ਸ਼ਬਦ ਵਿਆਖਿਆ ਰਾਹੀਂ ਸੰਗਤਾਂ ਦੀ ਸੇਵਾ ਕੀਤੀ। ਸੰਤ ਅਵਤਾਰ ਸਿੰਘ ਧੂਲਕੋਟ ਵਾਲਿਆਂ ਨੇ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਦੀ ਉਚੀ ਆਤਮਿਕ ਅਵਸਥਾ ਅਤੇ ਪਰਉਪਕਾਰਾਂ ਦਾ ਵਿਸ਼ੇਸ਼ ਵਰਣਨ ਕੀਤਾ ਅਤੇ ਸ਼ਬਦ ਕੀਰਤਨ ਰਾਹੀਂ ਚੰਗਾ ਸਮਾਂ ਬੰਨ੍ਹਿਆ।

ਪੁਸਤਕਾਂ ਦਾ ਸਟਾਲ ਲਗਾਇਆ ਗਿਆ ਅਤੇ ਆਤਮ ਮਾਰਗ ਨੂੰ ਅੱਧੇ ਮੁੱਲ ਦੇਣ ਦਾ ਐਲਾਨ ਕੀਤਾ ਗਿਆ ਅਤੇ 25 ਤੋਂ ਵੱਧ ਨਵੇਂ ਮੈਂਬਰ ਬਣੇ। ਸੰਗਤਾਂ ਨੇ ਇਹ ਵੀ ਫੈਸਲਾ ਕੀਤਾ ਕਿ ਅਗਲੇ ਸਾਲ ਵੀ 27, 28, 29 ਜਨਵਰੀ 2005 ਨੂੰ ਇਹ ਸਮਗਾਮ ਧੂਮ-ਧੂਮ ਨਾਲ ਮਨਾਏ ਜਾਣਗੇ। ਗੁਰੂ ਕਾ ਲੰਗਰ ਅਤੁੱਟ ਵਰਤਿਆ ਅਤੇ ਸੰਗਤਾਂ ਨੇ ਨਾਮ ਜਪ ਬਾਣੀ ਕੀਰਤਨ ਦੇ ਇਲਹਾਮੀ ਰੰਗ ਮਾਣੇ।

# ਗੁਰੂ ਅਮਰਦਾਸ ਜੀ
## (ਗੁਰੂ ਧਾਰਨ ਕਰਨ ਦੀ ਆਵਸ਼ਕਤਾ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*(17.4.90 ਨੂੰ ਧਮੋਟ ਵਿਖੇ ਲੱਗੇ ਦੀਵਾਨ)*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ- )*

ਬਾਕੀ ਜਿਹੜਾ ਸੰਸਾਰ ਹੈ ਮਹਾਰਾਜ ਜੀ ਕਹਿੰਦੇ ਉਹ ਕੁਝ ਨਹੀਂ ਟੋਲ੍ਹਦਾ, ਉਹ ਬਾਹਰ ਫਸਿਆ ਹੋਇਆ ਹੈ। ਅੰਦਰ ਵਾਹਿਗੁਰੂ ਵਸਦਾ ਹੈ, ਸਤਿ-ਚਿਤ-ਅਨੰਦ ਟੋਲ੍ਹਦਾ ਹੈ ਮਾਇਆ ਵਿਚ -

***ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥***
***ਮਨਮੁਖ ਅੰਧੇ ਫਿਰਹਿ ਬੇਤਾਲੇ॥*** *ਅੰਗ - 117*

ਕਹਿੰਦੇ ਅੰਨ੍ਹੇ ਤੇ ਬੇਤਾਲੇ ਭੂਤ ਪ੍ਰੇਤ ਨੇ -

***ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ ......॥***
*ਅੰਗ - 1131*

ਕਹਿੰਦੇ ਉਹ ਭੂਤ ਪ੍ਰੇਤ ਨੇ ਮਨਮੁਖ -

***ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ***
***ਮਨਮੁਖ ਭਰਮਿ ਭੁਲਾਵਣਿਆ॥*** *ਅੰਗ - 117*

ਸੋ ਇਸ ਤਰ੍ਹਾਂ ਦੇ ਨਾਲ ਸਾਰੀ ਵਿਚਾਰ ਦਾ ਸਿੱਟਾ ਹੈ ਕਿ ਗੁਰੂ ਜ਼ਰੂਰੀ ਹੋਇਆ ਕਰਦਾ ਹੈ। ਮਹਾਰਾਜ ਜੀ ਕਹਿੰਦੇ ਭੁਲੇਖੇ ਵਿਚ ਨ ਰਹੋ, ਵੱਡੀਆਂ ਵੱਡੀਆਂ ਜੋ ਹਸਤੀਆਂ ਹੋਈਆਂ ਨੇ, ਜਿਨ੍ਹਾਂ ਦੇ ਨਾਂ ਹੁਣ ਤੱਕ ਚਲਦੇ ਨੇ। ਕਦੇ ਸਰਬ ਲੋਹ ਗ੍ਰੰਥ ਪੜ੍ਹ ਕੇ ਦੇਖਿਆ ਕਰੋ। ਗੁਰੂ ਦਸਵੇਂ ਪਾਤਿਸ਼ਾਹ ਨੇ ਪੁਰਾਣੇ ਰਿਸ਼ੀਆਂ ਮੁਨੀਆਂ ਦੇ ਬਹੁਤ ਖੋਲ੍ਹ-ਖੋਲ੍ਹ ਕੇ ਹਾਲ ਲਿਖੇ ਹੋਏ ਨੇ ਤੇ ਗੁਰਬਾਣੀ ਦੇ ਅੰਦਰ ਸੰਕੇਤ ਮਾਤਰ ਆਉਂਦੇ ਨੇ। ਜੇ ਇਕ ਵਿਅਕਤੀ ਦਾ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ ਤਾਂ ਸਰਬ ਲੋਹ ਗ੍ਰੰਥ ਵਿਚ ਪੂਰੀ ਕਥਾ ਹੋਏਗੀ। ਜੇ ਦਰੋਪਤੀ ਦਾ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ -

***ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥***
***ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥***
*ਅੰਗ - 1008*

ਤਾਂ ਸਰਬ ਲੋਹ ਗ੍ਰੰਥ ਵਿਚ ਲਿਖਿਆ ਹੋਇਆ ਹੈ ਕਿ ਜਦੋਂ ਦ੍ਰੋਪਤੀ ਨੂੰ ਦੁਸਾਸ਼ਨ ਲੈ ਕੇ ਆਇਆ, ਮਰਿਆਦਾ ਭੰਗ ਕੀਤੀ, ਹੱਦਾਂ ਟੱਪ ਗਏ ਮਰਿਆਦਾ ਦੀਆਂ ਤੇ ਉਸ ਵੇਲੇ ਇਹ ਹੁਕਮ ਦੇ ਦਿੱਤਾ ਕਿ ਇਸ ਨੂੰ ਨਗਨ ਕਰੋ ਤਾਂ ਉਸ ਨੇ ਪ੍ਰਭੂ ਦੀ ਅਰਾਧਨਾ ਕੀਤੀ। ਪ੍ਰਭੂ ਨੇ ਉਸ ਵੇਲੇ ਆ ਕੇ ਉਸ ਦੀ ਸਹਾਇਤਾ ਕੀਤੀ। ਮਹਾਰਾਜ ਜੀ ਕਹਿੰਦੇ ਸੱਤ ਦਿਨ, ਸੱਤ ਰਾਤਾਂ ਵਾਰੀ ਵਾਰੀ ਬਦਲ ਬਦਲ ਕੇ ਕੱਪੜੇ ਖਿਚਦੇ ਰਹੇ। ਢੇਰ ਲੱਗ ਗਿਆ, ਕਿਤੇ ਥਾਂ ਨਾ ਰਿਹਾ ਕੱਪੜੇ ਸੁੱਟਣ ਵਾਸਤੇ। ਅਖੀਰ ਸ਼ਰਮਿੰਦੇ ਹੋ ਕੇ, ਹਾਰ ਕੇ ਬੇਹੋਸ਼ ਹੋ ਕੇ ਗਿਰ ਗਏ -

***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।***
***ਭਾਈ ਗੁਰਦਾਸ ਜੀ ਦੀ ਵਾਰ 10/9***

ਸੋ ਇਸ ਤਰ੍ਹਾਂ ਗੁਰੂ ਦਸਮੇਸ਼ ਪਿਤਾ ਨੇ ਬਹੁਤ ਵਿਸਥਾਰ ਦੇ ਨਾਲ ਖੋਲ੍ਹ ਕੇ ਸਰਬ ਲੋਹ ਗ੍ਰੰਥ ਦੇ ਅੰਦਰ ਹਾਲ ਲਿਖੇ ਨੇ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸੰਕੇਤ ਮਾਤਰ ਆਉਂਦਾ ਹੈ ਕਿ ਭਾਈ! ਗੁਰੂ ਤੋਂ ਬਗੈਰ ਗਤੀ ਨਹੀਂ ਹੋਇਆ ਕਰਦੀ, ਪੁਛ ਲਓ ਵੱਡਿਆਂ ਵੱਡਿਆਂ ਨੂੰ -

***ਭਾਵ ਅਰਥ - ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੇ,***
***ਪੁਛੋ ਬ੍ਰਹਮੇ ਨਾਰਦੇ ਨੂੰ।***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਈ॥*** *ਅੰਗ - 59*

ਜਦੋਂ ਤੱਕ ਗਿਆਨ ਨਹੀਂ ਹੁੰਦਾ ਤਦ ਤਕ ਮੁਕਤੀ ਨਹੀਂ ਹੋਇਆ ਕਰਦੀ -

***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥*** *ਅੰਗ - 59*

ਵੱਡਿਆਂ ਵੱਡਿਆਂ ਦੀ ਬਾਤ ਕਰਦੇ ਨੇ। ਜਦੋਂ ਤੱਕ ਉਹ ਨਿਗੁਰੇ ਸੀ ਉਸ ਵੇਲੇ ਤੱਕ ਉਨ੍ਹਾਂ ਨੂੰ ਕੋਈ ਗਿਆਨ ਨਾ ਹੋਇਆ। ਬ੍ਰਹਮਾ ਦਾ ਜ਼ਿਕਰ ਕੀਤਾ ਹੈ, ਨਾਰਦ ਦਾ ਜ਼ਿਕਰ ਕੀਤਾ ਹੈ, ਬੇਅੰਤ ਨੇ ਐਸੀਆਂ ਮਿਸਾਲਾਂ। ਸੁਕਦੇਵ ਮੁਨੀ ਦਾ ਜ਼ਿਕਰ ਆਉਂਦਾ ਹੈ। ਸੁਕਦੇਵ, ਵੇਦ ਵਿਆਸ ਜੀ ਦਾ ਲੜਕਾ ਸੀ। ਜਿਨ੍ਹਾਂ ਦੇ ਬਾਰੇ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਇਸ ਨੇ ਜੰਮਦੇ ਨੇ ਹੀ ਉਦਾਸੀ ਲੈ ਲਈ। ਬਾਲ ਗਰਭ ਬਾਰ੍ਹਾਂ ਸਾਲਾਂ ਦਾ ਹੋਇਆ ਕਰਦਾ ਹੈ ਤੇ ਉਸ ਦੇ ਵਿਚ ਹੀ ਇਸ ਨੇ ਘਰ ਤੋਂ ਉਦਾਸੀ ਲੈ ਲਈ। ਉਸ ਵੇਲੇ ਇਸ ਦੇ ਪਿਤਾ ਵਿਆਸ ਜੀ ਕਹਿਣ ਲੱਗੇ ਕਿ ਬੇਟਾ! ਅਜੇ ਤਾਂ ਤੂੰ ਬਹੁਤ ਛੋਟਾ ਹੈ। ਹੁਣੇ ਕੀ ਕਰਨ ਚਲਿਆ ਹੈਂ?

ਕਹਿੰਦਾ, "ਪਿਤਾ ਜੀ, "ਮੈਨੂੰ ਜਨਮ ਦਾ ਸਾਰਾ ਗਿਆਨ ਹੈ, ਇਕ ਦਾ ਨਹੀਂ, ਸੌ ਜਨਮ ਦਾ ਗਿਆਨ ਹੈ ਤੇ ਮੈਂ ਦੁਖ ਦੇਖੇ ਨੇ ਪਿਛਲੇ ਜਨਮਾਂ ਦੇ ਤੇ ਉਨ੍ਹਾਂ ਦੁਖਾਂ ਨੂੰ ਦੇਖ ਕੇ ਮੈਂ ਹੁਣ ਮੋਹ ਨਹੀਂ ਪਾਉਣਾ ਚਾਹੁੰਦਾ ਦੁਨੀਆਂ ਵਿਚ ਤੇ ਮੈਂ ਇਸੇ ਜਨਮ ਦੇ ਅੰਦਰ ਪਰਮ ਪਦ ਦੀ ਪ੍ਰਾਪਤੀ ਕਰਨੀ ਚਾਹੁੰਦਾ ਹਾਂ।

ਵਿਆਸ ਜੀ ਕਹਿੰਦੇ, "ਅਜੇ ਤੇਰੀ ਉਮਰ ਛੋਟੀ ਹੈ।"

ਕਹਿੰਦਾ, "ਧ੍ਰੂ ਦੀ ਉਮਰ ਕਿੰਨੀ ਸੀ? ਪ੍ਰਹਿਲਾਦ ਦੀ ਉਮਰ ਕਿੰਨੀ ਸੀ?"

ਮਹਾਰਾਜ ਜੀ ਵੀ ਇਹ ਫੁਰਮਾਨ ਕਰਦੇ ਨੇ ਕਿ –

*ਰਾਮ ਜਪਉ ਜੀ ਐਸੇ ਐਸੇ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥* *ਅੰਗ - 337*

ਕਿੱਡੀ ਦ੍ਰਿੜ੍ਹਤਾ ਸੀ ਧ੍ਰੂ ਦੇ ਅੰਦਰ, ਅਸੀਂ ਤਾਂ ਸੋਚ ਹੀ ਨਹੀਂ ਸਕਦੇ, ਪ੍ਰਹਿਲਾਦ ਦੇ ਅੰਦਰ ਕਿੰਨੀ ਦ੍ਰਿੜ੍ਹਤਾ ਸੀ ਕੋਈ ਬੰਦਾ ਨਹੀਂ ਅੱਜ ਦਾ ਸੋਚ ਸਕਦਾ। ਸਾਰੀ ਹਕੂਮਤ ਦੇ ਨਾਲ ਇਕ ਬੱਚਾ ਮੁਕਾਬਲਾ ਕਰਦਾ ਹੈ। ਕਹਿੰਦੇ ਉਹ ਛੋਟੇ ਸੀ। ਛੋਟੇ ਵੱਡੇ ਦਾ ਖਿਆਲ ਨਹੀਂ ਹੁੰਦਾ। ਇਕ ਬੁੱਢੇ ਹੋ ਜਾਂਦੇ ਨੇ, ਉਨ੍ਹਾਂ ਦੀ ਵਿਸ਼ੇ-ਵਾਸ਼ਨਾ 'ਚੋਂ ਬਿਰਤੀ ਬਾਹਰ ਨਹੀਂ ਜਾਂਦੀ। ਇਕ ਬੱਚੇ ਹੁੰਦੇ ਨੇ ਛੋਟੇ ਜਿਨ੍ਹਾਂ ਨੂੰ ਸੁਣਦੀ ਸਾਰ ਵੈਰਾਗ ਲੱਗ ਜਾਇਆ ਕਰਦਾ ਹੈ। ਉਹ ਭਾਗਾਂ ਵਾਲੇ ਹੁੰਦੇ ਨੇ, ਪਿਛਲੇ ਜਨਮਾਂ ਦੀ ਕਮਾਈ ਹੁੰਦੀ ਹੈ। ਸੋ ਕਹਿਣ ਲੱਗਿਆ, "ਪਿਤਾ ਜੀ! ਮੈਨੂੰ ਪਿਛਲੇ ਜਨਮਾਂ ਦਾ ਗਿਆਨ ਹੈ। ਮੈਂ ਬੜਾ ਦੁਖੀ ਹੁੰਦਾ ਹਾਂ ਜਦੋਂ ਮੈਨੂੰ ਉਹ ਯਾਦ ਆਉਂਦੇ ਨੇ।"

ਜਦੋਂ ਮਾਂ ਦੇ ਪੇਟ ਵਿਚ ਆਪਾਂ ਹੁੰਦੇ ਹਾਂ ਤਾਂ ਉਸ ਵੇਲੇ ਪੁਠਾ ਲਟਕਦਾ ਹੈ ਜੀਵ। ਬਾਕੀ ਸਰੀਰ ਨਹੀਂ ਬਣਿਆ ਹੁੰਦਾ। ਜਿਹੜੀ ਚੇਤੰਨਤਾ ਹੈ, ਸੁਰਤ ਹੈ ਉਹ ਰੀੜ੍ਹ ਦੀ ਹੱਡੀ ਦੇ ਵਿਚਕਾਰਲੀ ਨਾੜੀ ਵਿਚ ਹੁੰਦੀ ਹੈ। ਪਹਿਲਾਂ ਰੀੜ੍ਹ ਦੀ ਹੱਡੀ ਬਣਦੀ ਹੈ। ਮੈਂ ਅਮਰੀਕਾ ਵਿਚ ਦੇਖਿਆ ਸੀ ਜੋ ਬੀਜ ਹੈ ਮਨੁੱਖ ਦਾ ਉਹ ਚਾਰ ਹਜ਼ਾਰ ਗੁਣਾ ਵੱਡਾ ਕਰਕੇ ਦਿਖਾਇਆ। ਉਸ ਦੇ ਵਿਚ ਕੀੜਾ ਜਿਹਾ ਲਗਦਾ ਸੀ। ਰੀੜ੍ਹ ਦੀ ਹੱਡੀ ਸੀ ਤੇ ਉਪਰ ਮੋਟਾ ਜਿਹਾ ਸਿਰ ਸੀ ਜਿਸ ਤੋਂ ਬਣਦਾ ਹੈ ਇਹ, ਉਸ ਦੇ ਵਿਚ ਸੁਰਤ ਹੋਇਆ ਕਰਦੀ ਹੈ। ਉਸ ਨੂੰ ਸੁਖਮਨਾ ਨਾੜੀ ਕਹਿੰਦੇ ਨੇ। ਸੁਖਮਨਾ ਨਾੜੀ ਵਿਚ ਚਾਹੇ ਹੁਣ ਸੁਰਤ ਚਲੀ ਜਾਵੇ, ਚਾਹੇ ਜਦੋਂ ਮਾਂ ਦੇ ਪੇਟ ਵਿਚ ਸੀ, ਉਸ ਨੂੰ ਸੌ ਜਨਮ ਦਾ ਗਿਆਨ ਹੋ ਜਾਇਆ ਕਰਦਾ ਹੈ। ਉਸ ਵੇਲੇ ਜੀਵ ਪੁਕਾਰਾਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਇਥੋਂ ਕੱਢ ਲੈ, ਮੈਂ ਹੁਣ ਤੇਰਾ ਨਾਮ ਜਪਾਂਗਾ।

ਆਵਾਜ਼ ਆਉਂਦੀ ਹੈ, ਐ ਪ੍ਰੇਮੀਆ! ਤੂੰ ਇਕ ਵਾਰੀ ਮਨੁੱਖ ਬਣਿਆ ਹੈਂ? ਬਹੁਤ ਵਾਰੀ ਬਣਾ ਚੁੱਕੇ ਹਾਂ ਤੈਨੂੰ ਪਰ ਤੂੰ ਹਰ ਵਾਰੀ –

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥* *ਅੰਗ - 267*

ਇਕ ਵਾਰੀ ਤਾਂ ਨਹੀਂ ਤੂੰ ਜਨਮ ਬਰਬਾਦ ਕਰਿਆ, ਤੇਰਾ ਕੋਈ ਇਤਬਾਰ ਨਹੀਂ ਹੈ। ਅਸੀਂ ਭੁੱਲ ਗਏ ਕਿਉਂਕਿ ਜਿਹੜੀ ਸਾਡੀ ਲਿਵ ਸੀ ਉਹ ਟੁੱਟ ਗਈ। ਨਾਮ ਦੇ ਅਧਾਰ ਤੇ ਰਹਿੰਦੇ ਸੀ ਮਾਂ ਦੇ ਪੇਟ ਵਿਚ –

*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥* *ਅੰਗ - 251*

ਪਰ ਜਦੋਂ ਬਾਹਰ ਆਏ ਤਾਂ –

*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰ ਮਨਹਿ ਬਿਸਰਾਨਾ॥* *ਅੰਗ - 251*

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*
*ਅੰਗ - 921*

ਦੋਵੇਂ ਚੀਜ਼ਾਂ ਬਰਾਬਰ ਨੇ। ਸੋ ਜਦੋਂ ਆਦਮੀ ਦਾ ਜਨਮ ਹੁੰਦਾ ਹੈ ਉਸ ਵੇਲੇ –

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਅੰਗ - 921*

ਨਾਮ ਦੀ ਧੁਨ ਆਦਮੀ ਦੇ ਅੰਦਰ ਟੁੱਟ ਜਾਂਦੀ ਹੈ। ਸਵਾ ਮਹੀਨੇ ਤੱਕ ਨਾਮ ਦੀ ਧੁਨ ਬੱਚੇ ਦੇ ਅੰਦਰ ਕਾਇਮ ਰਹਿੰਦੀ ਹੈ। ਜਦੋਂ ਆਉਂਦੀ ਹੈ ਫੇਰ ਉਹ ਹੱਥ ਪੈਰ ਮਾਰਦਾ ਹੈ। ਜਦੋਂ ਟੁੱਟ ਜਾਂਦੀ ਹੈ ਫੇਰ ਰੋਂਦਾ ਹੈ, ਅਚਾਨਕ ਰੋਣ ਲੱਗ ਜਾਂਦਾ ਹੈ ਕਿਉਂਕਿ ਨਾਮ ਦੀ ਧੁਨ ਟੁਟਦੀ ਹੈ।

ਸੋ ਕਹਿਣ ਲੱਗਿਆ, "ਪਿਤਾ ਜੀ! ਮੇਰੇ ਜਿਉਂ ਦੀ ਤਿਉਂ ਸਭ ਯਾਦ ਹੈ ਕਿਉਂਕਿ ਮੈਂ ਪ੍ਰਾਰਥਨਾ ਕਰੀ ਸੀ ਕਿ ਹੇ ਪ੍ਰਭੂ! ਮੇਰੇ ਤੇ ਮਾਇਆ ਨਾ ਪਾਈਂ। ਇਕ ਘੜੀ ਆਪਣੀ ਮਾਇਆ ਸੰਕੋਚ ਦਿਓ। ਸੋ ਮਾਇਆ ਨਾ ਪੈਣ ਕਰਕੇ ਮੇਰੀ ਲਿਵ ਨਹੀਂ ਟੁੱਟੀ। ਮੈਨੂੰ ਸੌ ਜਨਮ ਯਾਦ ਹੈ।"

ਕਹਿੰਦੇ, "ਕੁਝ ਸੁਣਾ ਸਕਦਾ ਹੈਂ?"

ਕਹਿੰਦਾ, "ਹਾਂ! ਮੈਂ ਇਕ ਜਨਮ ਵਿਚ ਗਧਾ ਸੀ ਤੇ ਮੇਰਾ ਮਾਲਕ ਬਹੁਤ ਗਰੀਬ ਸੀ। ਅਜੇ ਮੈਂ ਬੱਚਾ ਹੀ ਸੀ ਤੇ ਉਸ ਨੇ ਮੇਰੇ ਤੇ ਇੱਟਾਂ ਢੋਣੀਆਂ ਸ਼ੁਰੂ ਕਰ ਦਿੱਤੀਆਂ। ਖਾਣ ਨੂੰ ਮੈਨੂੰ ਕੁਝ ਨਹੀਂ ਸੀ ਮਿਲਦਾ। ਮੇਰੀ ਪਿੱਠ ਕਮਾਣ ਵਾਂਗ ਝੁਕ ਗਈ, ਲਾਗਾ ਲੱਗ ਗਿਆ। ਕਾਵਾਂ ਨੇ ਆ ਕੇ ਮੈਨੂੰ ਜੀਉਂਦੇ ਨੂੰ ਹੀ ਠੂੰਗਾਂ ਮਾਰ ਕੇ ਖਾਣਾ ਸ਼ੁਰੂ ਕਰ ਦਿੱਤਾ। ਸਾਰਾ ਦਿਨ ਕੰਮ ਕਰਨਾ ਰਾਤ ਨੂੰ ਮੈਨੂੰ ਰੂੜੀਆਂ ਤੇ ਛੱਡ ਦੇਣਾ, ਲਿਬੜੇ ਹੋਏ ਗੋਹੇ ਵਾਲੇ ਮੈਂ ਕੱਖ ਖਾਣੇ, ਪੱਠੇ ਖਾਣੇ ਨਾਲੇ ਰੋਣਾ ਤੇ ਫੇਰ ਮੈਂ ਐਨਾ ਕਮਜ਼ੋਰ ਹੋ ਗਿਆ ਕਿ ਉਸ ਨੇ ਮੈਨੂੰ ਇਕ ਰੁਪਈਏ ਵਿਚ ਇਕ ਧੋਬੀ ਕੋਲ ਵੇਚ ਦਿੱਤਾ। ਉਹ ਧੋਬੀ ਵੀ ਐਸਾ ਹੀ ਸੀ। ਉਸ ਨੇ ਸਾਰਾ ਦਿਨ ਮੇਰੇ ਤੇ ਕੱਪੜੇ ਲੱਦ ਕੇ ਧੋਬੀਘਾਟ ਤੇ ਲੈ ਜਾਣੇ ਤੇ ਉਥੇ ਪੈਖੜ ਬੰਨ੍ਹ ਕੇ ਛੱਡ ਦੇਣਾ। ਮੈਂ ਬਾੜਾਂ ਵਿਚੋਂ ਘਾਹ

ਚੁਗਣਾ, ਕੰਡਿਆਂ ਨਾਲ ਮੇਰਾ ਨੱਕ ਪੱਕ ਗਿਆ। ਮੈਂ ਐਨਾ ਕਮਜ਼ੋਰ ਹੋ ਗਿਆ ਕਿ ਰਸਤੇ ਵਿਚ ਇਕ ਥਾਂ ਤੇ ਚਿਕੜ ਸੀ ਉਸ ਦੇ ਉਤੋਂ ਦੀ ਲੰਘਦੇ ਸੀ। ਇਕ ਦਿਨ ਉਸ ਨੇ ਮੈਨੂੰ ਚਿਕੜ ਵਿਚ ਵਾੜ ਦਿੱਤਾ। ਉਸ ਦਲਦਲ ਵਿਚ ਮੈਂ ਧਸ ਗਿਆ ਤੇ ਜਿਉਂ ਜਿਉਂ ਮੈਨੂੰ ਕੱਢੇ ਤਿਉਂ ਤਿਉਂ ਮੈਂ ਥੱਲੇ ਨੂੰ ਜਾਂਦਾ। ਉਹ ਉਤੋਂ ਕੱਪੜੇ ਚੁੱਕ ਕੇ ਲੈ ਗਿਆ ਤੇ ਉਸ ਤੋਂ ਬਾਅਦ ਮੇਰਾ ਧਿਆਨ ਹੀ ਛੱਡ ਦਿੱਤਾ। ਉਥੇ ਡੰਡੀ (ਰਸਤਾ) ਸੀ। ਡੰਡੀ ਵਾਲੇ ਜਦੋਂ ਲੰਘਦੇ ਸਨ ਤਾਂ ਉਹ ਮੇਰੀ ਪਿੱਠ ਤੇ ਪੈਰ ਰੱਖ ਕੇ ਲੰਘਣ ਲੱਗ ਗਏ ਤੇ ਮੈਂ ਹੋਰ ਥੱਲੇ ਧਸ ਗਿਆ। ਮੇਰਾ ਮੂੰਹ ਹੀ ਬਾਹਰ ਰਹਿ ਗਿਆ। ਕਾਵਾਂ ਨੇ ਆ ਕੇ ਮੇਰੀਆਂ ਅੱਖਾਂ ਖਾ ਲਈਆਂ, ਮੈਂ ਬਹੁਤ ਦੁਖੀ ਹੋਇਆ। ਮੇਰੇ ਮੂੰਹ ਵਿਚ ਗਾਰਾ ਪੈ ਗਿਆ, ਨੱਕ ਵਿਚ ਪੈ ਗਿਆ ਅਖੀਰ ਮੈਂ ਤੜਫ-ਤੜਫ ਕੇ ਜਾਨ ਦਿੱਤੀ। ਉਹ ਦੁਖ ਮੇਰੇ ਯਾਦ ਨੇ ਤੇ ਮੈਂ ਹੁਣ ਨਹੀਂ ਰਹਿ ਸਕਦਾ, ਮੈਂ ਭਜਨ ਕਰਾਂਗਾ।"

ਕਹਿੰਦੇ, "ਜਾਹ! ਫੇਰ।"

ਛੱਤੀ ਸਾਲ ਲੰਘ ਗਏ ਏਸ ਨੂੰ ਭਜਨ ਕਰਦੇ ਨੂੰ। ਹਠ ਯੋਗ ਕੀਤਾ ਤੇ ਸੁਆਸ ਦਸਮ ਦੁਆਰ ਵਿਚ ਚਾੜ੍ਹਨ ਲੱਗ ਗਿਆ। ਇਕ ਤਾਂ ਹੁੰਦਾ ਹੈ ਨਾਮ ਦੇ ਨਾਲ ਜਾਣਾ ਦਸਵੇਂ ਦੁਆਰ ਵਿਚ, ਦੂਜਾ ਹੁੰਦਾ ਹੈ ਹਠ ਯੋਗ। ਦੋਹਾਂ ਦੇ ਵਿਚ ਫਰਕ ਹੋਇਆ ਕਰਦਾ ਹੈ। ਸੁਆਸ ਦੇ ਨਾਲ ਜੋ ਦਸਵੇਂ ਦੁਆਰਾ ਵਿਚ ਜਾਂਦਾ ਹੈ ਉਸ ਦਾ ਮਨ ਨਿਰਮਲ ਨਹੀਂ ਹੋ ਸਕਦਾ, ਸ਼ਾਂਤੀ ਨਹੀਂ ਆਉਂਦੀ। ਜਿਹੜਾ ਸ਼ਬਦ ਸੁਰਤ ਦੇ ਨਾਲ ਜਾਂਦਾ ਹੈ ਉਸ ਨੂੰ ਪਰਮ ਸ਼ਾਂਤੀ ਆ ਜਾਂਦੀ ਹੈ ਤੇ ਪ੍ਰਾਪਤੀ ਹੋ ਜਾਇਆ ਕਰਦੀ ਹੈ। ਉਹ ਛੇ-ਛੇ ਮਹੀਨੇ ਦੀ ਸਮਾਧੀ ਲਾ ਲੈਂਦਾ ਹੈ। ਇਸ ਦੀਆਂ ਜਟਾਵਾਂ ਐਨੀਆਂ ਵੱਧ ਗਈਆਂ ਕਿ ਧਰਤੀ ਤੇ ਫੈਲ ਗਈਆਂ। ਪੰਛੀਆਂ, ਜਾਨਵਰਾਂ ਨੇ ਉਨ੍ਹਾਂ ਵਿਚ ਆਲ੍ਹਣੇ ਬਣਾ ਕੇ ਅੰਡੇ ਦੇ ਕੇ, ਬੱਚੇ ਕੱਢ ਕੇ ਲੈ ਜਾਣੇ।

ਇਕ ਵਾਰ ਕੋਈ ਕਿਸੇ ਮਹਾਂਪੁਰਸ਼ਾਂ ਦੇ ਸੰਗੀ ਬੱਚੇ ਸਨ। ਉਹ ਗੱਲ ਕਰਦੇ ਨੇ ਕਿ ਆਹ ਸੁਕਦੇਵ ਰਿਸ਼ੀ ਨਿਗੁਰਾ ਪੁਰਸ਼ ਹੈ। ਇਸ ਨੂੰ ਪ੍ਰਾਪਤੀ ਤਾਂ ਹੋ ਨਹੀਂ ਸਕਦੀ, ਸ਼ਾਂਤੀ ਨਹੀਂ ਆਏਗੀ। ਇਸ ਨੇ ਸੁਣ ਲਿਆ। ਸਚਮੁੱਚ ਸ਼ਾਂਤੀ ਨਹੀਂ ਸੀ ਆਈ 36 ਸਾਲਾਂ ਦੇ ਤੱਪ ਤੋਂ ਬਾਅਦ। ਅਖੀਰ ਆਪਣੇ ਪਿਤਾ ਕੋਲ ਆ ਗਿਆ।

ਕਹਿੰਦਾ, "ਪਿਤਾ ਜੀ! ਮੇਰੇ ਮਨ ਵਿਚ ਸ਼ਾਂਤੀ ਨਹੀਂ ਆਈ ਜੋ ਆਉਣੀ ਚਾਹੀਦੀ ਹੈ। ਮੈਂ ਐਨਾ ਤਪ ਕੀਤਾ ਹੈ ਰਿਧੀਆਂ ਸਿਧੀਆਂ ਮੈਨੂੰ ਬੇਅੰਤ ਪ੍ਰਾਪਤ ਹੋ ਗਈਆਂ ਹਨ।"

ਕਹਿਣ ਲੱਗੇ, "ਪੁੱਤਰ! ਤੂੰ ਨਿਗੁਰਾ ਹੈਂ ਅਜੇ ਇਸ ਕਰਕੇ ਤੈਨੂੰ ਸ਼ਾਂਤੀ ਨਹੀਂ ਆ ਸਕਦੀ।"

ਕਹਿੰਦਾ, "ਫੇਰ ਮੈਂ ਗੁਰੂ ਕਿਸ ਨੂੰ ਧਾਰਨ ਕਰਾਂ? ਤੁਸੀਂ ਮੇਰੇ ਗੁਰੂ ਬਣ ਜਾਓ।"

ਵਿਆਸ ਜੀ ਕਹਿੰਦੇ, "ਮੇਰੇ ਤੋਂ ਤੇਰੀ ਪਿਤਾ ਭਾਵਨਾ ਨਹੀਂ ਜਾਣੀ। ਸੋ ਪਿਤਾ ਭਾਵਨਾ ਜੇ ਹੋਵੇ ਤਾਂ ਗੁਰੂ ਭਾਵਨਾ ਨਹੀਂ ਆਇਆ ਕਰਦੀ। ਸੋ ਤੂੰ ਜੇ ਗੁਰੂ ਧਾਰਨ ਕਰਨਾ ਹੈ ਤਾਂ ਰਾਜੇ ਜਨਕ ਕੋਲ ਜਾਹ।"

ਰਾਜੇ ਜਨਕ ਕੋਲ ਜਦੋਂ ਗਿਆ ਤਾਂ ਦਰਬਾਰ ਲੱਗਿਆ ਹੋਇਆ ਹੈ। ਉਥੇ ਇਕ ਮੁਕੱਦਮਾ ਪੇਸ਼ ਹੋਇਆ ਡਾਕੂਆਂ ਦਾ, ਜਿਨ੍ਹਾਂ ਨੇ ਬਹੁਤ ਕਤਲ ਕੀਤੇ ਹੋਏ ਸਨ। ਰਾਜੇ ਜਨਕ ਨੇ ਉਸ ਵੇਲੇ ਉਨ੍ਹਾਂ ਨੂੰ ਸਜ਼ਾਏ ਮੌਤ ਦੇ ਦਿੱਤੀ। ਇਸ ਦੇ ਮਨ ਵਿਚ ਆਇਆ ਕਿ ਇਹ ਤਾਂ ਹਿੰਸਕ ਹੈ ਬੰਦਾ। ਗੁਰੂ ਦੀ ਕਿਰਿਆ ਨੂੰ ਕੋਈ ਬੰਦਾ ਨਹੀਂ ਸਮਝ ਸਕਦਾ।

ਗੁਰੂ ਦਸਮੇਸ਼ ਪਿਤਾ ਦੇ ਦਰਬਾਰ ਦੇ ਅੰਦਰ ਜਦੋਂ ਬਿਸੰਭਵ ਦਾਸ ਜੀ ਦਾ ਲੜਕਾ ਆਉਂਦਾ ਹੈ ਤਾਂ ਗੁਰੂ ਮਹਾਰਾਜ ਜੀ ਉਸ ਵੇਲੇ ਇਕ ਬਾਜ਼ ਤੋਂ ਜੀਉਂਦੇ ਬਟੇਰੇ ਨੂੰ ਤੁੜਵਾ ਰਹੇ ਸੀ। ਉਸ ਨੂੰ ਭੁਲੇਖਾ ਪੈ ਗਿਆ। ਉਹ ਕਹਿੰਦਾ ਕਿ ਇਹ ਗੁਰੂ ਤਾਂ ਹਿੰਸਕ ਨੇ। ਇਨ੍ਹਾਂ ਨੇ ਬਟੇਰਾ ਜੀਉਂਦਾ ਹੀ ਖਿਲਾ ਦਿੱਤਾ ਬਾਜ਼ ਨੂੰ।

ਸੋ ਇਸੇ ਤਰ੍ਹਾਂ ਸੁਕਦੇਵ ਮੁਨੀ ਨੂੰ ਵੀ ਭੁਲੇਖਾ ਪੈ ਗਿਆ, ਵਾਪਸ ਆ ਗਿਆ, ਤਰਕ ਕਰ ਲਈ। ਰਸਤੇ ਵਿਚ ਨਾਰਦ ਮਿਲਿਆ ਕਹਿਣ ਲੱਗਿਆ ਕਿ ਸੁਕਦੇਵ! ਤੂੰ ਬ੍ਰਹਮਗਿਆਨੀ ਦੇ ਉੱਤੇ ਤਰਕ ਕੀਤੀ ਹੈ। ਤੇਰੀਆਂ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਣੀਆਂ ਨੇ। ਇਕ ਕਲਾ ਵੈਰਾਗ ਦੀ ਕਈ ਜਨਮਾਂ ਦੇ ਦੁਖ ਤੋਂ ਬਾਅਦ ਪ੍ਰਾਪਤ ਹੋਇਆ ਕਰਦੀ ਹੈ। ਵੈਰਾਗ ਐਵੇਂ ਨਹੀਂ ਲੱਗਿਆ ਕਰਦਾ। ਕੋਈ ਚੰਗਾ ਭਾਗ ਮਸਤਕ ਵਿਚ ਹੋਵੇ ਫੇਰ ਵੈਰਾਗ ਲਗਦਾ ਹੈ। ਸੁਣਦਾ ਤਾਂ ਸੰਸਾਰ ਸਾਰਾ ਹੀ ਹੈ, ਕਿਸਨੂੰ ਵੈਰਾਗ ਲੱਗਿਆ ਹੈ, ਕੋਈ ਵਿਰਲਾ ਹੈ ਜਿਸ ਦੇ ਹਿਰਦੇ ਵਿਚ ਸੱਟ ਲੱਗੀ ਹੈ ਤੇ ਅੰਮ੍ਰਿਤ ਵੇਲੇ ਜਾਗਦਾ ਹੈ। ਬੈਠ ਜਾਂਦਾ ਹੈ-

***ਜਾ ਕੈ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ॥***

***ਅੰਗ - 1371***

ਸੋ ਉਸ ਵੇਲੇ ਮੰਨਿਆ ਨਹੀਂ। ਨਾਰਦ ਨੇ ਸੋਚਿਆ ਕਿ ਇਸ ਦੀ ਸਾਰੀ ਮਿਹਨਤ ਨਸ਼ਟ ਹੋ ਜਾਏਗੀ ਕਿਉਂਕਿ ਬ੍ਰਹਮਗਿਆਨੀ ਦੇ ਉੱਤੇ ਤਰਕ ਕਰ ਦਿੱਤੀ। ਸੋ ਅੱਗੇ ਜਾ

ਕੇ ਰੂਪ ਬਦਲਿਆ। ਬੁੱਢੇ ਦਾ ਰੂਪ ਧਾਰ ਕੇ ਟੋਕਰੀ ਲੈ ਕੇ ਇਕ ਨਦੀ ਵਿਚ ਰੇਤਾ ਸੁੱਟੀ ਜਾਂਦਾ ਹੈ। ਇਹ ਦੇਖ ਰਿਹਾ ਹੈ ਦਰਖਤ ਤੋਂ ਥੱਲੇ ਬੈਠਾ। ਜਦੋਂ ਘੰਟਾ ਦੋ ਘੰਟੇ ਹੋ ਗਏ ਤਾਂ ਉਹ ਵੀ ਦਰਖਤ ਥੱਲੇ ਆ ਗਿਆ।

ਸੁਕਦੇਵ ਕਹਿਣ ਲੱਗਿਆ, "ਬਾਬਾ! ਕੀ ਕਰਦਾ ਸੀ ਤੂੰ?"

ਕਹਿੰਦਾ, "ਕਾਕਾ! ਮੈਂ ਪਾਰ ਲੰਘਣਾ ਹੈ, ਇਸ ਕਰਕੇ ਨਦੀ ਤੇ ਬੰਨ੍ਹ ਲਾਉਂਦਾ ਸੀ।"

ਸੁਕਦੇਵ ਕਹਿੰਦਾ, "ਤੈਥੋਂ ਵੱਧ ਬੇਵਕੂਫ ਬੰਦਾ ਕੋਈ ਦੁਨੀਆਂ ਵਿਚ ਹੈ? ਨਦੀ ਚਲਦੀ ਹੈ ਤੂੰ ਰੇਤੇ ਦੀ ਟੋਕਰੀ ਨਦੀ ਵਿਚ ਸੁੱਟਦਾ ਪਿਛੋਂ ਹੈ ਉਹ ਹੜ੍ਹਦੀ ਪਹਿਲਾਂ ਹੈ।"

ਕਹਿੰਦਾ,"ਮੈਂ ਤੇਰੇ ਵਾਂਗ ਬੇਵਕੂਫ ਨਹੀਂ। ਮੇਰੀ ਤਾਂ ਦੋ ਘੰਟੇ ਦੀ ਮਿਹਨਤ ਹੀ ਜ਼ਾਇਆ ਹੋਈ ਹੈ। ਤੇਰੇ ਕਿੰਨੇ ਜਨਮਾਂ ਦੇ ਕਰਮ ਨਸ਼ਟ ਹੋ ਗਏ ਕਿਉਂਕਿ ਤੂੰ ਤਰਕ ਕੀਤੀ ਹੈ ਬ੍ਰਹਮਗਿਆਨੀ ਤੇ।"

ਸਮਝ ਗਿਆ, ਘਰ ਆ ਗਿਆ, ਫੇਰ ਸ਼ਾਂਤੀ ਨਹੀਂ ਆਉਂਦੀ ਕੁਝ ਸਮਾਂ ਠਹਿਰ ਕੇ ਫੇਰ ਜਾਂਦਾ ਹੈ। ਉਸ ਵੇਲੇ ਰਾਜੇ ਜਨਕ ਦੇ ਪਾਸ ਪਹੁੰਚਦਾ ਹੈ। ਰਾਜੇ ਜਨਕ ਨੇ ਇਕ ਕੌਤਕ ਵਰਤਾ ਦਿੱਤਾ ਕਿ ਦੇਖਿਆ ਜਾਵੇ ਕਿ ਇਹ ਬੰਦਾ ਥਿਰ ਵੀ ਹੈ ਕਿਉਂਕਿ ਜਿੰਨੀ ਦੇਰ ਤੱਕ ਅਧਿਕਾਰੀ ਨਾ ਹੋਵੇ ਗੁਰੂ ਆਪਣੇ ਸੰਪਰਕ ਵਿਚ ਨਹੀਂ ਲਿਆ ਕਰਦਾ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਅੰਗ - 1366***

***ਕਬੀਰਾ ਏਕੁ ਅਚੰਭਉ ਦੇਖਿਆ ਹੀਰਾ ਹਾਟ ਬਿਕਾਇ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥***
***ਅੰਗ - 1373***

ਮਹਾਂਪੁਰਸ਼ ਆਪਣੇ ਬਚਨ ਕੌਡੀਆਂ ਦੇ ਭਾਅ ਨਹੀਂ ਵੇਚਿਆ ਕਰਦੇ। ਅਧਿਕਾਰੀ ਪੁਰਸ਼ ਹੋਵੇ ਫੇਰ ਤੁਰ ਕੇ ਵੀ ਜਾਣਗੇ, ਖੇਚਲ ਨਾਲ ਵੀ ਜਾਣਗੇ ਕਿ ਉਹ ਅਧਿਕਾਰੀ ਹੈ। ਸੋ ਰਾਜੇ ਜਨਕ ਨੇ ਪਰਖ ਕਰਨ ਵਾਸਤੇ ਅਨੁਭਵ ਦੇ ਨਾਲ ਦੇਖਿਆ ਕਿ ਇਹ ਤਾਂ ਓਹੀ ਪੁਰਸ਼ ਹੈ ਜਿਹੜਾ ਪਹਿਲਾਂ ਆਇਆ ਸੀ। ਇਸ ਦੇ ਮਨ ਵਿਚ ਅਭਿਮਾਨ ਹੈ ਤਿਆਗੀ ਹੋਣ ਦਾ ਤੇ ਮੇਰੇ ਉਤੇ ਨੇਸ਼ਟਾ ਨਹੀਂ ਲਿਆ ਸਕਦਾ ਕਿਉਂਕਿ ਮੈਨੂੰ ਇਹ ਗ੍ਰਿਹਸਤੀ ਕਹਿੰਦਾ ਹੈ। ਸੋ ਉਸ ਵੇਲੇ ਆਪ ਨੇ ਜਿਥੇ ਬੈਠੇ ਸੀ ਉਥੇ ਕੱਚੇ ਧਾਗੇ ਨਾਲ ਇਕ ਤਲਵਾਰ ਲਟਕਾ ਦਿੱਤੀ ਤੇ ਉਸ ਦੇ ਥੱਲੇ ਇਸ ਦੀ ਕੁਰਸੀ ਰੱਖ ਦਿੱਤੀ, ਆਸਣ ਲਾ ਦਿੱਤਾ ਇਸ ਦਾ। ਆਪ ਵੀ ਬੈਠ ਗਏ ਤੇ ਜਦੋਂ ਬਚਨ ਕਰਨੇ ਸ਼ੁਰੂ ਕਰੇ ਤਾਂ ਬਾਰ ਬਾਰ ਇਸ ਦੀ ਬਿਰਤੀ ਉਖੜਦੀ ਹੈ ਤੇ ਇਹ ਉਪਰ ਨੂੰ ਦੇਖਦਾ ਹੈ ਕਿ ਕਿਤੇ ਤਲਵਾਰ ਦਾ ਧਾਗਾ ਟੁੱਟ ਕੇ ਮੇਰੇ ਸਿਰ ਤੇ ਨਾ ਲੱਗੇ। ਐਨੇ ਖਬਰ ਆ ਗਈ ਕਿ ਮਹਾਰਾਜ! ਰਾਜ ਮਹਿਲਾਂ ਨੂੰ ਅੱਗ ਲੱਗ ਗਈ। ਬਾਰ-ਬਾਰ ਆ ਕੇ ਦਸਦੇ ਨੇ ਕਿ ਹੁਣ ਅੱਗ ਹੋਰ ਅੱਗੇ ਆ ਗਈ ਤੇ ਕਹਿੰਦੇ ਹੁਣ ਅਸਤਬਲ (ਤਬੇਲੇ) ਵਿਚ ਆ ਗਈ।

ਕਹਿੰਦੇ, "ਘੋੜੇ ਬਾਹਰ ਕੱਢ ਲਓ। ਬੁਝਾ ਦਿਓ ਅੱਗ।"

ਫੇਰ ਆ ਗਏ ਕਹਿੰਦੇ, "ਮਹਾਰਾਜ! ਹੁਣ ਸਿੰਘ ਦੁਆਰ ਤੱਕ ਅੱਗ ਆ ਗਈ, ਜਿਥੇ ਤੁਸੀਂ ਬੈਠੇ ਹੋ ਇਥੇ ਤੱਕ ਅੱਗ ਪਹੁੰਚ ਗਈ।"

ਉਥੇ ਸੁਕਦੇਵ ਚਿੱਪੀ ਤੇ ਗਜ਼ ਕੱਪੜਾ ਆਉਣ ਲੱਗਿਆਂ ਬਾਹਰ ਰੱਖ ਕੇ ਆਇਆ ਸੀ। ਇਹ ਐਨਾ ਸੁਣ ਕੇ ਦੌੜ ਗਿਆ ਤੇ ਦੌੜ ਕੇ ਚੁੱਕਣ ਚਲਿਆ ਗਿਆ। ਜਦੋਂ ਇਹ ਦੁਬਾਰਾ ਆਇਆ ਤਾਂ ਰਾਜਾ ਜਨਕ ਜੀ ਕਹਿਣ ਲੱਗੇ, "ਸੁਕਦੇਵ! ਅਜੇ ਤੇਰਾ ਮੋਹ ਨਹੀਂ ਹਟਿਆ, ਤੂੰ ਅਜੇ ਗ੍ਰਿਹਸਤੀ ਹੈ ਤੇ ਤੂੰ ਤਿਆਗੀ ਨਹੀਂ ਬਣ ਸਕਿਆ।"

ਗ੍ਰਿਹਸਤੀ ਉਹ ਹੁੰਦਾ ਹੈ ਜਿਸ ਦੇ ਮਨ ਦੇ ਵਿਚ ਮੋਹ, ਬੰਧਨ ਹੋਵੇ। ਜਿਹੜੇ ਗ੍ਰਿਹਸਤੀ ਦੇ ਮਨ ਵਿਚ ਮੋਹ ਨਹੀਂ ਹੈ ਉਹ ਗ੍ਰਿਹਸਤੀ ਨਹੀਂ ਹੁੰਦਾ ਉਹ ਤਿਆਗੀ ਹੁੰਦਾ ਹੈ।

***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
***ਜਪੁ ਤਪੁ ਸੰਜਮੁ ਭੀਖਿਆ ਕਰੈ॥***
***ਪੁੰਨ ਦਾਨ ਕਾ ਕਰੇ ਸਰੀਰੁ॥***
***ਸੋ ਗਿਰਹੀ ਗੰਗਾ ਕਾ ਨੀਰੁ॥ ਅੰਗ - 952***

ਸੋ ਕਹਿਣ ਲੱਗੇ,"ਤੂੰ ਤਾਂ ਗ੍ਰਿਹਸਤੀ ਹੈਂ, ਜਾਹ! ਜਾ ਕੇ ਤਪ ਕਰਕੇ ਆ।"

ਕਾਫੀ ਸਮਾਂ ਲੰਘ ਗਿਆ। ਜਗਿਆਸਾ ਮਨ ਵਿਚ ਜਾਗੀ, ਫੇਰ ਆ ਗਿਆ। ਰਾਜਾ ਜਨਕ ਨੇ ਹੁਕਮ ਦੇ ਦਿੱਤਾ ਕਿ ਇਸ ਨੂੰ ਧੱਕੇ ਮਾਰੋ, ਅੰਦਰ ਨਾ ਵੜਨ ਦਿਓ ਇਸ ਨੂੰ। ਜੱਗ ਹੋ ਰਿਹਾ ਸੀ। ਧੱਕੇ ਮਾਰੇ ਤਾਂ ਖਿੜਕੀ ਦੇ ਹੇਠਾਂ ਜਾ ਕੇ ਖੜ੍ਹਾ ਹੋ ਗਿਆ ਤੇ ਰਾਜਾ ਜਨਕ ਆਪਣੇ ਹੱਥਾਂ ਦੇ ਨਾਲ ਪੱਤਲਾਂ ਚੁੱਕ ਚੁੱਕ ਕੇ ਉਸ ਖਿੜਕੀ ਵਿਚੋਂ ਹੇਠਾਂ ਸੁੱਟ ਰਿਹਾ ਸੀ। ਇਸ ਦੇ ਉੱਤੇ ਐਨੀਆਂ ਪੱਤਲਾਂ ਪਈਆਂ -

***ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ॥***
***ਅੰਗ - 1309***

ਉਹ ਵਿਚ ਗੁੰਮ ਹੋ ਗਿਆ। ਉਸ ਵੇਲੇ ਰਾਜਾ ਜਨਕ ਨੇ ਦੇਖਿਆ ਕਿ ਹੁਣ ਅਧਿਕਾਰੀ ਹੈ। ਹੁਕਮ ਦਿੱਤਾ ਕਿ ਇਕ ਬੰਦਾ ਪੱਤਲਾਂ ਦੇ ਢੇਰ ਦੇ ਥੱਲੇ ਆਇਆ ਹੋਇਆ

ਹੈ ਉਸ ਨੂੰ ਨੁਹਾ ਕੇ ਲਿਆਓ। ਨੁਹਾ ਕੇ ਲਿਆਂਦਾ।

ਰਾਜਾ ਜਨਕ ਕਹਿੰਦੇ, "ਕਿਵੇਂ ਆਇਆ ਹੈਂ? ਮਨੋਰਥ ਦੱਸੋ।"

ਕਹਿੰਦਾ, "ਮੈਂ ਆਪ ਨੂੰ ਗੁਰੂ ਧਾਰਨ ਕਰਨ ਆਇਆ ਹਾਂ।"

ਕਹਿੰਦੇ, "ਸ਼ਰਤ ਹੈ ਗੁਰੂ ਧਾਰਨ ਕਰਨ ਲਈ ਇਕ ਕਿ ਆਹ ਤੇਲ ਦਾ ਛੰਨਾ ਹਥੇਲੀ ਤੇ ਰੱਖ ਕੇ ਸਾਰੇ ਸ਼ਹਿਰ ਦੀ ਪ੍ਰਕਰਮਾ ਕਰਕੇ ਆ, ਫੇਰ ਤੂੰ ਗੁਰੂ ਧਾਰਨ ਕਰਨ ਦਾ ਅਧਿਕਾਰੀ ਬਣੇਗਾ। ਜੇ ਤੇਲ ਦ ਕਤਰਾ ਵੀ ਡੁੱਲ ਗਿਆ ਤਾਂ ਸਿਪਾਹੀ ਤੇਰੇ ਪਿੱਛੇ ਹੋਣਗੇ, ਉਸੇ ਵੇਲੇ ਤੇਰਾ ਸਿਰ ਕੱਟ ਦੇਣਗੇ।"

ਕਸਵੱਟੀ ਲਾ ਦਿੱਤੀ। ਦੂਜੇ ਪਾਸੇ ਉਸ ਨੇ ਨਾਚ, ਰਾਗ ਰੰਗ ਹਰੇਕ ਕਿਸਮ ਦੇ ਰੁਝੇਵੇਂ ਉਸ ਰਸਤੇ ਤੇ ਥਾਂ ਥਾਂ ਕਰ ਦਿੱਤੇ। ਇਹ ਚਲਦਾ ਹੈ ਪਿਛੇ ਸਿਪਾਹੀ ਨੰਗੀ ਤਲਵਾਰ ਲਈਂ ਜਾਂਦਾ ਹੈ। ਸਾਰੇ ਸ਼ਹਿਰ ਦਾ ਗੇੜਾ ਕੱਢ ਕੇ ਆ ਗਿਆ। ਰਾਜੇ ਜਨਕ ਨੇ ਦੇਖਿਆ ਕਿ ਇਕ ਕਤਰਾ ਵੀ ਨਹੀਂ ਡੁਲ੍ਹਿਆ।

ਉਸ ਵੇਲੇ ਕਹਿਣ ਲੱਗੇ, "ਸੁਕਦੇਵ! ਕੀ ਸੁਣਿਆ ਹੈ ਤੇ ਕੀ ਦੇਖਿਆ ਹੈ?"

ਕਹਿੰਦਾ, "ਮਹਾਰਾਜ! ਨਾ ਮੈਂ ਕੁਝ ਸੁਣਿਆ ਹੈ ਤੇ ਨਾ ਕੁਝ ਦੇਖਿਆ ਹੈ। ਮੇਰੀ ਤਾਂ 100% ਸੁਰਤ ਇਸ ਤੇਲ ਦੇ ਛੰਨੇ ਵਿਚ ਸੀ ਕਿ ਜੇ ਇਕ ਕਤਰਾ ਗਿਰ ਗਿਆ ਤਾਂ ਮੇਰਾ ਮਾਨਸ ਜਨਮ ਜਾਏਗਾ ਕਿਉਂਕਿ ਆਪ ਰਾਜਾ ਹੋ ਤੇ ਮੇਰਾ ਸਿਰ ਕਲਮ ਹੋ ਜਾਏਗਾ। ਸੋ ਮੈਨੂੰ ਨਹੀਂ ਪਤਾ ਕਿ ਕੀ ਹੁੰਦਾ ਸੀ।"

ਉਨ੍ਹਾਂ ਨੇ ਦੇਖ ਲਿਆ ਕਿ ਇਹ ਦ੍ਰਿੜ ਪੁਰਸ਼ ਹੈ ਉਸ ਵੇਲੇ ਇਸ ਨੂੰ ਨਾਮ ਦੀ ਦਾਤ ਦਿੱਤੀ। ਸੋ ਮਹਾਰਾਜ ਜੀ ਕਹਿੰਦੇ, ਪੁੱਛ ਲਓ ਇਨ੍ਹਾਂ ਤੋਂ, ਜਨਕ ਤੋਂ ਪੁੱਛ ਲਓ, ਨਾਰਦ ਤੋਂ ਪੁਛ ਲਓ। ਨਾਰਦ ਨੂੰ ਬ੍ਰਹਮਾਂ ਜੀ ਦਾ ਪੁੱਤਰ ਕਹਿੰਦੇ ਨੇ। ਇਕ ਵਾਰੀ ਦੇਵਤਿਆਂ ਦੀ ਸਭਾ ਲੱਗੀ। ਇਕ ਦਿਨ ਨਾਰਦ ਜਲਦੀ ਆ ਗਿਆ ਤੇ ਦੇਖਿਆ ਕਿ ਜਿਥੇ ਇਹ ਬੈਠਦਾ ਸੀ ਉਹ ਥਾਂ ਪੁੱਟ ਰਹੇ ਨੇ ਸਵਾ ਗਜ ਡੂੰਘਾ, ਸਵਾ ਗਜ ਚੌੜਾ ਟੋਆ ਪੁੱਟ ਕੇ ਫੇਰ ਮਿੱਟੀ ਪਾ ਕੇ ਭਰਨ ਲੱਗ ਗਏ। ਨੇੜੇ ਆ ਕੇ ਮਜ਼ਦੂਰਾਂ ਨੂੰ ਕਹਿਣ ਲੱਗਿਆ ਕਿ ਤੁਸੀਂ ਇਹ ਕੀ ਕੰਮ ਕਰਿਆ ਹੈ, ਪਹਿਲਾਂ ਪੁੱਟਿਆ ਹੈ ਤੇ ਫੇਰ ਭਰਦੇ ਹੋ। ਉਹ ਤਾਂ ਸਾਨੂੰ ਪਤਾ ਨਹੀਂ, ਜਦੋਂ ਤੋਂ ਇਹ ਸਭਾ ਲੱਗੀ ਹੈ ਉਸ ਦਿਨ ਤੋਂ ਹੀ ਕਰ ਰਹੇ ਹਾਂ।

ਨਾਰਦ ਕਹਿੰਦਾ, "ਕਿਉਂ?"

ਕਹਿੰਦੇ, "ਸਾਨੂੰ ਤਾਂ ਇਹ ਪਤਾ ਲੱਗਿਆ ਹੈ ਕਿ ਇਕ ਨਾਰਦ ਨਾਮ ਦਾ ਨਿਗੁਰਾ ਪੁਰਸ਼ ਇਥੇ ਬੈਠਦਾ ਹੈ ਤੇ ਨਿਗੁਰਾ ਜਿਥੇ ਬੈਠ ਜਾਵੇ ਸਵਾ ਗਜ ਧਰਤੀ ਭ੍ਰਿਸ਼ਟ ਕਰ ਦਿਆ ਕਰਦਾ ਹੈ। ਸੋ ਇਸ ਕਰਕੇ ਸਾਨੂੰ ਹੁਕਮ ਹੈ ਕਿ ਹਰ ਰੋਜ਼ ਨਵੀਂ ਮਿੱਟੀ ਇਸ ਦੇ ਵਿਚ ਪਾਓ।"

ਬੜਾ ਤੜਪਦਾ ਹੈ ਕਿ ਮੈਂ ਬ੍ਰਹਮਾ ਦਾ ਪੁੱਤਰ, ਮੇਰੇ ਵਿਚ ਇਹ ਸ਼ਕਤੀ ਹੈ ਕਿ ਮੈਂ ਫੁਰਨਾ ਕਰਾਂ, ਜਿਸ ਬ੍ਰਹਿਮੰਡ ਵਿਚ ਜਾਣਾ ਚਾਹਾਂ ਉਥੇ ਹੀ ਚਲਿਆ ਜਾਵਾਂ ਤੇ ਮੇਰਾ ਐਨਾ ਨਿਰਾਦਰ। ਪਿਤਾ ਕੋਲ ਚਲਿਆ ਗਿਆ।

ਕਹਿੰਦਾ, "ਪਿਤਾ ਜੀ! ਐਨਾ ਨਿਰਾਦਰ ਮੇਰਾ?"

ਕਹਿੰਦੇ, "ਪੁੱਤਰ! ਤੂੰ ਨਿਗੁਰਾ ਹੈਂ, ਨਿਗੁਰੇ ਦਾ ਤਾਂ ਨਾਉਂ ਲੈਣਾ ਹੀ ਬੁਰਾ ਹੋਇਆ ਕਰਦਾ ਹੈ। ਤੂੰ ਤਾਂ ਦੇਵਤਿਆਂ ਦੀ ਸਭਾ ਵਿਚ ਬੈਠਦਾ ਹੈਂ ਪਰ ਨਿਗੁਰਾ ਹੋਣ ਕਰਕੇ ਤੂੰ ਭ੍ਰਿਸ਼ਟਿਆ ਹੋਇਆ ਹੈ।" ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ -

***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ਅੰਗ - 59***

ਜਿੰਨੇ ਵੀ ਵੱਡੇ ਵੱਡੇ ਹੋਏ ਨੇ, ਮਹਾਰਾਜ ਜੀ ਕਹਿੰਦੇ -

***ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ॥***
***ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ॥***
***ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ॥***
***ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ॥***
***ਅੰਗ - 591***

ਕੋਈ ਦੁਨੀਆਂ ਦਾ ਐਸਾ ਬੰਦਾ ਨਹੀਂ ਜਿਸ ਨੂੰ ਗੁਰੂ ਤੋਂ ਬਗੈਰ ਨਾਮ ਮਿਲਿਆ ਹੋਵੇ।

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ............॥***
***ਅੰਗ - 649***

ਜਦੋਂ ਗੁਰੂ ਮਿਲ ਗਿਆ ਫੇਰ ਕਹਿੰਦੇ -

***................ ਸੁਖੁ ਪਾਏ ਜੁਗ ਚਾਰਿ॥ਅੰਗ - 649***

ਚਾਰ ਜੁਗ ਦੀ ਗਾਰੰਟੀ ਹੁੰਦੀ ਹੈ, ਮਨੁੱਖ ਦਾ ਜਾਮਾ ਉਸ ਨੂੰ ਮਿਲਦਾ ਰਹਿੰਦਾ ਹੈ। ਉਹ ਕੁੱਤਿਆਂ, ਬਿੱਲਿਆਂ ਵਿਚ ਨਹੀਂ ਜਾਂਦਾ। ਜਿਹੜਾ ਗੁਰੂ ਦਾ ਉਪਦੇਸ਼ ਹੈ ਤੇ ਅਜੇ ਪੂਰਾ ਨਹੀਂ ਹੋਇਆ ਉਸ ਨੂੰ ਚਾਰ ਜੁੱਗ ਦਾ ਸੁੱਖ ਪ੍ਰਾਪਤ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਗੁਰੂ ਮਿਲਣ ਦੇ ਨਾਲ ਅੰਦਰ ਦਾ ਭੇਤ ਆਉਂਦਾ ਹੈ, ਅੰਦਰ ਦੀ ਖੋਜ ਸ਼ੁਰੂ ਹੁੰਦੀ ਹੈ ਤੇ ਜਿੰਨਾ ਚਿਰ ਅਸੀਂ ਅੰਦਰ ਨਹੀਂ ਦਾਖਲ ਹੁੰਦੇ, ਸਾਨੂੰ ਕੋਈ ਪ੍ਰਾਪਤੀ ਨਹੀਂ ਹੁੰਦੀ। ਸੋ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥*
*ਅੰਗ - 205*

ਤੇ ਤਾਲਾ ਬੰਦ ਕਰ ਦਿੱਤਾ, ਇਹ ਤਾਲਾ ਨਹੀਂ ਖੁੱਲ੍ਹਦਾ ਭਾਈ! ਜਦੋਂ ਤੱਕ ਗੁਰੂ ਨਹੀਂ ਧਾਰਨ ਕਰਦੇ। ਤਾਲਾ ਕਿਸ ਚੀਜ਼ ਨੂੰ ਲਾ ਦਿੱਤਾ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅੰਗ - 954*

ਉਹ ਬੱਜਰ ਕਪਾਟ ਨਹੀਂ ਖੁਲ੍ਹਦੇ, ਤਾਲਾ ਲੱਗਿਆ ਹੋਇਆ ਹੈ। ਜਿੰਨਾ ਚਿਰ ਗੁਰੂ ਦਾ ਸ਼ਬਦ ਨਹੀਂ ਪ੍ਰਾਪਤ ਹੁੰਦਾ ਓਨਾ ਚਿਰ ਅੰਦਰ ਨਹੀਂ ਦਾਖਲ ਹੋ ਸਕਦੇ। ਏਸ ਤਰ੍ਹਾਂ ਨਾਲ ਪੜ੍ਹ ਲਓ –

*ਭਾਵ ਅਰਥ - ਤੇਰਾ ਖੁਲ੍ਹਣਾ ਨਹੀਂ ਦਸਮ ਦੁਆਰਾ,*
*ਬਾਝੋਂ ਗੁਰ ਪੂਰਿਆ ਤੋਂ।*
*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ॥ ਅੰਗ - 1237*

ਹੋਰ ਕਿਸੇ ਦੇ ਹੱਥ ਵਿਚ ਕੁੰਜੀ ਹੈ ਹੀ ਨਹੀਂ –

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੇ ਭਾਗਿ ਮਿਲਾਵਣਿਆ॥ ਅੰਗ - 124*

ਪੂਰੇ ਭਾਗ ਹੋਣ ਤਾਂ ਪੂਰਾ ਸਤਿਗੁਰੂ ਮਿਲਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ–

*ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ*
*ਲਹਿ ਨ ਸਕਾਈਐ॥ ਅੰਗ - 1179*

ਬੇਅੰਤ ਮਾਣਕ, ਰਤਨ ਸਾਡੇ ਅੰਦਰ ਨੇ –

ਇਸ ਮਨ ਨੂੰ ਪਤਾ ਨਹੀਂ ਲਗਦਾ। ਚੀਜ਼ ਸਾਡੇ ਅੰਦਰ ਹੈ ਪਰ ਅਸੀਂ ਟੋਲ੍ਹ (ਲੱਭ) ਨਹੀਂ ਸਕਦੇ ਪਰ ਜਿਹੜਾ ਪੂਰਾ ਗੁਰੂ ਹੁੰਦਾ ਹੈ ਉਸ ਦੀ ਇਕ ਮਿਸਾਲ ਦਿੰਦੇ ਕਹਿੰਦੇ ਹਨ–

*ਜਿਉ ਓਡਾ ਕੂਪੁ ਗੁਹਜ ਖਿਨ ਕਾਢੈ*
*ਤਿਉ ਸਤਿਗੁਰਿ ਵਸਤੁ ਲਹਾਈਐ॥ ਅੰਗ - 1179*

ਆਹ ਕੋਡ ਹੁੰਦੇ ਨੇ ਬਾਹਰ ਫਿਰਦੇ, ਪਿੰਡਾਂ ਵਾਲੇ ਲੋਕ ਜਾਣਦੇ ਨੇ। ਪਹਿਲਾਂ ਹੁੰਦੇ ਸਨ ਹੁਣ ਤਾਂ ਪਾਕਿਸਤਾਨ ਬਣਨ ਤੋਂ ਬਾਅਦ ਆਏ ਹੀ ਨਹੀਂ। ਉਹ ਬਕਰੀਆਂ ਰੱਖਿਆ ਕਰਦੇ ਸੀ ਜਿਆਦਾ ਤੇ ਉਹ ਆਮ ਕਿਹਾ ਕਰਦੇ ਸਨ ਕਿ ਜੇ ਕਿਸੇ ਦਾ ਖੂਹ ਗੁਪਤ ਹੋ ਗਿਆ ਹੋਵੇ ਤਾਂ ਅਸੀਂ ਕੱਢ ਦਿਆਂਗੇ। ਟਿੱਬੇ ਜ਼ਿਆਦਾ ਹੋਇਆ ਕਰਦੇ ਸੀ ਉਨ੍ਹਾਂ ਦਿਨਾਂ ਵਿਚ। ਸੋ ਖੂਹ ਭਰ ਜਾਂਦੇ ਸੀ ਰੇਤੇ ਨਾਲ ਤਾਂ ਉਨ੍ਹਾਂ ਕੋਲ ਜਾਂਦੇ ਸਨ ਕਿ ਸਾਡਾ ਇਕ ਖੂਹ ਸੁਣਿਆ ਸੀ ਬਜੁਰਗਾਂ ਤੋਂ ਪਰ ਸਾਨੂੰ ਲੱਭਦਾ ਨਹੀਂ। ਉਹ ਫੇਰ ਬੱਕਰੀਆਂ ਤੋਰਦੇ ਸੀ ਜਿਵੇਂ ਸੁਹਾਗਾ ਦਈਦਾ ਹੈ। ਜਿਥੇ ਖੂਹ ਹੁੰਦੈ, ਬੱਕਰੀ ਨੂੰ ਇਹ ਸਮਝ ਹੈ ਕਿ ਉਹ ਖੂਹ ਦੇ ਉਪਰ ਦੀ ਨਹੀਂ ਲੰਘਦੀ। ਉਹ ਉਥੇ ਨੂੰ ਬਕਰੀਆਂ ਬਾਰ ਬਾਰ ਲੰਘਾਂਦਾ ਸੀ ਤੇ ਬੱਕਰੀਆਂ ਪੂਰੀ ਨਿਸ਼ਾਨੀ ਲਾ ਦਿੰਦੀਆਂ ਸਨ। ਉਹ ਕਹਿੰਦਾ ਕਿ ਆਹ ਥਾਂ ਪੁੱਟ ਲਓ। ਜਦੋਂ ਪੁੱਟਣਾ ਤਾਂ ਥੱਲੇ ਖੂਹ ਹੁੰਦਾ ਸੀ।

*ਜਿਉ ਓਡਾ ਕੂਪੁ ਗੁਹਜ ਖਿਨ ਕਾਢੈ*
*ਤਿਉ ਸਤਿਗੁਰਿ ਵਸਤੁ ਲਹਾਈਐ॥ ਅੰਗ - 1179*

ਇਸੇ ਤਰ੍ਹਾਂ ਸਾਡੇ ਦਸਵੇਂ ਦੁਆਰ ਦੇ ਅੰਦਰ ਅਕਾਲ ਪੁਰਖ ਦਾ ਵਾਸਾ ਹੈ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥ ਅੰਗ - 1263*

ਸੋ ਪੂਰਾ ਗੁਰੂ ਜਦੋਂ ਤੱਕ ਨਹੀਂ ਮਿਲਦਾ ਉਦੋਂ ਤੱਕ ਅੰਦਰਲੀ ਸੋਝੀ ਨਹੀਂ ਹੁੰਦੀ –

ਮਹਾਰਾਜ ਜੀ ਕਹਿੰਦੇ –

*ਪੰਚ ਤਤੁ ਮਿਲਿ ਕਾਇਆ ਕੀਨੀ॥*
*ਤਿਸ ਮਹਿ ਰਾਮ ਰਤਨੁ ਲੈ ਚੀਨੀ॥*
*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ॥ ਅੰਗ - 1030*

ਜਦੋਂ ਤੱਕ ਸ਼ਬਦ ਦੀ ਵਿਚਾਰ ਨਹੀਂ ਆਈ, ਓਨੀ ਦੇਰ ਤੱਕ ਚੀਜ਼ ਨਹੀਂ ਮਿਲਦੀ ਤੇ ਫੇਰ ਗੁਰੂ ਕੌਣ ਹੁੰਦਾ ਹੈ ਸੰਸਾਰ ਵਿਚ? ਕਹਿੰਦੇ ਗੁਰੂ ਉਹ ਹੁੰਦਾ ਹੈ ਜਿਹੜਾ ਅੰਦਰ ਪਹੁੰਚਾ ਦੇਵੇ ਤੇ ਆਪਣੇ ਸਰੂਪ ਦੇ ਦਰਸ਼ਨ ਕਰਾ ਦੇਵੇ। ਸਾਨੂੰ ਤਾਂ ਇਹੀ ਨਹੀਂ ਪਤਾ ਕਿ ਅਸੀਂ ਕੌਣ ਹਾਂ, ਅਸੀਂ ਤਾਂ ਸਾਢੇ ਤਿੰਨ ਹੱਥ ਦੀ ਦੇਹ ਆਪਣੇ ਆਪ ਨੂੰ ਸਮਝਦੇ ਹਾਂ। ਕੋਈ ਪਤਾ ਨਹੀਂ ਹੈ। ਹਜ਼ਾਰ ਬੰਦੇ ਇਕੱਠੇ ਕਰਕੇ ਪੁੱਛ ਲਓ ਕਿ ਤੂੰ ਕੌਣ ਹੈਂ? ਕਹੇਗਾ ਮੈਂ ਤੁਹਾਡੇ ਸਾਹਮਣੇ ਖੜ੍ਹਾ ਹਾਂ ਕਿਉਂਕਿ ਆਪਣੇ ਸਰੂਪ ਦਾ ਗਿਆਨ ਨਹੀਂ ਹੁੰਦਾ। ਗੁਰੂ ਦੇ ਬਚਨ ਸੁਣਦਾ ਹੈ ਪਰ ਫੇਰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝਣ ਤੋਂ ਨਹੀਂ ਹਟਦਾ, ਦੇਹ ਅਧਿਆਸ ਐਨਾ ਪੱਕ ਗਿਆ। ਮਹਾਰਾਜ ਜੀ ਕਹਿੰਦੇ ਗੁਰੂ ਉਹ ਹੁੰਦਾ ਹੈ ਜਿਹੜਾ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਅੰਗ - 1291*

ਇਸ ਸਰੀਰ ਦੇ ਘਰ ਵਿਚ ਜਿਹੜਾ ਅਸਲੀ ਘਰ ਦਿਖਾ ਦੇਵੇ ਉਹ ਸਤਿਗੁਰੂ ਹੋਇਆ ਕਰਦਾ ਹੈ। ਉਥੇ ਨਿਸ਼ਾਨੀਆਂ ਕੀ ਨੇ? ਬਾਰ-ਬਾਰ ਗੁਰਬਾਣੀ ਵਿਚ ਨਿਸ਼ਾਨੀਆਂ

ਆਉਂਦੀਆਂ ਹਨ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅੰਗ - 954*

ਜੇ ਗੁਰੂ ਤੋਂ ਸ਼ਬਦ ਹੀ ਨਹੀਂ ਮਿਲਿਆ ਤਾਂ ਖੁਲ੍ਹੇਗਾ ਕਿਵੇਂ? ਜਦੋਂ ਖੁਲ੍ਹ ਜਾਏਗਾ ਤਾਂ ਕਹਿੰਦੇ ਕੋਈ ਨਿਸ਼ਾਨੀ ਵੀ ਹੈ? ਮਹਾਰਾਜ ਜੀ ਕਹਿੰਦੇ, ਹਾਂ –

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਅੰਗ - 954*

ਉਹ ਸ਼ਬਦ ਜਿਸ ਸ਼ਬਦ ਦੇ ਨਾਲ ਅਕਾਲ ਪੁਰਖ ਨੇ ਸਾਰੀ ਸ੍ਰਿਸ਼ਟੀ ਨੂੰ ਸਾਜਿਆ ਹੈ, ਜਿਸ ਨੂੰ ਓਅੰਕਾਰ ਅਤੇ ਸੋਹੰ ਸ਼ਬਦ ਵੀ ਕਹਿੰਦੇ ਨੇ–

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ*
*ਬਾਹੁੜਿ ਜਨਮਿ ਨ ਆਵਾ॥ ਅੰਗ - 795*

ਉਸ ਸ਼ਬਦ ਦੀ ਉਥੇ ਗੁੰਜਾਰ ਪੈਂਦੀ ਹੈ, ਧੁਨ ਲੱਗੀ ਹੋਈ ਹੈ –

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥ ਅੰਗ - 879*

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਅੰਗ - 954*

ਕਹਿੰਦੇ ਪ੍ਰਕਾਸ਼ ਵੀ ਹੈ ਉਥੇ ਜਦੋਂ ਪ੍ਰਕਾਸ਼ ਹੋ ਗਿਆ ਫੇਰ ਦਿਸਦਾ ਵੀ ਹੈ? ਕਹਿੰਦੇ ਹਾਂ ਜਿਹੜਾ ਮੇਰੇ ਅੰਦਰ ਦਿਸਦਾ ਹੈ ਉਹ ਫੇਰ ਸਾਰਿਆਂ ਦੇ ਅੰਦਰ ਦਿਸਦਾ ਹੈ –

*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਅੰਗ - 954*

ਸੋ ਜੋ ਉਸ ਘਰ ਨੂੰ ਦਿਖਾ ਦੇਵੇ ਉਹ ਸਤਿਗੁਰੂ ਹੈ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਅੰਗ - 1291*

ਉਥੇ ਨਿਸ਼ਾਨੀ ਕੀ ਹੈ? ਕਹਿੰਦੇ –

*ਪੰਚ ਸਬਦ ਧੁਨਿਕਾਰ ਧੁਨਿ ............॥*
*ਅੰਗ - 1291*

ਲਗਾਤਾਰ ਧੁਨ ਚਲ ਰਹੀ ਹੈ ਉਥੇ, ਸ਼ਬਦ ਦੀ ਧੁਨ ਹੈ ਉਸ ਥਾਂ ਦੇ ਉਤੇ ਤੇ ਪੰਜ ਸ਼ਬਦਾਂ ਦੀ ਉਸ ਥਾਂ ਤੇ ਧੁਨਕਾਰ ਹੈ –

*............. ਤਹ ਬਾਜੈ ਸਬਦੁ ਨੀਸਾਣੁ॥*
*ਅੰਗ - 1291*

ਨਿਸ਼ਾਨੀ ਇਹ ਹੈ ਕਿ ਉਥੇ ਸ਼ਬਦ ਵਜਦੇ ਨੇ –

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਅੰਗ - 1291*

ਜਦੋਂ ਬਿਰਤੀ ਉਥੇ ਪਹੁੰਚ ਕੇ ਦੀਪ, ਲੋਹ, ਪਤਾਲ, ਖੰਡਾ, ਬ੍ਰਹਿਮੰਡਾਂ ਨੂੰ ਦੇਖਦੀ ਹੈ ਤਾਂ ਵਿਸਮਾਦ ਵਿਚ ਆ ਜਾਂਦੀ ਹੈ ਫੇਰ ਇਸ ਦੇ ਮੂੰਹ ਵਿਚੋਂ ਨਿਕਲਦਾ ਹੈ ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!! ਵਾਹਿਗੁਰੂ ਨਾਮ ਆਖਰੀ ਹੈ, 'ਸੋਹੰ' ਤੋਂ ਵੀ ਉਪਰ ਜਾ ਕੇ ਹੈ। 'ਸੋਹੰ' ਦਸਵੇਂ ਦੁਆਰ ਦਾ ਨਾਮ ਹੈ। ਵਾਹਿਗੁਰੂ ਨਾਮ ਹੈ ਜਦੋਂ ਪ੍ਰਮੇਸ਼ਰ ਨਾਲ ਰੂਪ ਦਾ ਮਿਲਾਪ ਹੋ ਜਾਵੇ ਫੇਰ –

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥ ਅੰਗ - 278*

ਉਸ ਵੇਲੇ ਦੀ ਅਸਚਰਜਤਾ ਦਾ ਜੋ ਨਾਮ ਹੈ, ਵਿਸਮਾਦਤਾ ਦਾ ਜੋ ਨਾਮ ਹੈ ਉਹ ਵਾਹਿਗੁਰੂ ਨਾਮ ਹੈ। ਸੋ –

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਅੰਗ - 1291*

ਉਥੇ ਪ੍ਰਮੇਸ਼ਰ ਦੇ ਸਾਖਸ਼ਾਤ ਦਰਸ਼ਨ ਹੁੰਦੇ ਨੇ ਆਪਣੇ ਅੰਦਰੋਂ ਹੀ ਲੰਘ ਜਾਂਦਾ ਹੈ –

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥ ਅੰਗ - 1002*

ਕਹਿੰਦੇ ਫੇਰ ਜਿਹੜੀ ਕਥਾ ਨੂੰ ਵਿਚਾਰਿਆ ਨਹੀਂ ਜਾਂਦਾ ਉਹ ਸੁਣਦੀ ਹੈ –

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥*
*ਅੰਗ - 1291*

ਜਦੋਂ ਦਸਮ ਦੁਆਰ ਵਿਚ ਪਹੁੰਚ ਜਾਂਦਾ ਹੈ ਉਸ ਨੂੰ 'ਸੁੰਨ ਮੰਡਲ' ਕਹਿੰਦੇ ਨੇ, 'ਅਫੁਰ ਮੰਡਲ' ਕਹਿੰਦੇ ਨੇ, ਪਰਮ ਸੁੰਨ, ਅਨਹਦ ਸੁੰਨ ਆਖਦੇ ਨੇ –

*ਅਨਹਤ ਸੁੰਨਿ ਰਤੇ ਸੇ ਕੈਸੇ॥*
*ਜਿਸ ਤੇ ਉਪਜੇ ਤਿਸ ਹੀ ਜੈਸੇ॥ ਅੰਗ - 943*

ਉਹ ਵਾਹਿਗੁਰੂ ਵਰਗੇ ਹੀ ਹੋ ਜਾਇਆ ਕਰਦੇ ਨੇ।

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ ...............॥*
*ਅੰਗ - 1291*

ਜਿਹੜੀ ਗੱਲ ਕਹੀ ਹੀ ਨਹੀਂ ਜਾ ਸਕਦੀ ਉਸ ਦੀ ਵਿਚਾਰ ਉਥੇ ਹੁੰਦੀ ਹੈ –

*............ ਮਨਸਾ ਮਨਹਿ ਸਮਾਇ॥ ਅੰਗ - 1291*

ਸਾਰੀਆਂ ਹੀ ਵਾਸ਼ਨਾਵਾਂ ਉਥੇ ਖਤਮ ਹੋ ਜਾਂਦੀਆਂ ਨੇ –

ਮਨੋ ਨਾਸ ਵਾਸਨਾ ਖ੍ਯੈ–ਤੱਤ ਗਿਆਨ ਪੰਜਵੀਂ ਭੂਮਿਕਾ ਵਿਚ ਪਹੁੰਚ ਜਾਂਦੀ ਹੈ ਬਿਰਤੀ। ਬ੍ਰਹਮ ਦਾ ਫੇਰ ਚਿੰਤਨ ਨਹੀਂ ਕਰਦਾ, ਬ੍ਰਹਮ ਦਾ ਫੇਰ ਸਾਖਸ਼ਾਤਕਾਰ ਹੋ

ਜਾਂਦਾ ਹੈ। ਹਰ ਪਾਸੇ ਵਾਹਿਗੁਰੂ ਦੇ ਦਰਸ਼ਨ ਹੁੰਦੇ ਨੇ –

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*
*ਅੰਗ - 407*

ਫੇਰ ਸੰਸਾਰ ਵਲੋਂ ਮਨ ਉਲਟ ਗਿਆ ਵਾਹਿਗੁਰੂ ਦੀ ਪਰਿਪੂਰਨਤਾ ਤੇ ਨਿਸਚਾ ਆ ਕੇ ਨਾਮ ਮੰਨ ਲਿਆ ਅਸੀਂ। ਨਾਮ ਨੂੰ ਮੰਨਣ ਨਾਲ –

*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥* *ਅੰਗ - 3*

ਕਿਉਂਕਿ ਨਾਮ ਪ੍ਰਤੱਖ ਹੋ ਗਿਆ ਅੰਦਰ –

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥* *ਅੰਗ - 284*

ਉਹ ਨਾਮ ਜਿਸ ਨੇ ਸਾਰੀ ਪ੍ਰਾਕਿਰਤੀ ਨੂੰ ਧਾਰਨ ਕਰਿਆ ਹੋਇਆ ਹੈ ਉਸੇ ਅਵਸਥਾ ਵਿਚ ਪ੍ਰਤੱਖ ਹੋ ਗਿਆ ਤੇ ਉਸ ਨੂੰ ਅਸੀਂ ਮਨ ਲਿਆ। ਮੰਨਣ ਦੇ ਨਾਲ ਸੰਸਾਰ ਵਲੋਂ ਉਲਟ ਹੋ ਗਏ। ਉਲਟੇ ਹੋਣ ਦੇ ਨਾਲ –

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥* *ਅੰਗ - 1291*

ਕਿਤੇ ਨਹੀਂ ਜਾਂਦੇ ਫੇਰ ਛੱਡ ਕੇ। ਕਿਉਂਕਿ ਅੰਮ੍ਰਿਤ ਦਾ ਅਨੰਦ, ਪਰਮ ਅਨੰਦ ਏਸ ਨੂੰ ਸਤਿ-ਚਿਤ-ਅਨੰਦ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਫੇਰ ਉਥੇ ਆਪਣੇ ਆਪ ਜਾਪ ਹੋ ਰਿਹਾ ਹੈ –

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਅੰਗ - 1291*

ਵਾਹਿਗੁਰੂ ਦੇ ਵਿਚ ਲੀਨ ਹੋ ਗਿਆ –

*ਸਭਿ ਸਖੀਆ ਪੰਚੇ ਮਿਲੇ .........॥* *ਅੰਗ - 1291*

ਪੰਜੇ ਗਿਆਨ ਇੰਦ੍ਰੇ, ਪੰਜੇ ਸ੍ਰੇਸ਼ਠ ਗੁਣ – ਸਤਿ, ਸੰਤੋਖ, ਦਇਆ, ਧਰਮ, ਧੀਰਜ –

............ *ਗੁਰਮੁਖਿ ਨਿਜ ਘਰਿ ਵਾਸੁ॥*
*ਅੰਗ - 1291*

ਫੇਰ ਆਪਣੇ ਘਰ ਵਿਚ ਵਾਸਾ ਹੋ ਗਿਆ, ਜਿਸ ਨੂੰ ਗੁਰੂ ਨੇ ਘਰ ਦਿਖਾ ਦਿੱਤਾ। ਮਹਾਰਾਜ ਜੀ ਕਹਿੰਦੇ ਇਹ ਘਰ ਐਵੇਂ ਹੀ ਨਹੀਂ ਮਿਲਦਾ –

*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥*
*ਅੰਗ - 1291*

ਕਹਿੰਦੇ, ਉਸ ਦੇ ਦਾਸ ਹਾਂ ਜਿਹੜਾ ਇਸ ਥਾਂ ਤੇ ਪਹੁੰਚ ਗਿਆ। ਸੋ ਇਹ ਗੁਰੂ ਦਿਖਾ ਸਕਦਾ ਹੈ ਜੇ ਇਸ ਦੀ ਵਿਚਾਰ ਕਰੀਏ ਤਾਂ ਬੜੀ ਲੰਮੀ ਹੈ ਸਾਧ ਸੰਗਤ ਜੀ! ਅਸੀਂ ਕਿਥੇ ਰਹਿ ਗਏ? ਕਦੇ ਵਿਚਾਰਿਆ ਵੀ ਕਰੋ, ਸੋਚਿਆ ਕਰੋ ਕਿ ਮੈਂ ਕੌਣ ਹਾਂ? ਪੰਜੇ ਤੱਤ ਜਿਹਨਾਂ ਦਾ ਸਰੀਰ ਨਜ਼ਰ ਆਉਂਦਾ ਹੈ, ਪੱਚੀ ਪ੍ਰਾਕਿਰਤੀਆਂ ਜਿਨ੍ਹਾਂ ਨਾਲ ਗਿਆਨ ਇੰਦ੍ਰੇ ਬਣੇ ਹੋਏ ਨੇ, ਕਰਮ ਇੰਦ੍ਰੇ ਬਣੇ ਹੋਏ ਨੇ ਤੇ ਪੰਜ ਪ੍ਰਾਣ – ਪ੍ਰਾਣ, ਸਮਾਨ, ਉਦਾਨ, ਬਿਆਨ, ਉਪਾਨ। ਪੰਜੇ ਪ੍ਰਾਣ ਪੰਜ ਕੰਮ ਕਰਦੇ ਨੇ। ਇਹ ਵੀ ਅਸੀਂ ਨਹੀਂ ਹਾਂ ਤੇ ਮਨ ਵੀ ਅਸੀਂ ਨਹੀਂ ਹਾਂ, ਬੁੱਧ ਵੀ ਨਹੀਂ ਤੇ ਚਿੱਤ ਵੀ ਨਹੀਂ। ਇਸ ਤੋਂ ਵੀ ਅਸੀਂ ਉਪਰ ਹਾਂ। ਉਸ ਤੋਂ ਨਿਆਰਾ ਸਾਡਾ ਦੇਖਣ ਵਾਲਾ ਹੈ। ਜਿਹੜਾ ਇਸ ਦੇ ਵਿਚ ਬੈਠ ਕੇ ਦੇਖ ਰਿਹਾ ਹੈ ਉਹ ਅਸੀਂ ਹਾਂ –

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ॥*
*ਅੰਗ - 441*

ਤਿੰਨ ਸਰੀਰ ਸਥੂਲ ਸਰੀਰ, ਸੂਖਮ ਸਰੀਰ, ਕਾਰਨ ਸਰੀਰ ਇਨ੍ਹਾਂ ਤਿੰਨਾਂ ਤੋਂ ਪਰ੍ਹੇ ਹਾਂ। ਤਿੰਨ ਗੁਣਾਂ, ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ ਤੋਂ ਪਰ੍ਹੇ ਤੁਰੀਆਂ ਅਵਸਥਾ ਵਿਚ ਰਹਿਣ ਵਾਲਾ, ਤਿੰਨ ਅਵਸਥਾਵਾਂ ਜਾਗ੍ਰਤ, ਸੁਪਨ, ਸਖੋਪਤ ਤੋਂ ਪਰ੍ਹੇ ਤੁਰੀਆਂ ਅਵਸਥਾ ਵਿਚ ਹੈ। ਪੰਜ ਕੋਸ਼ – ਅੰਨਮਈ ਕੋਸ਼, ਅੰਨ ਦਾ ਪੜਦਾ ਆਹ ਸਰੀਰ ਹੈ। ਇਸ ਦੇ ਅੰਦਰ ਮਨ ਜਿਹੜਾ ਹੈ ਉਸ ਦੇ ਵਿਚ ਪ੍ਰਾਣਮਈ ਕੋਸ਼, ਮਨੋਮਈ ਕੋਸ਼, ਵਿਗਿਆਨਮਈ ਕੋਸ਼ ਤਿੰਨ ਪੜਦੇ ਆ ਜਾਂਦੇ ਨੇ। ਉਸ ਤੋਂ ਬਾਅਦ ਜਿਹੜਾ ਘੂਕ ਨੀਂਦ ਹੈ ਉਸ ਨੂੰ ਅਨੰਦਮਈ ਕੋਸ਼ ਕਹਿੰਦੇ ਨੇ। ਪੰਜੇ ਕਲੇਸ਼ਾਂ ਤੋਂ ਪਰ੍ਹੇ, ਪੰਜੇ ਬਿਰਤੀਆਂ ਤੋਂ ਪਰ੍ਹੇ ਤਿੰਨੇ ਤਾਪ ਆਧੀ, ਬਿਆਧੀ, ਉਪਾਧੀ ਤੋਂ ਪਰ੍ਹੇ, ਪੰਜ ਚਿਤ ਦੀਆਂ ਬਿਰਤੀਆਂ ਮੂੜ੍ਹਤਾ, ਲੈਅਤਾ, ਸਿਮਰਤੀ ਆਦਿ ਤੋਂ ਪਰ੍ਹੇ, ਬਿਖਸ਼ੇਪਤਾ ਆਦਿ ਤੇ ਪੰਜ ਵਿਸ਼ੇ ਸਬਦ, ਸਪਰਸ਼, ਰੂਪ, ਰਸ, ਗੰਧ ਤੋਂ ਪਰ੍ਹੇ ਪੰਜੇ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਚਾਰ ਅਗਨੀਆਂ – **ਹੰਸ, ਹੇਤ, ਲੋਭ, ਕੋਪ** ਚਾਰੇ ਨਦੀਆਂ ਅੱਗ ਇਨ੍ਹਾਂ ਸਾਰਿਆਂ ਤੋਂ ਪਰ੍ਹੇ ਜਾ ਕੇ ਇਸੇ ਸਰੀਰ ਦੇ ਅੰਦਰ ਦੇਖਣ ਵਾਲਾ ਜਿਹੜਾ ਸਾਖੀ ਹੈ ਉਸ ਨੂੰ ਜੀਵ ਆਤਮਾ ਕਹਿੰਦੇ ਨੇ। 'ਜੀਵ' ਦੀ ਉਪਾਧੀ ਤਾਂ ਹੈ ਜੇ ਹੇਠਾਂ ਨੂੰ ਆਵੇ। ਜੇ ਉਪਰ ਨੂੰ ਜਾਵੇ ਤਾਂ ਜੀਵਪੁਣਾ ਲਹਿ ਜਾਂਦਾ ਹੈ ਤੇ ਇਸ ਨੂੰ ਆਤਮਾ ਕਹਿੰਦੇ ਨੇ। ਸੋ ਜਦੋਂ ਇਹ ਸਤਿ-ਚਿਤ-ਅਨੰਦ ਅਵਸਥਾ ਪ੍ਰਾਪਤ ਹੁੰਦੀ ਹੈ, ਪਰੀਪੂਰਨ, ਸਮਰੱਥ, ਨਿਰੰਜਨ ਤਾਂ ਇਹ ਅਵਸਥਾ ਮਿਲਦੀ ਹੈ। ਜੇ ਪਹਿਲਾਂ ਵੈਰਾਗ, ਬਿਬੇਕ, ਤਤਿਖਸ਼ਾ, ਮੋਕਸ਼ ਇੱਛਾ, ਸੁਣਨਾ, ਮੰਨਣਾ, ਨਿਧਿਆਸਣ ਰਾਹੀਂ ਜਿਹੜਾ ਆਤਮਾ ਨੂੰ ਸਾਖਸ਼ਾਤ ਕਰਾ ਦੇਵੇ ਉਸ ਨੂੰ ਗੁਰੂ ਕਹਿੰਦੇ ਨੇ। ਉਹ ਸਮਰੱਥ ਹੋਇਆ ਕਰਦਾ ਹੈ ਤੇ ਉਸ ਦੀ ਨਿਸ਼ਾਨੀ ਹੋਇਆ ਕਰਦੀ ਹੈ ਪੜ੍ਹੋ ਪਿਆਰ ਨਾਲ –

*ਭਾਵ ਅਰਥ - ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*
*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*

*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ।*
*ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥*
*ਭਾਈ ਗੁਰਦਾਸ ਜੀ ਦੀ ਵਾਰ 34/1*

ਪੂਰੇ ਸਤਿਗੁਰੂ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ, ਇਹ ਕਿਰਿਆ ਉਸ ਦੀ ਗੰਮਤਾਂ ਤੋਂ ਪਰ੍ਹੇ ਹੁੰਦੀ ਹੈ। ਸੋ ਐਸਾ ਸਤਿਗੁਰੂ ਜੇ ਮਿਲ ਜਾਵੇ ਕਿਉਂਕਿ ਕੱਚੇ ਗੁਰੂ ਵੀ ਹੁੰਦੇ ਨੇ, ਪਖੰਡੀ ਵੀ ਹੁੰਦੇ ਨੇ, ਵਿਦਵਾਨ ਗੁਰੂ ਵੀ ਹੁੰਦੇ ਨੇ, ਅਵਧੂਤ ਗੁਰੂ ਵੀ ਹੁੰਦੇ ਨੇ। ਦੂਜੇ ਮਾਇਨਿਆਂ ਵਿਚ ਗੱਡਾ ਗੁਰੂ ਵੀ ਹੁੰਦੇ ਨੇ, ਸ਼ਤੀਰ ਵੀ ਤੇ ਜਹਾਜ਼ ਗੁਰੂ ਵੀ ਹੁੰਦੇ ਨੇ। ਉਨ੍ਹਾਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ। ਸੋ ਪੂਰਾ ਗੁਰੂ ਮਿਲ ਜਾਵੇ।

ਗੁਰੂ ਦਸਵੇਂ ਪਾਤਿਸ਼ਾਹ ਮਹਾਰਾਜ ਜੀ ਸਾਬੋ ਕੀ ਤਲਵੰਡੀ ਨਿਵਾਸ ਰੱਖਦੇ ਨੇ। ਬਹੁਤ ਸੰਗਤਾਂ ਆਉਂਦੀਆਂ ਨੇ। ਉਥੇ ਡੱਲਾ ਜੋ ਉਸ ਇਲਾਕੇ ਦਾ ਸਰਦਾਰ ਸੀ ਉਹ ਬਹੁਤ ਸੇਵਾ ਕਰਦਾ ਹੈ। ਇਕ ਵਾਰ ਸਾਰੀ ਰਾਤ ਪਹਿਰਾ ਦੇਈ ਗਿਆ। ਮਹਾਰਾਜ ਜੀ ਜਦੋਂ ਬੁਲਾਉਣ ਕਿ ਕੌਣ ਹੈ ਪਹਿਰੇ ਤੇ? ਤਾਂ ਕਹਿੰਦਾ, 'ਜੀ ਮੈਂ ਡੱਲਾ।' ਬਾਰ ਬਾਰ ਪੁੱਛਿਆ ਤਾਂ ਇਕੋ ਉੱਤਰ ਆਇਆ। ਸਵੇਰੇ ਮਹਾਰਾਜ ਜੀ ਜਦੋਂ ਦੀਵਾਨ ਵਿਚ ਆ ਗਏ ਤੇ ਦੀਵਾਨ ਦੀ ਸਮਾਪਤੀ ਹੋਈ ਤਾਂ ਕਹਿਨ ਲੱਗੇ, "ਭਾਈ ਡੱਲਾ! ਤੇਰੀ ਸੇਵਾ ਤੋਂ ਅਸੀਂ ਬਹੁਤ ਪ੍ਰਸੰਨ ਹਾਂ, ਮੰਗ ਕੀ ਮੰਗਦਾ ਹੈ ਤੂੰ, ਤੈਨੂੰ ਗੁਰੂ ਨਾਨਕ ਸਾਹਿਬ ਤੋਂ ਦਵਾਈਏ।"

ਡੱਲਾ ਸੋਚੀ ਪੈ ਗਿਆ ਕਿ ਕੀ ਮੰਗਾ? ਸੋਚਦਾ ਹੈ ਕਿ ਜ਼ਮੀਨ ਤਾਂ ਮੇਰੇ ਕੋਲ ਬਹੁਤ ਹੈ, ਬਾਲ ਬੱਚੇ ਵੀ ਹਨ, ਪਸ਼ੂ ਵੀ ਬੇਅੰਤ ਨੇ, ਸਰੀਰ ਵੀ ਮੇਰਾ ਤੰਦਰੁਸਤ ਹੈ, ਪੈਸਾ ਟਕਾ ਵੀ ਮੇਰੇ ਕੋਲ ਬਹੁਤ ਹੈ।

ਸੋਚ ਸੋਚ ਕੇ ਕਹਿਣ ਲੱਗਿਆ, "ਪਾਤਿਸ਼ਾਹ! ਜੇ ਮੈਨੂੰ ਤੁਸੀਂ ਕੁਝ ਦੇਣਾ ਹੈ ਤਾਂ ਆਪਣੀ ਦਰਗਾਹ ਦੇ ਵਿਚ ਇਕ ਪੀੜ੍ਹੀ ਜੋਗਾ ਥਾਂ ਦੇ ਦਿਓ।"

ਮਹਾਰਾਜ ਜੀ ਚੁੱਪ ਕਰ ਗਏ, ਗੰਭੀਰ ਹੋ ਗਏ।

ਕਹਿੰਦਾ, "ਮਹਾਰਾਜ! ਮੈਂ ਲਾਲਚ ਨਹੀਂ ਕਰਿਆ ਸਿਰਫ ਇਕ ਪੀੜ੍ਹੀ ਜੋਗਾ ਥਾਂ ਆਪ ਦੀ ਦਰਗਾਹ ਵਿਚ ਮੰਗਿਆ ਹੈ।"

ਮਹਾਰਾਜ ਜੀ ਕਹਿੰਦੇ, "ਡੱਲਿਆ! ਦੁਨੀਆਂ ਮੰਗ ਲੈ ਤੈਨੂੰ ਬਾਦਸ਼ਾਹੀ ਦੁਆ ਦਿੰਦੇ ਹਾਂ, ਇਹ ਕੋਈ ਗੱਲ ਨਹੀਂ ਮਾਮੂਲੀ ਬਾਤ ਹੈ ਸਾਡੇ ਵਾਸਤੇ ਦਿੱਲੀ ਦਾ ਤਖਤ ਤੈਨੂੰ ਦੁਆਉਣਾ, ਰਿਧੀਆਂ ਸਿਧੀਆਂ ਦੇ ਭੰਡਾਰੇ ਮੰਗ ਲੈ, ਪੁੱਤਰ ਧੀਆਂ, ਪੁਸ਼ਤਾਂ ਤੱਕ ਸੁਖ ਮੰਗ ਲੈ ਜੋ ਮੰਗੇ ਸਭ ਦੇ ਦਿੰਦੇ ਹਾਂ ਪਰ ਪਿਆਰਿਆ! ਦਰਗਾਹ ਦੇ ਵਿਚ ਥਾਂ ਪੀੜ੍ਹੀ ਜੋਗਾ ਮੰਗਦਾ ਹੈ? ਜੇ ਤੂੰ ਸੂਈ ਦੇ ਨੱਕੇ ਜਿੰਨਾ ਥਾਂ ਵੀ ਮੰਗਦਾ ਤਾਂ ਐਨਾ ਵੀ ਅਸੀਂ ਤੈਨੂੰ ਦਰਗਾਹ ਵਿਚ ਨਹੀਂ ਦੇ ਸਕਦੇ।"

ਹੈਰਾਨ ਹੋ ਗਿਆ। ਕਹਿਣ ਲੱਗਿਆ, "ਪਾਤਿਸ਼ਾਹ! ਇਕ ਪਾਸੇ ਤੁਸੀਂ ਦੁਨੀਆਂ ਦਾ ਰਾਜ ਦਿੰਦੇ ਹੋ, ਹੋਰ ਰਿਧੀਆਂ ਸਿਧੀਆਂ ਸ਼ਕਤੀਆਂ ਦਿੰਦੇ ਹੋ ਤੇ ਕਿ ਪਾਸੇ ਤੁਸੀਂ ਕਹਿੰਦੇ ਹੋ ਕਿ ਦਰਗਾਹ ਵਿਚ ਥਾਂ ਨਹੀਂ ਮਿਲ ਸਕਦਾ।"

ਮਹਾਰਾਜ ਜੀ ਕਹਿੰਦੇ, "ਡੱਲਿਆ! ਤੇਰਾ ਤੇ ਸਾਡਾ ਸੰਬੰਧ ਅਜੇ ਜੁੜਿਆ ਨਹੀਂ ਹੈ। ਜਾਹ! ਕਿਸੇ ਗੁਰਸਿਖ ਤੋਂ ਪੁੱਛ ਲੈ ਇਹ ਗੱਲ।"

ਬਾਹਰ ਆ ਗਿਆ, ਚਿਹਰਾ ਉਦਾਸ ਹੈ।

ਗੁਰਸਿਖ ਨੇ ਪੁਛਿਆ, "ਭਾਈ! ਡੱਲਾ ਕੀ ਗੱਲ ਉਦਾਸੀ ਹੈ?"

ਸਾਰੀ ਵਾਰਤਾ ਦੱਸੀ ਕਿ ਗੁਰਸਿਖਾ! ਅੱਜ ਗੁਰੂ ਮੇਰੇ ਤੇ ਪ੍ਰਸੰਨ ਹੋਏ ਸੀ ਤੇ ਉਨ੍ਹਾਂ ਦੇ ਮੁੱਖ ਤੋਂ ਨਿਕਲਿਆ ਕਿ ਜੋ ਮੰਗੇਂ ਤੈਨੂੰ ਦੁਆ ਦਿੰਦੇ ਹਾਂ ਤੇ ਮੈਂ ਮੰਗਿਆ ਕਿ ਇਕ ਪੀੜ੍ਹੀ ਜੋਗਾ ਥਾਂ ਮੈਨੂੰ ਦਰਗਾਹ ਵਿਚ ਦੇ ਦਿਓ। ਮਹਾਰਾਜ ਜੀ ਨੇ ਜਵਾਬ ਦੇ ਦਿੱਤਾ ਤੇ ਨਾਲ ਇਹ ਕਹਿ ਦਿੱਤਾ ਕਿ ਡੱਲਿਆ! ਪੀੜ੍ਹੀ ਦਾ ਥਾਂ ਤਾਂ ਬਹੁਤਾ ਹੈ ਜੇ ਸੂਈ ਦੇ ਨੱਕੇ ਜਿੰਨਾ ਥਾਂ ਵੀ ਮੰਗਦਾ ਤਾਂ ਉਹ ਵੀ ਅਸੀਂ ਤੈਨੂੰ ਨਹੀਂ ਦੇ ਸਕਦੇ।

ਕਾਰਨ ਇਹ ਹੈ ਕਿ ਤੂੰ ਗੁਰੂ ਦਸਮੇਸ਼ ਪਿਤਾ ਨੂੰ ਆਪਣਾ ਗੁਰੂ ਧਾਰਨ ਨਹੀਂ ਕਰਿਆ, ਮੰਤਰ ਨਹੀਂ ਲਿਆ, ਜਦੋਂ ਤੱਕ ਮੰਤਰ ਨਹੀਂ ਲੈਂਦੇ ਤੁਸੀਂ ਕਿਸੇ ਦੇ ਚੇਲੇ ਨਹੀਂ ਬਣ ਸਕਦੇ। ਲੱਖ ਵਾਰੀ ਬਿਆਸਾ ਚਲੇ ਜਾਓ, ਰਾਧਾ ਸੁਆਮੀਆਂ ਦੇ ਚਲੇ ਜਾਓ ਜਦੋਂ ਤੱਕ ਉਨ੍ਹਾਂ ਦਾ ਨਾਮ ਨਹੀਂ ਲੈਂਦੇ ਉਦੋਂ ਤੱਕ ਰਾਧਾ ਸੁਆਮੀ ਤੁਹਾਨੂੰ ਕੋਈ ਨਹੀਂ ਕਹਿੰਦਾ। ਕਿਸੇ ਸੰਤ ਕੋਲ ਚਲੇ ਜਾਓ ਜਦੋਂ ਤੱਕ ਉਸ ਦਾ ਨਾਮ ਨਹੀਂ ਲੈਂਦੇ ਓਨੀ ਦੇਰ ਤੱਕ ਤੁਹਾਡਾ ਉਨ੍ਹਾਂ ਨਾਲ ਸੰਬੰਧ ਨਹੀਂ ਜੁੜਦਾ।

ਸੋ ਗੁਰੂ ਘਰ ਦੇ ਅੰਦਰ ਜੋ ਮਰਿਆਦਾ ਹੈ ਜਦੋਂ ਤੱਕ ਉਹ ਪੂਰੀ ਨਹੀਂ ਕਰਦੇ ਉਦੋਂ ਤੱਕ ਗੁਰੂ ਨਾਲ ਜੁੜ ਨਹੀਂ ਸਕਦੇ, ਗੁਰੂ ਗ੍ਰੰਥ ਸਾਹਿਬ ਨਾਲ, ਮਤਾਂ ਕਿਸੇ ਦੇ ਮਨ ਵਿਚ ਸ਼ੱਕ ਹੋਵੇ। ਇਹ ਸ਼ੱਕ ਕੱਢ ਦਿਓ ਦਿਲ ਦੇ ਵਿਚੋਂ ਕਿਉਂਕਿ ਗੁਰਬਾਣੀ ਨਹੀਂ ਇਹ ਬਾਤ ਕਹਿੰਦੀ, ਉਸ ਦੇ ਮਨ ਦੀ

ਮਨੌਤ ਇਹ ਬਾਤ ਕਹਿੰਦੀ ਹੈ।

ਸੋ ਉਸ ਵੇਲੇ ਜਦੋਂ ਉਸ ਨੇ ਇਹ ਪੁਛਿਆ ਕਿ ਕੀ ਗੱਲ? ਕਹਿੰਦੇ ਕਿ ਤੈਨੂੰ ਨਾਮ ਨਹੀਂ ਮਿਲਿਆ। ਕਹਿੰਦਾ, "ਨਾਮ ਤਾਂ ਮੈਂ ਜਾਣਦਾ ਹਾਂ। ਤੁਸੀਂ ਵਾਹਿਗੁਰੂ-ਵਾਹਿਗੁਰੂ ਕਰਦੇ ਹੋ, ਮੈਂ ਵੀ ਕਰੀ ਜਾਂਦਾ ਹਾਂ ਵਾਹਿਗੁਰੂ ਵਾਹਿਗੁਰੂ। ਮਾਲਾ ਵੀ ਫੇਰਦਾ ਹਾਂ ਮੈਂ ਬੈਠ ਕੇ, ਜੀਭ ਨਾਲ ਵੀ ਮੈਂ ਜਪਦਾ ਹਾਂ।"

ਕਹਿੰਦੇ, "ਡੱਲਿਆ! ਤੂੰ ਸੌ ਸਾਲ ਜਪੀਂ ਜਾਵੇ, ਗੁਰੂ ਵਾਲਾ ਇਕ ਘੜੀ ਜਪ ਲਏ ਇਸ ਦਾ ਮਹਾਤਮ ਬਹੁਤਾ ਹੁੰਦਾ ਹੈ। ਤੇਰੀ ਸੌ ਸਾਲ ਦੀ ਮਿਹਨਤ ਬਿਰਥਾ ਚਲੀ ਜਾਏਗੀ।"

ਕਹਿੰਦਾ, "ਮੈਂ ਗੁਰੂ ਮੰਨਦਾ ਹਾਂ ਇਨ੍ਹਾਂ ਨੂੰ।"

ਕਹਿੰਦੇ, "ਮੰਨਣ ਦਾ ਨਹੀਂ ਸੁਆਲ ਹੁੰਦਾ।"

ਕਹਿਣ ਲੱਗਿਆ, "ਮੇਰੇ ਬਜ਼ੁਰਗ ਵੀ ਗੁਰੂ ਮੰਨਦੇ ਸਨ, ਅਸੀਂ ਤਾਂ ਹਾਂ ਹੀ ਗੁਰੂਆਂ ਦੇ ਤੇ ਮਸੰਦਾਂ ਦੇ ਰਾਹੀਂ ਵੱਡੀਆਂ ਵੱਡੀਆਂ ਭੇਟਾਵਾਂ ਘੋੜੇ ਆਦਿ ਭੇਜਦੇ ਰਹੇ। ਕੀ ਅਸੀਂ ਅਜੇ ਗੁਰੂ ਦੇ ਹੀ ਨਹੀਂ ਬਣੇ?"

ਗੁਰਸਿਖ ਕਹਿੰਦਾ, "ਡੱਲਿਆ! ਤੇਰਾ ਦੁਨੀਆਂ ਦਾ ਸੰਬੰਧ ਹੈ, ਰੂਹਾਨੀ ਸੰਬੰਧ ਨਹੀਂ ਹੈ। ਰੂਹਾਨੀ ਸੰਬੰਧ ਓਨਾ ਚਿਰ ਗੁਰੂ ਨਹੀਂ ਪਾਉਂਦਾ ਜਿੰਨਾ ਚਿਰ ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਨਾ ਹੋਵੇ। ਜਦੋਂ ਗੁਰੂ ਨਾਮ ਦੇਵੇਗਾ ਤਾਂ ਇਥੇ ਵੀ ਸਹਾਈ ਹੋਏਗਾ ਤੇ ਦਰਗਾਹ ਵਿਚ ਵੀ ਸਹਾਇਤਾ ਕਰੇਗਾ। ਇਸ ਗੱਲ ਨੂੰ ਸਮਝਣ ਦਾ ਯਤਨ ਕਰ ਤੇ ਜਦੋਂ ਤੱਕ ਤੂੰ ਗੁਰੂ ਦੇ ਨਾਲ ਨਹੀਂ ਜੁੜਦਾ ਓਨੀ ਦੇਰ ਤੱਕ ਇਹ ਵਸਤ ਨਹੀਂ ਮਿਲਦੀ।"

ਉਸ ਨੇ ਬੜੇ ਸੁਖਾਲੇ ਢੰਗ ਦੇ ਨਾਲ ਇਸ ਭਾਵ ਨੂੰ ਪ੍ਰਗਟ ਕੀਤਾ -

***ਭਾਵ ਅਰਥ - ਜੇ ਮਿਲਣੈ ਕਲਗੀਆਂ ਵਾਲੇ ਨੂੰ,***
***ਜੇ ਮਿਲਣੈ ਵਾਜਾਂ ਵਾਲੇ ਨੂੰ, ਖੰਡੇ ਦਾ ਅੰਮ੍ਰਿਤ ਛਕ ਲੈ।***

***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰੁ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***
***ਭਾਈ ਗੁਰਦਾਸ ਸਿੰਘ ਵਾਰ 41/1***

ਕਹਿਣ ਲੱਗੇ, "ਡੱਲਿਆ! ਅੰਮ੍ਰਿਤ ਛੱਕਣ ਵਿਚ ਤੈਨੂੰ ਕੀ ਹਿੱਜ ਹੈ। ਇਹ ਤਾਂ ਗੁਰੂ ਮਹਾਰਾਜ ਗੁਰੂ ਦਸਮੇਸ਼ ਪਿਤਾ ਜੀ ਨੇ ਜਿਨ੍ਹਾਂ ਨੂੰ ਗੁਰੂ ਕਹਿੰਦਾ ਹੈਂ ਸਤਿਗੁਰੂ ਕਹਿੰਦਾ ਹੈਂ ਇਨ੍ਹਾਂ ਨੇ ਆਪ ਪੰਜ ਪਿਆਰਿਆਂ ਤੋਂ ਮੰਗ ਕੇ ਅੰਮ੍ਰਿਤ ਛਕਿਆ ਹੈ। ਜਦੋਂ ਗੁਰੂ ਸਾਹਿਬ ਆਪ ਛੱਕ ਸਕਦੇ ਨੇ ਤਾਂ ਅਸੀਂ ਕੀ ਹੁੱਜਤਾਂ ਕਰ ਸਕਦੇ ਹਾਂ। ਜਾਹ! ਅੰਮ੍ਰਿਤ ਛੱਕ ਲੈ, ਗੁਰੂ ਤੋਂ ਨਾਮ ਲੈ ਲੈ, ਫੇਰ ਪੀੜ੍ਹੀ ਜੋਗਾ ਥਾਂ ਕਿਉਂ ਮੰਗਦਾ ਹੈ ਮੁਰੱਬੇ ਰੋਕ ਲਈ ਦਰਗਾਹ ਦੇ ਵਿਚ ਕੋਈ ਤੋੜਾ ਹੈ।"

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਤੱਕ ਗੁਰੂ ਧਾਰਨ ਨਹੀਂ ਕੀਤਾ ਜਾਂਦਾ ਪੂਰੀ ਵਿਧੀ ਦੇ ਨਾਲ। ਗੁਰੂ ਘਰ ਦੇ ਅੰਦਰ ਨੌ ਪਾਤਿਸਾਹੀਆਂ 'ਚਰਨ ਅੰਮ੍ਰਿਤ' ਦੇ ਕੇ ਨਾਮ ਦਿਆ ਕਰਦੇ ਸਨ ਗੁਰੂ ਦਸ਼ਮੇਸ਼ ਪਿਤਾ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ, ਸ਼ਬਦ ਗੁਰੂ ਓਅੰਕਾਰ ਦਾ ਸਾਕਾਰ ਸਰੂਪ ਗੁਰੂ ਗ੍ਰੰਥ ਸਾਹਿਬ ਦੱਸਿਆ ਹੈ। ਹੈ ਤਾਂ ਸਾਰਾ ਹੀ ਪਸਾਰਾ ਓਅੰਕਾਰ ਦਾ, ਧੁਨ ਦਾ, ਸ਼ਬਦ ਦਾ, ਸ਼ਬਦ ਬ੍ਰਹਮ ਦਾ ਜੇ ਸ਼ੁਧ ਰੂਪ ਕੋਈ ਹੈ ਤਾਂ ਗੁਰੂ ਗ੍ਰੰਥ ਸਾਹਿਬ ਹੈ ਬਾਕੀਆਂ ਦੇ ਵਿਚ ਮਾਇਆ ਦੀ ਮਿਲਾਵਟ ਪਈ ਹੋਈ ਹੈ। ਸਾਡੇ ਸਰੀਰ ਤਾਂ ਹੈ ਹੀ ਸਭ ਮਾਇਆ ਦੇ। ਹਾਂ ਤਾਂ ਅਸੀਂ ਵੀ ਉਸੇ ਦਾ ਸਰੂਪ ਪਰ ਬਿਲਕੁਲ ਮੈਲ ਸਰੂਪ ਹਾਂ। ਇਹ ਸ਼ੁਧ ਸਰੂਪ ਹੈ -

***ਧੁਰ ਕੀ ਬਾਣੀ ਆਈ॥ ਅੰਗ - 628***

ਧੁਰ ਦਰਗਾਹ ਤੋਂ -

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥ ਅੰਗ - 722***

ਪ੍ਰਮੇਸ਼ਰ ਦਾ ਸਾਕਾਰ ਸਰੂਪ ਗੁਰੂ ਗ੍ਰੰਥ ਸਾਹਿਬ ਹੈ ਜਦੋਂ ਇਨ੍ਹਾਂ ਨੂੰ ਗੁਰੂ ਮੰਨੋਗੇ ਉਸ ਵੇਲੇ ਨਾਮ ਦੀ ਦਾਤ ਪੰਜ ਪਿਆਰੇ ਇਕੱਠੇ ਹੋ ਕੇ ਇਕ ਜ਼ੁਬਾਨ ਹੋ ਕੇ ਦਿੰਦੇ ਨੇ। ਅੰਮ੍ਰਿਤ ਕੋਈ ਐਵੇਂ ਹੀ ਚੀਜ਼ ਨਹੀਂ ਹੋਇਆ ਕਰਦੀ ਕਿ ਮਿੱਠਾ ਪਾਣੀ ਪੀ ਲੈਣਾ, ਇਸ ਦੇ ਵਿਚ ਸ਼ਕਤੀ ਹੈ ਸਾਧ ਸੰਗਤ ਜੀ! ਪ੍ਰਤਿਆ ਪ੍ਰਤਿਆ ਕੇ ਦੇਖੀਆਂ ਹੋਈਆਂ ਨੇ ਹੁਣ ਸਮਾਂ ਨਹੀਂ ਹੈ, ਮੈਂ ਕਹਿ ਨਹੀਂ ਸਕਦਾ। ਜੇ ਹੋਇਆ ਤਾਂ ਕੱਲ੍ਹ ਨੂੰ ਵਿਚਾਰ ਕਰਾਂਗੇ।

ਸੋ ਗੁਰੂ ਦਸਮੇਸ਼ ਪਿਤਾ ਨੇ ਖੰਡੇ ਬਾਟੇ ਦਾ ਅੰਮ੍ਰਿਤ ਦੇ ਕੇ ਸੰਤ ਨੂੰ ਸਿਪਾਹੀ ਦਾ ਵੀ ਕੰਮ ਨਾਲ ਹੀ ਸੌਂਪ ਦਿੱਤਾ ਤੇ ਨਾਲ ਖਾਲਸੇ ਦੀ ਪਦਵੀ ਦੇ ਦਿੱਤੀ -

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)***

ਖਾਲਸਾ ਕੌਣ ਹੈ?

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ 'ਚੋਂ)***

*ਪੂਰਨ ਜੋਤ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ॥*
*(ਖਾਲਸਾ)*

ਨਹੀਂ ਤਾਂ ਸੰਸਾਰ ਨਿਖਾਲਸਾ ਦਾ ਤੁਰਿਆ ਫਿਰਦਾ ਹੈ। ਖਾਲਸਾ ਤਾਂ ਹੈ ਜੇ ਪੂਰਨ ਬ੍ਰਹਮ ਗਿਆਨ ਦੀ ਜੋਤ ਜਗ ਪਵੇ, ਪੰਜੇ ਭਰਮਾਂ ਦਾ ਨਾਸ਼ ਹੋ ਜਾਵੇ। ਉਹ ਖਾਲਸਾ ਬਣਾ ਦਿੱਤਾ ਤੇ ਨਾਲ ਉਸ ਨੂੰ ਸੇਵਾ ਦੇ ਦਿੱਤੀ –

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*
*(ਸਰਬ ਲੋਹ ਗ੍ਰੰਥ 'ਚੋਂ)*

ਉਹ ਆਦਰਸ਼ ਅਕਾਲ ਪੁਰਖ ਦਾ ਇਸ ਮਨੁੱਖ ਦੇ ਅੰਦਰ ਭਰਪੂਰ ਕਰ ਦਿੱਤਾ।

ਧਰਤੀ ਵਿਚ ਪਾਣੀ ਹੈ ਪਰ ਪਾਣੀ ਪੀਤਾ ਨਹੀਂ ਜਾ ਸਕਦਾ, ਕੱਢਿਆ ਨਹੀਂ ਜਾ ਸਕਦਾ ਜਦੋਂ ਤੱਕ ਬੋਰ ਨਾ ਕਰੋ। ਪਹਿਲਾਂ ਬੋਰ ਕਰਦੇ ਹਾਂ ਫੇਰ ਹੇਠਾਂ ਫਿਲਟਰ ਪਾਉਂਦੇ ਹਾਂ, ਫੇਰ ਨਾਲਾਂ (ਪਾਈਪਾਂ) ਪਾਉਂਦੇ ਹਾਂ ਫੇਰ reflex volve ਲਾਉਂਦੇ ਹਾਂ ਫੇਰ ਉਪਰ ਆ ਕੇ ਪੱਖਾ ਲਾਉਂਦੇ ਹਾਂ ਫੇਰ ਉਸ ਤੋਂ ਬਾਅਦ ਮੋਟਰ ਵਗੈਰਾ ਲਾ ਕੇ ਬਿਜਲੀ ਛੱਡਦੇ ਹਾਂ। ਜਦੋਂ ਬਟਨ ਦਬਦੇ ਹਾਂ ਉਸ ਵੇਲੇ ਪਾਣੀ ਨਹੀਂ ਆਉਂਦਾ ਚਾਹੇ ਸੌ ਸਾਲ ਬਟਨ ਦਬੀ ਰੱਖੋ ਪਾਣੀ ਨਹੀਂ ਆਏਗਾ। ਪਾਣੀ ਸਾਨੂੰ ਬਾਹਰੋਂ ਪਾਉਣਾ ਪੈਂਦਾ ਹੈ ਅੰਦਰ। ਜਦੋਂ ਬਾਹਰੋਂ ਪਾਵਾਂਗੇ ਤਾਂ reflex volve ਤੱਕ ਨਾਲ ਭਰ ਜਾਏਗੀ, ਉਨਾ ਹੀ ਪਾਣੀ ਉੱਚਾ ਆ ਜਾਏਗਾ। ਫੇਰ ਦੂਜੀ ਵਾਰ ਪਾਵਾਂਗੇ ਤਾਂ ਹੋਰ ਉੱਚਾ ਆ ਜਾਏਗਾ। ਫੇਰ ਪਾਵਾਂਗੇ ਪਾਣੀ ਤਾਂ ਹੇਠਲਾ ਪਾਣੀ ਹੋਰ ਉੱਚੀ ਆ ਜਾਏਗਾ ਜਦੋਂ reflex ਤੱਕ ਭਰ ਗਿਆ ਫੇਰ ਪਾਣੀ ਦੀ ਲਗਾਤਾਰ ਰੌ ਤੁਰ ਪੈਂਦੀ ਹੈ। ਫੇਰ ਹਰ ਵਾਰ ਪਾਣੀ ਪਾਉਣ ਦੀ ਲੋੜ ਨਹੀਂ ਪਾਣੀ ਆਪਣੇ ਆਪ ਆਉਂਦਾ ਰਹੇਗਾ। ਇਸੇ ਤਰ੍ਹਾਂ ਮਹਾਰਾਜ ਜੀ ਕਹਿੰਦੇ –

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥*
*ਅੰਗ - 644*

ਅੰਮ੍ਰਿਤ ਅੰਦਰ ਸੀ ਸਾਡੇ ਸਾਰਿਆਂ ਦੇ ਪਰ ਉਹ ਖੋਜਦੇ ਬਾਹਰ ਸੀ –

*ਸੁਰਿ ਨਰ ਸੁਰਿ ਨਰ ਮੁਨਿ ਜਨ ਸਹਜਿ ਵਖਾਣੀ ਰਾਮ॥*
*ਸਹਜੇ ਵਖਾਣੀ ਅਮਿਉ ਬਾਣੀ ਚਰਣ ਕਮਲ ਰੰਗੁ ਲਾਇਆ॥*
*ਜਪਿ ਏਕੁ ਅਲਖੁ ਪ੍ਰਭੁ ਨਿਰੰਜਨੁ ਮਨ ਚਿੰਦਿਆ ਫਲੁ ਪਾਇਆ॥*
*ਅੰਗ - 453*

ਉਹ ਗੁਰੂ ਨੇ ਅੰਦਰੋਂ ਅੰਮ੍ਰਿਤ ਪ੍ਰਗਟ ਕਰ ਦਿੱਤਾ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - 293*

ਹੋਰ ਸਪਸ਼ਟ ਕਰਦੇ ਨੇ ਮਹਾਰਾਜ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਅੰਗ - 538*

ਗੁਰੂ ਦੀ ਮੱਤ ਧਾਰਨ ਕਰਨ ਨਾਲ ਸਾਨੂੰ ਇਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ।

*ਭਾਵ ਅਰਥ - ਸੁਣ ਮੇਰੇ ਮਨਾ ਅੰਮ੍ਰਿਤ ਹਰਿ ਹਰਿ ਨਾਮ ਹੈ।*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਅੰਗ - 538*

ਜਦੋਂ ਗੁਰੂ ਗ੍ਰੰਥ ਸਾਹਿਬ ਦੀ ਮਤ ਨੂੰ ਧਾਰਨ ਕਰਾਂਗੇ ਫੇਰ ਇਸ ਅੰਮ੍ਰਿਤ ਦਾ ਪ੍ਰਵਾਹ ਅੰਦਰੋਂ ਲਗਾਤਾਰ ਚਲਦਾ ਰਹਿੰਦਾ ਹੈ।

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ............॥*
*ਅੰਗ - 538*

ਹਉਮੈ ਮਾਇਆ, ਭੁੱਲ, ਅਵਿਦਿਆ ਇਹ ਸਭ ਜ਼ਹਿਰ ਹੈ, ਬਿਖ ਹੈ। ਆਦਮੀ ਮੂਰਛਤ ਹੋ ਗਿਆ। ਇਸ ਨੂੰ ਪਤਾ ਨਹੀਂ ਲਗਦਾ ਆਪਣੇ ਆਪ ਦਾ। ਇਹ ਸੁਰਤ ਵਿਚ ਕਿਵੇਂ ਆਏਗਾ ਫੇਰ, ਕਹਿੰਦੇ –

*........... ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥*
*ਅੰਗ - 538*

ਜਦੋਂ ਬਾਹਰੋਂ ਅੰਮ੍ਰਿਤ ਪਾ ਕੇ ਅੰਦਰ ਪ੍ਰਗਟ ਕਰ ਲਿਆ ਉਸ ਵੇਲੇ ਫੇਰ ਇਹ ਵਿਹੁ ਲਹਿ ਜਾਏਗੀ। ਸੋ ਗੁਰੂ ਘਰ ਦੇ ਵਿਚ ਗੁਰੂ ਧਾਰਨ ਦੀ ਜੋ ਰੀਤੀ ਹੈ, ਉਹ ਤਾਂ ਸਾਧ ਸੰਗਤ ਜੀ! ਅੰਮ੍ਰਿਤ ਛੱਕਣ ਤੇ ਹੀ ਪੂਰੀ ਹੁੰਦੀ ਹੈ। ਜੇ ਕੋਈ ਕਹੇ ਕਿ ਮੈਂ ਸਹਿਜਧਾਰੀ ਸਿੱਖ ਰਹਿ ਜਾਵਾਂਗਾ। ਸਹਿਜਧਾਰੀ ਸਿੱਖਾਂ ਦਾ ਤਬਕਾ ਹੈ ਉਹ ਹੌਲੀ ਹੌਲੀ ਏਧਰ ਨੂੰ ਆ ਜਾਣਗੇ। ਜਿਹੜੇ ਬਾਕੀ ਨੇ ਕਹਿੰਦੇ –

*ਧਰੇ ਕੇਸ ਪਾਹੁਲ ਬਿਨ ਮੂਰਖ ਭੇਖੀ ਸਿਖ॥*

ਕਹਿੰਦੇ ਉਹ ਤਾਂ ਮੂਰਖ ਹੈ ਤੇ ਨਾਲੇ ਭੇਖੀ ਹੈ, ਸਿੱਖ ਬਣ ਕੇ ਦਿਖਾਉਂਦਾ ਹੈ। ਤੂੰ ਤਾਂ ਸਿੱਖ ਹੈ ਹੀ ਨਹੀਂ, ਤੇਰਾ ਸਿਖੀ ਨਾਲ ਕੀ ਵਾਸਤਾ, ਮੱਥਾ ਟੇਕੀ ਜਾਂਦਾ ਹੈ, ਟੇਕੀ ਜਾਹ। ਪਾਠ ਕਰੀ ਜਾਂਦਾ ਹੈ, ਕਰੀ ਜਾਹ, ਦਾਨ ਕਰੀ ਜਾਹ ਤੇਰਾ ਵਾਸਤਾ ਨਹੀਂ ਗੁਰੂ ਨਾਲ, ਤੂੰ ਗੁਰੂ ਦਾ ਤਾਂ ਬਣਿਆ ਨਹੀਂ ਅਜੇ। ਨਾ ਹਠ ਕਰੋ ਇਨ੍ਹਾਂ ਗੱਲਾਂ ਦੇ ਅੰਦਰ। ਗੁਰੂ ਦੀ ਸ਼ਰਨ ਜਿੰਨੀ ਛੇਤੀ ਪੈ ਜਾਈਏ ਓਨਾ ਹੀ ਚੰਗਾ ਹੈ ਪਤਾ ਨਹੀਂ ਮੌਤ ਕਿਹੜੇ ਵੇਲੇ ਆ ਜਾਵੇ।

ਆਹ ਬਡਹੇੜੀ ਅਸੀਂ ਅੰਮ੍ਰਿਤ ਛਕਾਇਆ ਕਈ

ਸਾਲ ਦੀ ਗੱਲ ਹੈ। ਉਥੇ ਇਕ ਪ੍ਰੇਮੀ ਸਰਵਣ ਦਾਸ ਦੇ ਮਕਾਨ ਵਿਚ ਰਿਹਾ ਕਰਦਾ ਸੀ। ਉਹ ਅੰਮ੍ਰਿਤ ਛੱਕਣ ਤੋਂ ਇਕ ਹਫਤਾ ਬਾਅਦ ਚੜ੍ਹਾਈ ਕਰ ਗਿਆ। ਸੁੱਤਾ ਇਸ ਨੂੰ ਸੁਪਨੇ ਵਿਚ ਆ ਕੇ ਮਿਲਿਆ, ਸ਼ਾਇਦ ਉਸ ਦਾ ਨਾਂ ਇਕਬਾਲ ਸਿੰਘ ਸੀ। ਕਹਿੰਦਾ ਮੈਂ ਤਾਂ ਜਾ ਰਿਹਾ ਹਾਂ। ਇਸ ਦੀ ਸੁਰਤ ਉਥੇ ਪਹੁੰਚ ਗਈ ਜਿਥੇ ਬਡਹੇੜੀ ਦੇ ਚੌਂਕ ਵਿਚ ਦੁਰਘਟਨਾ ਹੋਈ ਸੀ। ਚਾਰ ਵਜੇ ਦਾ ਸਮਾਂ ਤੇ ਦੇਖਿਆ ਕਿ ਸਰੀਰ ਦੇ ਵਿਚੋਂ ਉਠ ਰਿਹਾ ਹੈ ਤੇ ਕਹਿੰਦਾ ਮੈਂ ਤਾਂ ਜਾ ਰਿਹਾ ਹਾਂ। ਉਸ ਨੇ ਪੁੱਛਿਆ, "ਇਹ ਕੌਣ ਨੇ?"

ਕਹਿੰਦਾ, "ਇਹ ਮੇਰੇ ਸਤਿਗੁਰੂ ਮੈਨੂੰ ਲੈਣ ਆਏ ਨੇ।"

ਇਹ ਉਠ ਕੇ ਬੈਠ ਗਿਆ। ਸੁਪਨਾ ਟੁੱਟ ਗਿਆ ਤੇ ਜਦੋਂ ਥੋੜ੍ਹਾ ਜਿਹਾ ਦਿਨ ਚੜ੍ਹਿਆ ਉਨ੍ਹਾਂ ਦੇ ਘਰ ਆਵਾਜ਼ ਮਾਰੀ, ਉਹ ਨਾਲ ਹੀ ਰਹਿੰਦੇ ਸਨ। ਬੀਬੀ ਨੇ ਜਵਾਬ ਦਿੱਤਾ ਕਿ ਉਹ ਤਾਂ ਰਾਤ ਦੇ ਆਏ ਹੀ ਨਹੀਂ। ਕਹਿੰਦੇ, "ਬੀਬੀ! ਮੈਨੂੰ ਦ੍ਰਿਸ਼ਟਾਂਤ ਦਿਖਾਈ ਦਿੱਤਾ ਹੈ ਕਿ ਉਸ ਦਾ ਹਾਦਸਾ ਹੋ ਗਿਆ ਹੈ। ਉਸੇ ਵੇਲੇ ਜਦੋਂ ਉਥੇ ਚਲ ਕੇ ਗਏ ਤਾਂ ਹਾਦਸਾ ਹੋਇਆ ਪਿਆ ਸੀ। ਅਜੇ ਗੁਰੂ ਦਾ ਬਣਿਆ ਹੀ ਹੈ ਗੁਰੂ ਨੇ ਉਸੇ ਵੇਲੇ ਸੰਭਾਲ ਲਿਆ। ਸੋ ਇਸ ਤਰ੍ਹਾਂ ਦੇ ਨਾਲ ਪਤਾ ਨਹੀਂ ਹੁੰਦਾ ਸਾਧ ਸੰਗਤ ਜੀ! ਜਿੰਨੀ ਛੇਤੀ ਗੁਰੂ ਦੇ ਲੜ ਲੱਗ ਜਾਈਏ ਜਿਹੜੇ ਰਹਿੰਦੇ ਨੇ। ਵੈਸੇ ਇਥੇ ਸਾਢੇ ਚਾਰ ਹਜ਼ਾਰ ਨੂੰ ਅਸੀਂ ਇਥੇ ਅੰਮ੍ਰਿਤ ਛਕਾ ਚੁੱਕੇ ਹਾਂ ਚੰਡੀਗੜ੍ਹ ਵਿਚ, ਬਾਹਰ ਪੰਜਾਹ ਹਜ਼ਾਰ ਦੇ ਕਰੀਬ ਛਕਾ ਦਿੱਤਾ ਹੋਏਗਾ। ਸੋ ਫੇਰ ਵੀ ਬਹੁਤ ਸਾਰੇ ਰਹਿ ਜਾਂਦੇ ਨੇ, ਸੋਚਦੇ ਰਹਿ ਜਾਂਦੇ ਨੇ, ਗੁਰੂ ਧਾਰਨ ਕਰੋ।

ਸੋ ਇਸ ਗੁਰੂ ਧਾਰਨ ਦੀ ਗੱਲ ਜਦੋਂ ਬਾਬਾ ਅਮਰਦਾਸ ਜੀ ਨਾਲ ਉਸ ਬ੍ਰਹਮਚਾਰੀ ਨੇ ਕਰੀ ਜੋ ਦਰਦ ਉਨ੍ਹਾਂ ਦੇ ਮਨ ਵਿਚ ਹੋਇਆ, ਜੋ ਉਸ ਦੇ ਬੋਲ ਸੀ ਉਹ ਉਨ੍ਹਾਂ ਦੇ ਕੰਨਾਂ ਵਿਚ ਬੋਲਦੇ ਰਹੇ। ਉਸ ਦਾ ਕੱਲ੍ਹ ਨੂੰ ਵਿਚਾਰ ਕਰਾਂਗੇ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ ਜਿਹੜੇ ਅਜੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

-ਅਨੰਦ ਸਾਹਿਬ-

-ਗੁਰ ਸਤੋਤਰ-

(ਪੰਨਾ 36 ਦੀ ਬਾਕੀ)

ਅਨੁਸਾਰ ਨੰਬਰ 1, 2, 7, 10, 12, 23, 28, 30, 31, 34, 36, 37, 39, 40, 41, 43, 44, ਸਤਾਰਾਂ ਸੱਜਣ ਤਾਂ ਸ਼ਾਹੀ ਐਲਾਨ ਅਨੁਸਾਰ ਰਿਹਾ ਹੋ ਗਏ ਅਤੇ ਨੰਬਰ ਸਤਾਰਾਂ ਪਹਿਲਾਂ ਹੀ ਛੁਟ ਚੁਕਾ ਸੀ। ਨੰਬਰ ਸੋਲਾਂ ਜੇਲ੍ਹ ਵਿਚ ਹੀ ਚਲਾਣਾ ਕਰ ਗਿਆ ਅਤੇ ਨੰਬਰ 5, 25, 33 ਹਰਨ-ਰਿਹਾ ਹੋ ਗਏ ਸਨ। ਸੋ 13, 14, 15, 21, 22, 24, 26, 27, 29, 42 ਨੰਬਰਾਂ ਵਾਲੇ ਸਾਥੀ ਭਗੌੜਿਆਂ ਵਿਚੋਂ ਸਨ, ਜੋ ਫੇਰ ਵਾਪਸ ਆ ਗਏ ਸੀ। ਬਾਕੀ ਅਸੀਂ ਅੱਠ ਸਾਥੀ ਸਾਂ ਅਰਥਾਤ ਦਾਸ ਅਤੇ ਨੰਬਰ 9, 18, 19, 20, 32, 35, 38। ਇਨ੍ਹਾਂ ਅੱਠਾਂ ਵਿਚੋਂ ਦਾਸ ਤਾਂ ਇਉਂ ਛੁਟਣੋਂ ਰਹਿ ਗਿਆ ਆਖਦੇ ਹਨ ਕਿ ਮੇਰੇ ਉਤੇ ਭਗੌੜਿਆਂ ਨੂੰ ਭਜਾਉਣ ਦਾ ਇਲਜ਼ਾਮ ਲੱਗਾ ਸੀ। ਸੋ ਮੈਂ ਤਾਂ ਇਸ ਇਲਜ਼ਾਮ ਦਾ ਸ਼ਿਕਾਰ ਹੋ ਗਿਆ। ਬਾਕੀ ਸੱਤਾਂ ਵਿਚੋਂ ਨੰਬਰ 19 ਤੇ 38 ਫੌਜੀ ਖਤਰਨਾਕਾਂ ਵਿਚ ਸਮਝੇ ਗਏ। ਨੰਬਰ 18, 35 ਫਾਂਸੀ ਟੁੱਟੀ ਵਾਲੇ ਸਨ। (ਨੋਟ - ਫਾਂਸੀ ਦੀ ਸਜ਼ਾ ਟੁੱਟੀਆਂ ਵਾਲਿਆਂ ਵਿਚੋਂ ਸਿਵਾਏ ਭਾਈ ਪਰਮਾਨੰਦ ਦੇ ਸ਼ਾਹੀ ਐਲਾਨ ਦੁਆਰਾ ਹੋਰ ਕੋਈ ਨਹੀਂ ਛੁਟਿਆ) ਅਤੇ ਨੰ. 9, 20, 32 ਏਸ ਕਰਕੇ ਛੁਟਣੋਂ ਰਹਿ ਗਏ ਆਖਦੇ ਹਨ ਕਿ ਇਨ੍ਹਾਂ ਉਤੇ ਪੁਲਟੀਕਲ ਡਾਕਿਆਂ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਸਨ। ਸੋ ਬਹੁਤ ਸਾਰੇ ਗੁਰਬਾਣੀ ਪਾਠਾਂ ਦੇ ਪਰਵਾਹ ਚਲਾਉਣ ਹਾਰੇ ਅਨੰਦੀ ਦਾਤੇ ਮੇਰੇ ਵੀਰ ਭਾਈ ਅਤਰ ਸਿੰਘ ਸਾਰਖੇ ਸਜਣ ਰਿਹਾ ਹੋ ਗਏ। ਇਸ ਕਰਕੇ ਸਤਿਸੰਗ ਅਖਾੜੇ ਦੀ ਉਹ ਗਹਿਮਾ ਗਹਿਮ ਤਾਂ ਚਾਹੇ ਨਾ ਰਹੀ ਪ੍ਰੰਤੂ ਫੇਰ ਭੀ ਮੇਰੇ ਪਾਠ ਦਾ ਪਰਵਾਹ ਦਾ ਖਾਸ ਅਨੰਦ ਬਖਸ਼ਣ ਵਾਲੇ ਉਪਕਾਰੀ ਜਨ ਮੇਰੇ ਨਾਲ ਰਹਿ ਹੀ ਗਏ। ਵੀਰ ਕਰਤਾਰ ਸਿੰਘ ਜੀ ਦਾ ਤਾਂ ਅਜੇਹਾ ਜੋਗ ਸੰਜੋਗ ਜੁੜਿਆ ਕਿ ਜਦ ਤਾਈਂ ਦਾਸ ਬੰਦੀਖਾਨਿਆਂ ਅੰਦਰ ਰਿਹਾ ਤਦ ਤਾਈਂ ਮੂੜ ਮੈਥੋਂ ਵਿਛੋੜਾ ਹੀ ਨਹੀਂ ਹੋਇਆ। ਜਿਥੇ ਜਿਥੇ ਜਿਸ ਜਿਸ ਜੇਲ੍ਹ ਵਿਚ ਦਾਸ ਦੀ ਬਦਲੀ ਹੋਈ ਤਿਥੇ ਤਿਥੇ ਹੀ ਮੇਰੇ ਸੰਗ ਸਾਥ ਗਏ। ਇਹ ਕੋਈ ਪੂਰਬਲਾ ਸੰਜੋਗ ਸੀ ਜਿਸ ਕਰਕੇ ਸਤਿਸੰਗ ਮੀਤ ਮਿਲਾਪ ਐਥੇ ਜੇਲ੍ਹਾਂ ਅੰਦਰ ਹੀ ਭੁਗਤਣਾ ਸੀ।

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਸੰਨਿ॥***

ਗੁਰਵਾਕ ਦੇ ਭਾਵ ਵਾਲਾ ਅਜਬ ਜੋਗ ਸੰਜੋਗ ਇਸ ਸਜਣ ਸੇਤੀ ਬਣਿਆ।

# ਸੁਭਾਗ ਜੀ ਦਾ ਸੁਧਾਰ
# ਹੱਥੀਂ
# ਬਾਬਾ ਨੌਧ ਸਿੰਘ ਜੀ

***ਡਾ. ਭਾਈ ਵੀਰ ਸਿੰਘ ਜੀ***

## 17.

ਬਾਬੇ ਦੇ ਘਰ ਵਡੇ ਵਿਹੜੇ ਵਿਚ ਇਕ ਧ੍ਰੇਕ ਦਾ ਬੂਟਾ ਸੀ, ਜਿਸਦੀ ਠੰਢੀ ਛਾਵੇਂ ਦੁਇ ਜਣੀਆਂ ਬੈਠੀਆਂ ਉੱਪਰਲੀ ਗਲ ਬਾਤ ਕਰ ਰਹੀਆਂ ਸਨ ਕਿ ਤਾਬੋ ਅਰੈਣ ਦੌੜੀ ਦੌੜੀ ਵਿਹੜੇ ਵਿਚ ਆ ਗਈ ਤੇ ਆ ਕੇ ਇਕ ਦੁਹੱਥੜ ਛਾਤੀ ਤੇ ਮਾਰਕੇ ਸੁਭਾਗ ਦੇ ਪੈਰਾਂ ਤੇ ਢਹਿ ਪਈ ਤੇ ਕੁਰਲਾਕੇ ਬੋਲੀ – ਨੀਂ ਬੱਚੀਏ! ਰੱਖ ਲੈ ਨੀਂ ਧੀਏ! ਅਸੀਂ ਮਾਰੇ ਗਏ।

ਬਿਆਕੁਲ ਹੋਈ ਤਾਬੋ "ਮਾਰੇ ਗਏ" "ਮਾਰੇ ਗਏ" ਆਖੀ ਜਾਵੇ ਤੇ ਗੁੱਸੇ ਗਮ ਦੇ ਵੇਗ ਵਿਚ ਗੱਲ ਨਾ ਦੱਸ ਸਕੇ। ਸੁਭਾਗ ਜੀ ਨੇ ਉੱਠਕੇ ਅੰਦਰੋਂ ਪਾਣੀ ਆਂਦਾ, ਮੂੰਹ ਤੇ ਛੱਟੇ ਮਾਰੇ, ਦੋ ਘੁੱਟ ਪਿਲਾਇਆ ਤੇ ਆਖਿਆ, "ਤਾਬੋ! ਪਿੱਟ ਰੋ ਨਾ, ਆਪਣਾ ਹਾਲ ਦੱਸ। ਕੋਈ ਦੁੱਖ ਨਹੀਂ ਜਿਸ ਦਾ ਦਾਰੂ ਨਹੀਂ, ਕੋਈ ਮੁਸ਼ਕਲ ਨਹੀਂ ਜਿਸਦਾ ਤੋੜ ਨਹੀਂ, ਪਰ ਹੱਥ ਵਾਹਿਗੁਰੂ ਦੇ ਹੈ। ਤੂੰ ਜੇਰਾ ਕਰ ਤੇ ਗੱਲ ਦੱਸ।" ਬ੍ਰਿਸਟਰਾਣੀ ਇਸ ਵੇਲੇ ਬੜੇ ਗੁੱਸੇ ਵਿਚ ਸੀ, ਉਸ ਨੂੰ ਸੁਭਾਗ ਦੀਆਂ ਗੱਲਾਂ ਦਾ ਸੁਆਦ ਆ ਰਿਹਾ ਸੀ, ਬੇਮਲੂੰਮਾ ਉਸ ਦਾ ਮਨ ਟਿਕ ਰਿਹਾ ਸੀ ਤੇ ਸਮਝ ਦੇ ਰਸਤੇ ਜੋ ਅੰਮ੍ਰਿਤ ਅੰਦਰ ਜਾ ਰਿਹਾ ਸੀ ਓਹ ਮਗਨ ਕਰ ਰਿਹਾ ਸੀ, ਅਚਾਨਕ ਜੋ ਆਕੇ ਭੰਗ ਪਿਆ ਤੇ ਭੰਗ ਭੀ ਗੁੱਸੇ ਗੰਮ ਦੇ ਬਲਦੇ ਮੁਆਤੇ ਨੇ ਆਕੇ ਪਾਇਆ, ਬ੍ਰਿਸਟਰਾਣੀ ਦੇ ਗੁੱਸੇ ਦਾ ਪਾਰਾ ਬਹੁਤ ਉਤਾਹਾ ਚੜ੍ਹ ਗਿਆ। ਫੇਰ ਉਸਨੇ ਡਿੱਠਾ ਕਿ ਇਹ ਮਾਮੂਲੀ ਅਰੈਣ ਹੈ, ਨਾਲੇ ਮੁਸਲਮਾਨੀ ਹੈ, ਨਾਲ ਲੀੜੇ ਮੈਲੇ ਤੇ ਪਾਟੇ ਹੋਏ ਹਨ, ਇਸ ਕਮੀਨਣੀ ਦਾ ਕੀ ਹੱਕ ਹੈ ਕਿ ਸਾਡੇ ਰੰਗ ਵਿਚ ਆਕੇ ਭੰਗ ਪਾਵੇ? ਇਸ ਤਰ੍ਹਾਂ ਗੁੱਸੇ ਵਿਚ ਇਹ ਲਾਲੋ ਲਾਲ ਤਾਂ ਹੋ ਰਹੀ ਸੀ ਪਰ ਸੁਭਾਗ ਦੇ ਧੀਰਜ ਤੇ ਪਿਆਰ ਕਰਨ ਕਰਕੇ ਬਿਰਕ ਕੁਛ ਨਹੀਂ ਸੀ ਸਕਦੀ।

ਸੁਭਾਗ – ਲੈ ਤਾਬੋ! ਹੁਣ ਤੇਰਾ ਅੰਦਰ ਕੁਛ ਠਰਿਆ ਹੈ, ਹੁਣ ਦੱਸ?

ਤਾਬੋ – ਭੈਣੇ! ਕੀ ਠਰਿਆ, ਮੇਰਾ ਤਾਂ ਸਾਰਾ ਟੱਬਰ ਰੁੜ੍ਹ ਗਿਆ ਈ?

ਸੁਭਾਗ – ਅੜੀਏ! ਗੱਲ ਵੀ ਦੱਸੇਂ ਨਾ, ਬੁਝਾਰਤਾਂ ਕੌਣ ਬੁੱਝੇ?

ਤਾਬੋ – ਤੈਨੂੰ ਪਤਾ ਹੈ ਕਿ ਐਤਕੀ ਅਸਾਂ ਸਭ ਜੀ ਜਾਮਾਂ ਵੇਚਕੇ ਮਿਰਚਾਂ ਤੇ ਲਾ ਦਿੱਤਾ ਹੈ।

ਸੁਭਾਗ – ਖੋਲ੍ਹਕੇ ਦੱਸ ਮੈਨੂੰ ਪਤਾ ਨਹੀਂ।

ਤਾਬੋ – ਬੀਬੀ! ਮੇਰੇ ਪੁਤਾਂ ਤੇ ਮਾਲਕ ਨੇ ਪੰਦਰਾਂ ਵਿਘੇ ਪੈਲੀ ਮਾਮਲੇ ਤੇ ਲਈ ਤੇ ਅੱਠ ਵਿਘੇ ਘਰ ਦੀ ਹੈ। ਕੁਛ ਅਸਾਂ ਕਾਮੇ ਰੱਖੇ ਤੇ ਸਾਰੀ ਜ਼ਿਮੀ ਵਿਚ ਮਿਰਚਾਂ ਲਾ ਦਿੱਤੀਆਂ। ਜੋ ਕੁਛ ਘਰ ਸੀ, ਜੋ ਬਾਹਰੋਂ ਲੱਝਾ, ਤੂੰ ਠੱਗ ਮੈਂ ਠੱਗ, ਸਾਰਾ ਡੁੱਗਾ ਲਾ ਦਿੱਤਾ। ਰੱਬ ਨੇ ਭੀ ਮਿਹਰ ਕੀਤੀ, ਜਾਕੇ ਵੇਖੇਂ ਤਾਂ ਮਿਰਚਾਂ ਨਾਲ ਬੂਟੇ ਲੱਦੇ ਪਏ ਹਨ। ਮੀਂਹ ਨਹੀਂ ਹੋਏ ਪਰ ਨਹਿਰੀ ਪੈਲੀਆਂ ਸਨ, ਪਾਣੀ ਖੁੱਲ੍ਹਾ ਮਿਲਦਾ ਰਿਹਾ, ਕੁਛ ਵੱਡੇ ਨੰਬਰਦਾਰ ਦੇ ਜੀ ਤਰਸ ਪਿਆ ਖੂਹ ਦਾ ਪਾਣੀ ਉਸ ਤੋਂ ਸੀਂਦੀਂ ਮਿਲਦਾ ਰਿਹਾ। ਹੁਣ ਵੇਖ ਭੈਣੇ! ਜਾਂ ਮੇਰੀ ਖੇਤੀ ਪੱਕ ਖਲੋਤੀ ਤਾਂ ਖੂਹ ਦਾ ਮਹਿਲ ਢਹਿ ਪਿਆ, ਵੇਲੇ ਕੁਵੇਲੇ ਜੋ ਮਦਦ ਮਿਲ ਜਾਂਦੀ ਸੀ ਸੋ ਬੀ ਗਈ। ਅਸਾਂ ਆਖਿਆ, ਹੱਛਾ! ਭੌਂ ਵਿਚ ਨਹਿਰ ਜੋ ਪੈਂਦੀ ਹੈ, ਪਰ ਦੇਖ ਭੈਣ ਅੰਬਰ ਦੀ ਅੱਖੋਂ ਇਕ ਬੂੰਦ ਨਹੀਂ ਕਿਰੀ। ਅਸੀਂ ਸੋਚਿਆ ਸੌਣ ਵੱਸਿਆ, ਖਬਰੇ ਭਾਦ੍ਰੋਂ ਦੇ ਸ਼ਰਲਾਟੇ ਹੀ ਪੈ ਜਾਣ। ਪਰ ਲੈ, ਮੇਰੀ ਭੈਣ! ਭਾਦ੍ਰੋਂ ਬੀ ਨਾ ਵੱਸਿਆ। ਉਤੋਂ ਅੱਜ ਮੌਤੜੀ ਮੋਇਆ ਜ਼ਿਲੇਦਾਰ, ਆਖ ਭੇਜਿਆ ਸੁ, ਤੁਸਾਡਾ ਪਾਣੀ ਬੰਦ। ਹੁਣ ਅੱਜ ਕਿੰਨੇ ਹੀ ਦਿਨ ਹੋ ਗਏ ਪਾਣੀ ਆਏ ਨੂੰ, ਅੱਠ ਦਿਨ ਹੋਰ ਪਾਣੀ ਨਾ ਮਿਲਿਆ ਤਾਂ ਮੇਰੀ ਸਾਰੀ ਫਸਲ ਵਰਾਨ ਹੋ ਜਾਏਗੀ।

ਔੜ ਕਹਿਰ ਦੀ ਹੈ, ਦੁਪਹਿਰੇ ਸੂਰਜ ਬਾਰਾਂ ਭੱਠਾ ਤਪਦਾ ਹੈ, ਆਦਮੀ ਸੜਦੇ ਜਾਂਦੇ ਹਨ ਤੇ ਮਿਰਚਾਂ ਦੀ ਖੇਤੀ ਤਾਂ ਸੁਹਲ ਹੁੰਦੀ ਹੈ। ਬੱਸ ਬੱਚੀਏ! ਪੁੱਤ ਤੇ ਖਸਮ ਰਾਤ ਦੇ ਝਿੱਕੀ ਮੰਜੀ ਲਈ ਪਏ ਹਨ, ਰੋ ਰੋ ਕੇ ਸੂਕੜੇ ਤਾਪ ਚੜ੍ਹ ਗਏ ਨੇ, ਜਿਵੇਂ ਬੇੜਾ ਰੋੜ੍ਹਕੇ ਕੋਈ ਮੁਹਾਣੇ ਪਏ ਹਨ। ਦੱਸ ਕੀ ਕਰਾਂ, ਰੁੜ੍ਹਾਂ ਕਿ ਨਾ?

ਸੁਭਾਗ – ਦੁੱਖ ਤੇ ਕਸ਼ਟ ਤਾਂ ਬੜਾ ਹੈ, ਪਰ ਮਰਦ ਹੋ ਕੇ ਰੋਂਦੇ ਕਿਉਂ ਪਏ ਹਨ, ਉੱਦਮ ਕਰਨ, ਜ਼ਿਲੇਦਾਰ ਕੋਲ ਜਾਣ, ਵੱਡੇ ਸਾਹਿਬ ਕੋਲ ਜਾਣ।

ਤਾਬੋ – ਸੁਆਹ ਜਾਣ, ਓਥੇ ਚੜ੍ਹ ਗਏ ਤੋੜੇ ਤੇ ਲੜ ਗਈਆਂ ਫਰਮੈਸ਼ਾਂ, ਸਾਡਾ ਗਰੀਬਾਂ ਦਾ ਕੌਣ ਤੜੀ ਮੂੜੀ ਸਾਰੀ ਫਸਲ ਤੇ ਲਾ ਬੈਠੇ, ਪੜ੍ਹਿਆ ਸਾਡੇ ਕੋਈ ਹੋਇਆ ਨਾ, ਸਾਡੀ ਕੌਣ ਦਾਰੀ ਕਰੇ?

ਸੁਭਾਗ - ਇਹ ਠੀਕ ਨਹੀਂ, ਤਕੜੇ ਹੋ ਕੇ ਹੀਲਾ ਤਾਂ ਕਰੋ ਨਾ।

ਤਾਬੋ - ਨਾ ਭੈਣੇਂ! ਹੀਲਾ ਸੁਆਹ! ਸਾਡੇ ਨਾਲ ਕੰਬੋਆਂ ਦੀ ਏ ਭੌਂ। ਅਗੇ ਤਾਂ ਵਿਚਾਰੇ ਸਾਡੇ ਵਰਗੇ ਹੀ ਸਨ, ਹੁਣ ਉਹਨਾਂ ਨੇ ਇਕ ਪੁਤ ਪੜ੍ਹਾਇਆ ਸੀ, ਉਹ ਕਿਤੋਂ ਦਾ ਹੋ ਗਿਆ ਈ ਤਸੀਲਦਾਰ, ਵੱਢੀਆਂ ਲੈ ਕੇ ਘਰ ਤੋੜਿਆਂ ਦੇ ਤੋੜੇ ਘੱਲਦਾ ਰਿਹਾ ਈ। ਹੁਣ ਉਹਨਾਂ ਲਈਉ ਛੇ ਵੀਹਾਂ ਵਿੱਘੇ ਭੋਂ। ਬੱਸ ਜ਼ਿਲੇਦਾਰ ਨੂੰ ਜਾ ਮਿਲੇ, ਉਹਦੀ ਮੁੱਠ ਨਿੱਘੀ ਕੀਤੀ। ਪਹਿਲਾਂ ਪਟਵਾਰੀ ਦਾ ਘਰ ਭਰਿਆ ਸਾਨੇ, ਹੁਣ ਸਾਰਾ ਪਾਣੀ ਲੈ ਗਏ ਆਪਣੀਆਂ ਪੈਲੀਆਂ ਨੂੰ। ਸਾਡੀ ਇਕ ਵਾਰੀ ਘੁੱਸ ਗਈ, ਦੂਜੀ ਭੀ ਘੁੱਸ ਚੱਲੀ ਏ। ਦੱਸ ਹੁਣ ਤੋੜੇ ਕਿੱਥੋਂ ਲਿਆਵਾਂ? ਪੁੱਤ ਤਸੀਲਦਾਰ ਕਿੱਥੋਂ ਬਨਾਵਾਂ, ਜੋ ਜ਼ਿਲੇਦਾਰ ਕੋਲ ਸਪਾਰਸ਼ਾਂ ਪੁਚਾਵੇ? ਨਾ ਭੈਣੇਂ ਮੇਰੇ ਕੋਲ ਸੰਦਾ ਤੇ ਨਾ ਚੱਜ ਦਾ ਬੰਦਾ। ਮਰਦ ਲੱਕ ਤੋੜਕੇ ਮੰਜੇ ਪਏ ਨੀ। ਕੀ ਕਰਾਂ ਜੀਉਂਦੇ ਕਬਰੇ ਜਾ ਪਏ ਹਾਂ ਸਾਰੇ? ਹਾਏ!

ਸੁਭਾਗ - (ਬ੍ਰਿਸਟਰਾਣੀ ਵਲ ਤੱਕਕੇ) ਹੁਣ ਦੱਸੋ ਕਿ ਜਗਤ ਵਿਚ ਕਿਤਨਾ ਕਲੇਸ਼ ਹੈ, ਅਰ ਇਹ ਇਸ ਕਰਕੇ ਹੈ ਕਿ ਪ੍ਰਾਣੀ ਪਰਮੇਸ਼ਰ ਨੂੰ ਨਹੀਂ ਪਛਾਣਦੇ, ਅੱਗੇ ਦਾ ਫਿਕਰ ਨਹੀਂ ਰੱਖਦੇ, ਆਪੋ ਵਿਚ ਪਿਆਰ ਨਹੀਂ ਵਰਤਦੇ, ਮੁੱਦਾ ਕੀ ਕਿ ਨਿਆਂ ਛੱਡਕੇ ਪਸੂ ਬਿਰਤੀ ਵਿਚ ਖੇਡਦੇ ਹਨ। ਕੀ ਲਾਭ ਹੈ ਉਸ ਵਿਦਿਆ ਦਾ ਜੋ ਆਪੋ ਵਿਚ ਪਿਆਰ ਨਹੀਂ ਸਿਖਾਲਦੀ? ਕੀ ਲਾਭ ਹੈ ਅਕਾਸ਼ ਨਾਲ ਗੱਲਾਂ ਕਰਨ ਵਾਲੇ ਕਾਲਜਾਂ ਮਦਰੱਸਿਆਂ ਦਾ ਜੇ ਪਿਆਰ ਨਾ ਵਧੇ ਤਾਂ? ਕੀ ਲਾਭ ਹੈ ਨਵੇਂ ਨਵੇਂ ਪੰਥਾਂ ਦਾ? ਕੀ ਲਾਭ ਹੈ ਸਾਰੇ ਮਨੁੱਖੀ ਬੰਦੋਬਸਤਾਂ, ਰੇਲਾਂ, ਤਾਰਾਂ, ਅਗਨਬੋਟਾਂ ਦਾ? ਜਦ ਕਿ ਕੋਈ ਬੰਦੋਬਸਤ ਮਨੁੱਖ ਦੀ ਬਿਰਤੀ ਨੂੰ ਪਸ਼ੂ ਪੁਣੇਂ ਤੋਂ ਕੱਢਣ ਦਾ ਨਹੀਂ ਹੈ। ਦੇਖ ਭੈਣੇ! ਜ਼ਿਲੇਦਾਰ ਦੇ ਹੱਥ ਕਈ ਪਿੰਡਾਂ ਦੀ ਜਿੰਦ ਸੌਂਪੀ ਗਈ ਹੈ, ਇਹ ਜੇ ਮਨੁੱਖ ਨਾ ਬਣੇਂ ਤਾਂ ਫਲ ਕੀ ਹੋਵੇਗਾ? ਤੂੰ ਹੁਣ ਅੱਖੀਂ ਵੇਖ ਰਹੀ ਹੈਂ ਕਿ ਇਕ ਪਰਵਾਰ ਦਾ ਪਰਵਾਰ ਕਸ਼ਟ ਵਿਚ ਹੋ ਗਿਆ ਹੈ। ਉਸਨੇ ਜੇ ਵੱਢੀ ਲਈ ਹੈ ਤਾਂ ਅਨਰਥ ਕੀਤਾ ਹੈ, ਜੇ ਸਪਾਰਸ਼ ਮੰਨੀ ਹੈ ਤਾਂ ਆਪਣੇ ਧਰਮ ਨੂੰ ਛੱਡਿਆ ਹੈ, ਇਸਦੇ ਪੜ੍ਹਨ ਦਾ ਤੇ ਅਫਸਰ ਬਣਨ ਦਾ ਕੀ ਗੁਣ ਹੈ? ਵਾਹਿਗੁਰੂ ਨੇ ਇਸ ਦੇ ਹੱਥ ਪਾਣੀ ਦੀ ਤੱਕੜੀ ਫੜਾਈ ਸੀ, ਕਿ ਇਹ ਪੂਰਾ ਤੋਲੇ। ਇਸ ਔੜ ਵਿਚ ਤਾਂ ਇਹਨੂੰ ਇੰਦਰ ਸਮਝੋ। ਹਾਇ ਹਾਇ! ਦੇਵਤਾ ਪਦ ਪਾਕੇ ਇਹ ਪਸ਼ੂ ਬਿਰਤੀ ਤੋਂ ਭੀ ਡਿੱਗ ਪਿਆ ਹੈ। ਤੂੰ ਹੀ ਦੱਸ ਕਿ ਹੁਣ ਉਸ ਨੂੰ ਆਪਣੇ ਵਾਧੇ ਨਾਲ ਮਤਲਬ ਹੈ ਕਿ ਨਹੀਂ? ਆਪਣੀ ਖੱਟੀ ਦਾ ਹੀ ਖਿਆਲ ਹੈ ਕਿ ਨਹੀਂ? ਪਰ ਜੇ ਏਸੇ ਤਰ੍ਹਾਂ ਦਾ ਕੋਈ ਜ਼ੁਲਮ ਜ਼ਿਲੇਦਾਰ ਦੇ ਸਿਰ ਵਰਤੇ ਤਾਂ ਫੇਰ ਉਹੋ ਜ਼ਿਲੇਦਾਰ ਆਪਣੇ ਹੀ ਮੂੰਹ ਨਾਲ ਇਨਸਾਫ ਇਨਸਾਫ ਕੂਕੇਗਾ ਕਿ ਨਹੀਂ? ਜਦ ਆਪ ਆਪਣੇ ਲਈ ਆ ਬਣੀ ਤੇ ਨਿਆਂ ਤੇ ਧਰਮ ਨਿਆਂ ਕੂਕੇਗਾ, ਤਦ ਲੋਕਾਂ ਨਾਲ, ਜੋ ਰੱਬ ਨੇ ਉਸਦੇ ਵੱਸ ਪਾਏ ਹਨ, ਨਿਆਂ ਕਰਦਿਆਂ ਕਿਉਂ ਅੱਖਾਂ ਬੰਦ ਕਰ ਲੀਤੀਆਂ ਸੂ। ਕੰਬੋਆਂ ਦਾ ਮੁੰਡਾ ਲਓ! ਪੜ੍ਹਕੇ ਤਸੀਲਦਾਰ ਬਣਿਆ, ਇਸ ਲਈ ਕਿ ਵੱਢੀਆਂ ਲੈਕੇ ਘਰ ਭਰੇ ਤੇ ਸਪਾਰਸ਼ਾਂ ਪਾਕੇ ਗਰੀਬਾਂ ਦੇ ਫਸਲ ਵਰਾਨ ਕਰੇ? ਇਹ ਗੱਲਾਂ ਹਨ, ਜਿਨ੍ਹਾਂ ਨੂੰ ਤੱਕ ਤੱਕ ਕੇ ਬਾਪੂ ਜੀ ਕਿਹਾ ਕਰਦੇ ਹਨ ਕਿ ਮਨੁੱਖ ਅਜੇ ਵਰਤਾਰੇ ਵਿਚ ਪਸ਼ੂ ਹੀ ਹੈ। ਕੋਈ ਕੋਈ ਵਿਰਲਾ ਮਨੁੱਖ ਹੁੰਦਾ ਹੈ। ਜੋ ਮਨੁੱਖ ਮਨੁੱਖ ਨਹੀਂ ਬਣਿਆਂ ਉਸਦਾ ਪੜ੍ਹਨਾ ਕਿ ਧਨੀ ਹੋਣਾ ਬਿਅਰਥ ਹੈ। ਉਸਨੇ ਹੱਥ ਵਿਚ ਦੀਵਾ ਤਾਂ ਲੀਤਾ ਹੈ, ਪਰ ਡਿਗਦਾ ਖਾਤੇ ਵਿਚ ਹੈ।

ਇੰਨੇ ਨੂੰ ਬਾਬਾ ਜੀ ਆ ਗਏ। ਸੁਭਾਗ ਨੇ ਤਾਬੋ ਦਾ ਸਾਰਾ ਦੁੱਖ ਸੁਣਾਇਆ। ਤਾਬੋ ਬੀ ਕਾਹਲੀ ਹੋਕੇ ਬੋਲੀ 'ਬਾਬਾ! ਕੋਈ ਕਰ ਸਾਡੀ ਬਹੁੜੀ।' ਬਾਬਾ ਬੋਲਿਆ, 'ਬੱਚੀ! ਮੈਂ ਹੁਣੇ ਹੀ ਡੇਉਢੀ ਵਿਚ ਸਾਰੀ ਗੱਲ ਸੁਣਕੇ ਆਇਆ ਹਾਂ, ਮੈਨੂੰ ਲੱਗੀ ਏ ਤ੍ਰੇਹ, ਲੱਸੀ ਪੀ ਲਵਾਂ, ਫੇਰ ਮੈਂ ਜਾਂਦਾ ਹਾਂ। ਤਾਬੋ! ਤੂੰ ਘਰ ਜਾ ਕੇ ਮਰਦਾਂ ਦਾ ਲੱਕ ਬਨ੍ਹਾ, ਗੁਰੂ ਕਰੇ ਤਾਂ ਐਤਕੀ ਦੀ ਵਾਰੀ ਨਹੀਂ ਘੁੱਸੇਗੀ। ਪਰਮੇਸ਼ਰ ਤੇ ਟੇਕ ਰੱਖ, ਬਾਬੇ ਨਾਨਕ ਦੇ ਪਿਆਰ ਵੱਲ ਧਿਆਨ ਕਰ ਜੋ ਉਸਨੇ ਗਰੀਬਾਂ ਨਾਲ ਕੀਤਾ ਹੈ।

ਬਾਬੇ ਨੇ ਲੱਸੀ ਪੀਤੀ, ਕਹੀ ਧਰ ਲਈ ਮੋਢੇ ਉੱਤੇ ਤੇ ਤੁਰ ਪਿਆ। ਹੁਣ ਸੂਰਜ ਲਟਪਟਾ ਹੋ ਰਿਹਾ ਸੀ। ਬਾਬਾ ਕੰਬੋਆਂ ਦੇ ਘਰ ਗਿਆ, ਅੱਗੇ ਓਹ ਬੈਠੇ ਸਨ ਮੰਜਿਆਂ ਤੇ, ਬਾਬੇ ਨੂੰ ਵੇਖਕੇ ਉਠ ਬੈਠੇ, ਆਦਰ ਦਿੱਤਾ, ਬੈਠਾਇਆ -

"ਆਓ ਸਾਡੇ ਪਿੰਡ ਦੀ ਪਤ ਅਬਰੋ ਜੀ! ਸੁੱਖ ਨਾਲ ਆਏ"

ਬਾਬਾ -

***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥***

ਭਰਾਵੋ! ਕਾਹਦੀ ਪਤ? ਪਤ ਤਾਂ ਲਹਿ ਗਈ ਮੁੰਡਾ ਤੁਹਾਡਾ ਇਕ ਪੜ੍ਹਾ ਬੈਠੇ, ਬੱਸ ਹੁਣ ਪਿੰਡ ਹੀ ਗਰਕਣ ਲੱਗਾ ਹੈ। ਵਿਦਿਆ ਤਾਂ ਚੰਗੀ ਚੀਜ਼ ਹੈ, ਪਰ ਜੇ ਪੜ੍ਹੇ ਹੋਏ ਸੁਖ ਬੀ ਨਾ ਦੇਣ ਤਾਂ ਫੇਰ ਕੀ ਕਰੀਏ?

ਕੰਬੋ - ਕਿਉਂ ਬਾਬਾ ਜੀ!

ਬਾਬਾ - ਬਈ ਮੈਂ ਕਰਨੀਆਂ ਹਨ ਸੱਚੀਆਂ ਤੇ ਕੋਰੀਆਂ, ਤੁਸੀਂ ਕਰਨਾ ਏ ਗੁੱਸਾ, ਏਸ ਲਈ ਮੈਂ ਕਾਹਨੂੰ ਕਹਾਂ? ਕੁਛ ਆਪੇ ਤਰਸ ਪੈਂਦਾ ਜੇ ਤਾਂ ਮਿਹਰ ਕਰ ਦਿਓ।

ਕੰਬੋ - ਬਾਬਾ! ਤੇਰੀ ਗੱਲ ਦਾ ਅਸਾਂ ਗੁੱਸਾ ਕਾਹਨੂੰ ਕਰਨਾ ਹੈ, ਤੇਰੀਆਂ ਤਾਂ ਅਸੀਂ ਦੇਣੀਆਂ ਨਹੀਂ ਦੇ ਸਕਦੇ, ਤੂੰ ਹੁਕਮ ਕਰ।

ਬਾਬਾ – ਸੱਚ ਕਿ ਮੂੰਹ ਰੱਖਣੀ?

ਕੰਬੋ – ਸੱਚ।

ਬਾਬਾ – ਆਹ ਲੈ ਫੜ ਮੇਰੀ ਕਹੀ ਤੇ ਚੱਲ ਪੈਲੀ ਬੰਨੇ। ਨਹਿਰ ਦਾ ਪਾਣੀ ਜੋ ਤੇਰੀ ਮਿਰਕਣੀ ਕੁਪਾਹ ਨੂੰ ਲੱਗਾ ਹੈ, ਉਹ ਬੰਦ ਕਰ ਤੇ ਖਾਲ ਦਾ ਮੂੰਹ ਉਰਲੇ ਸਿਰਿਓਂ ਵੱਢਕੇ ਮੇਰੀ ਪੈਲੀ ਨੂੰ ਪਾ ਦੇਹ, ਤਾਂ ਤਾਂ ਹੈ ਸੱਚ, ਨਹੀ ਤਾਂ ਹੈ ਮੂੰਹ ਰੱਖਣੀ, ਹੋਰ ਕੀ ਹੈ?

ਕੰਬੋ – ਬਾਬਾ! ਗੱਲ ਤਾਂ ਕਹੀਊ ਬੜੀ ਡਾਢੀ, ਪਾਣੀ ਦੇਣ ਨਾਲੋਂ ਤਾਂ ਅੱਜ ਕੱਲ ਲਹੂ ਦੇਣਾ ਸੌਖਾ ਹੈ, ਪਰ ਬਾਬਾ! ਤੂੰ ਕਦੇ ਕਦਾਈਂ ਮੰਗ ਪਾਈ ਹੈ, ਤੈਨੂੰ ਨਾਂਹ ਨਹੀਂ ਹੋ ਸਕਦੀ, ਤੂੰ ਜਾਹ ਆਪੇ ਪਾਣੀ ਲਾ ਲੈ।

ਬਾਬਾ – ਇਹ ਗੱਲ ਝੂਠੀ। ਭਰਾ ਹੋ ਤਾਂ ਆਪ ਚੱਲੋ ਤੇ ਆਪੇ ਭਰਾ ਦੀ ਪੈਲੀ ਨੂੰ ਪਾਣੀ ਲਾ ਦਿਓ। ਮੈਂ ਤੁਹਾਨੂੰ ਔਖਾ ਨਾ ਕਰਦਾ, ਖੂਹ ਦਾ ਮਹਿਲ ਢੈ ਪਿਆ ਹੈ।

ਗੱਲ ਕੀ ਕੰਬੋ ਦੋਵੇਂ ਪਿਉ ਪੁੱਤ ਤੇ ਬਾਬਾ ਟੁਰ ਪਏ, ਜਿਥੇ ਕੁ ਤਾਬੋ ਦੇ ਘਰ ਵਾਲੇ ਖੈਰੇ ਦਾ ਮਿਰਚਾਂ ਦਾ ਖੇਤ ਕੁਮਲਾ ਰਿਹਾ ਸੀ, ਓਥੇ ਆ ਕੇ ਬਾਬੇ ਨੇ ਕਿਹਾ, ਆਡ ਦੀ ਵੱਟ ਭੰਨਕੇ ਪਾਣੀ ਇਧਰ ਸੁੱਟ ਦੇਹ।

ਕੰਬੋ – (ਹੈਰਾਨ ਹੋਕੇ) ਬਾਬਾ! ਇਹ ਤਾਂ ਤੇਰੀ ਪੈਲੀ ਨਹੀਂ, ਇਹ ਤਾਂ ਉਸ ਖੈਰੇ ਕੰਗਲੇ ਦੀ ਹੈ। ਨਾਲੇ ਓਹ ਮੁਸਲਾ ਹੈ।

ਬਾਬਾ – ਨਹੀਂ ਓਏ ਤੂੰ ਭੁੱਲਨਾ ਹੈ, ਓਇ ਇਹ ਪੈਲੀ ਬਾਬੇ ਦੀ ਹੈ, ਓਇ ਬਾਬੇ ਦੀ, ਜਿਸ ਦੇ ਸਾਰੇ ਭਰਾ ਹਨ, ਓਇ ਜਿਸਦੇ ਅੰਦਰੋਂ ਸਾਈਂ ਰਾਤੋ ਰਾਤ ਆ ਕੇ ਵੱਟਾਂ ਭੰਨ ਜਾਂਦਾ ਹੈ, ਓਇ ਜੇ ਬਾਬੇ ਨਾਲ ਸਾਂਝ ਹੈ ਤਾਂ ਦੇ ਦਿਓ ਪਾਣੀ।

ਕੰਬੋ ਬਾਬੇ ਨੂੰ ਬਾਹੋਂ ਫੜਕੇ ਵਿਹਲੀ ਥਾਂ ਤੇ ਬਹਿ ਗਏ, ਕਹਿਣ ਲੱਗੇ ਦੋ ਦੋ ਗੱਲਾਂ ਕਰ ਲਓ।

ਬਾਬਾ – ਗੱਲਾਂ ਦਾ ਕੀ ਗੁਣ? ਪਿਆਰ ਹੈ ਤਾਂ ਮੇਰੇ ਆਖੇ ਲੱਗੋ! ਨਹੀਂ ਤਾਂ ਗੱਲਾਂ ਨਾਲ ਕੀਹ ਪਾਣੀ ਰਿੜਕਣਾ ਹੈ।

ਕੰਬੋ – ਨਹੀਂ ਬਾਬਾ ਸੁਣ ਤਾਂ ਲੈ। ਪਹਿਲੀ ਗੱਲ ਤਾਂ ਇਹ ਹੈ ਕਿ ਓਹ ਅਰਾਈ ਮੁਸਲਮਾਨ, ਤੂੰ ਸਿੱਖ ਅਸੀਂ ਸਿੱਖ, ਤੂੰ ਅੰਬਾਂ ਨੂੰ ਵੱਢ ਕੇ ਅੱਕਾਂ ਨੂੰ ਵਾੜ ਕਰਦਾ ਹੈਂ, ਇਹ ਕੀ ਗੱਲ?

ਬਾਬਾ – ਇਹ ਠੀਕ ਹੈ, ਮੈਂ ਸਿੱਖ ਤੇ ਉਹ ਮੁਸਲਮਾਨ, ਉਹਨਾਂ ਦਾ ਧਰਮ ਉਹਨਾਂ ਨੂੰ ਪਿਆਰਾ, ਮੇਰਾ ਮੈਨੂੰ ਪਿਆਰਾ। ਉਹ ਦਿਨ ਕਦੇ ਨਾ ਆਵੇ ਕਿ ਬਾਬਾ ਮੁਸਲਮਾਨ ਹੋਵੇ। ਵਾਹਿਗੁਰੂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਵੇ, ਤਨ ਜਾਏ, ਪਰ ਸਿੱਖੀ ਨਾ ਜਾਏ। ਸਿੱਖਾਂ ਦਾ ਮੈਂ ਦਾਸ, ਸਿੱਖ ਮੇਰੇ ਮੈਂ ਸਿੱਖਾਂ ਦਾ। ਇਹ ਤਾਂ ਰਹੀ ਮੇਰੇ ਧਰਮ ਦੀ ਗੱਲ। ਹੁਣ ਤੂੰ ਮੈਨੂੰ ਦੱਸ ਕਿ ਜੇ ਮੁਸਲਮਾਨਾਂ ਨੂੰ ਏਸ ਦੇਸੋਂ ਕੱਢ ਦੇਈਏ ਤਾਂ ਦੁਨੀਆਂ ਤੇ ਕੋਈ ਦੇਸ਼ ਹੈ ਜੋ ਇਨ੍ਹਾਂ ਨੂੰ ਝੱਲ ਲਵੇਗਾ? ਤੇ ਜੇ ਸਿੱਖਾਂ ਤੇ ਹਿੰਦੂਆਂ ਨੂੰ ਇਥੋਂ ਧੱਕ ਦੇਈਏ ਤਾਂ ਕੋਈ ਦੇਸ਼ ਇਨ੍ਹਾਂ ਨੂੰ ਸਮ੍ਹਾਲ ਲਏਗਾ? ਸਾਰਿਆਂ ਏਥੇ ਵੱਸਣਾ ਤੇ ਏਥੇ ਗੁਜ਼ਾਰਾ ਕਰਨਾ ਹੈ, ਫਿਰ ਉਸ ਤਰ੍ਹਾਂ ਗੁਜ਼ਾਰਾ ਕਿਉਂ ਨਾ ਕਰੋ, ਜਿਸ ਤਰ੍ਹਾਂ ਸਭ ਧਿਰਾਂ ਸੁਖੀ ਰਹਿਣ? ਖੈਰੇ ਕਿਸੇ ਹੋਰ ਦੇਸ਼ ਨਹੀਂ ਜਾ ਵੱਸਣਾ ਤੁਸਾਂ ਕਿਸੇ ਹੋਰ ਵਲੈਤ ਨਹੀਂ ਜਾ ਰਹਿਣਾ। ਫੇਰ ਸੋਚੋ, ਰੱਬ ਸਭਨਾਂ ਦਾ ਇਕ ਹੈ ਤੇ ਗੁਰੂ ਨਾਨਕ ਨੇ ਸਰਬ ਜੀਆਂ ਤੇ ਮਿਹਰਾਮਤ ਕਰਨੀ ਸਿਖਾਈ ਹੈ, ਕਿਸੇ ਨਾਲ ਉਸਦੇ ਧਰਮ ਦੇ ਵਖੇਵੇ ਕਰਕੇ ਵੈਰ ਕਰਨਾ ਮਨ੍ਹੇ ਕੀਤਾ ਹੈ। ਧਰਮ ਆਪੋ ਆਪਣਾ ਸਭ ਨੂੰ ਪਿਆਰਾ, ਪਰ ਸਾਡਾ ਧਰਮ ਸਭ ਪ੍ਰਾਣੀਆਂ ਨਾਲ ਪਿਆਰ ਸਿਖਲਾਂਦਾ ਹੈ। ਫੇਰ ਹੋਰ ਵੇਖ, ਪਾਣੀ ਉਤੋਂ ਨਹੀਂ ਆ ਰਿਹਾ, ਔੜ ਲੱਗ ਰਹੀ ਹੈ, ਨਹਿਰਾਂ ਭੀ ਸੂਮ ਹੋ ਰਹੀਆਂ ਹਨ, ਹਿੱਸੇ ਪਰਤੀ ਜਿੰਨਾ ਆਵੇ ਰਲ ਵਰਤੋ! ਇਕੋ ਜਿਹਾ ਲਾਭ ਹੋਵੇ, ਇਕੋ ਜਿਹਾ ਹਾਨ ਹੋਵੇ। ਜੇ ਤੁਸਾਨੂੰ ਲਾਭ ਹੋਇਆ ਤੇ ਇਕ ਟੱਬਰ ਮਾਰਿਆ ਗਿਆ ਤਾਂ ਕੀ ਬਣਿਆ? ਪਸ਼ੂਆਂ ਵਾਲੀ ਗੱਲ! ਜੋ ਇਕ ਦੂਜੇ ਨੂੰ ਢੁੱਡ ਮਾਰਕੇ ਪਰੇ ਕਰ ਦੇਂਦੇ ਹਨ ਤੇ ਆਪ ਖੁਰਲੀ ਤੇ ਖੜੇ ਜੌਂਕੀ ਚਰਦੇ ਹਨ।

ਕੰਬੋ – ਫੇਰ ਬਾਬਾ! ਸੱਚੀ ਗੱਲ ਇਹ ਹੈ ਕਿ ਖੈਰੇ ਹੋਰੀਂ ਆਪਣਾ ਤਾਣ ਲਾ ਲੈਂਦੇ। ਤਾਣ ਦੀ ਗੱਲ ਹੈ, ਤੋੜੇ ਖਰਚੇ ਮੈਂ, ਫੁਰਮੈਸ਼ਾਂ ਪੁਵਾਈਆਂ ਮੈਂ, ਤਾਂ ਕੁਪਾਹ ਬਚਾਈ ਹੈ।

ਬਾਬਾ – ਇਉਂ ਨਾ ਕਹੋ, ਤੋੜੇ ਖਰਚੇ, ਫੁਰਮੈਸ਼ਾਂ ਪਾਈਆਂ, ਕੁਪਾਹ ਨਹੀਂ ਬਚਾਈ, ਪਰ ਮਿਰਚਾਂ ਸੁਕਾਈਆਂ।

ਕੰਬੋ – ਅਸਾਂ ਸੁਕਾਈਆਂ?

ਬਾਬਾ – ਪਾਣੀ ਉਹਨਾਂ ਦਾ ਤੁਸੀਂ ਖੋਹ ਲਿਆ ਫਿਰ ਹੋਰ ਕਿਨ੍ਹ ਸੁਕਾਈਆਂ?

ਕੰਬੋ – ਜ਼ਿਲੇਦਾਰ ਨੇ ਪਾਣੀ ਸਾਨੂੰ ਦਿੱਤਾ, ਉਸ ਨੇ ਸੁਕਾਈਆਂ?

ਬਾਬਾ – ਜ਼ਿਲੇਦਾਰ ਨੂੰ ਵੱਢੀ ਤੇ ਸਪਾਰਸ਼ ਕਿੰਨ ਕਰਾਈ?

ਕੰਬੋ – ਅਸਾਂ।

ਬਾਬਾ – ਬੱਸ, ਫੇਰ ਮਿਰਚਾ ਤੁਸੀਂ ਸੁਕਾਈਆਂ।

ਕੰਬੋ – ਚੰਗਾ ਬਾਬਾ, ਫੇਰ ਇਕ ਤੁਰਕੜਾ ਮਾਰਿਆ ਤਾਂ ਮਾਰਿਆ ਹੀ ਸਹੀ।

ਬਾਬਾ – ਤੁਰਕ ਤਾਂ ਨਹੀਂ ਉਹ ਤਾਂ ਗਰੀਬ ਅਰਾਈਂ ਹੈ, ਤੇ ਹਮਸਾਇਆ ਮਾਂ ਪਿਉ ਜਾਇਆ ਹੈ। ਕੀ ਕੋਈ

ਮੈਦਾਨ ਜੰਗ ਠੱਟ ਰਿਹਾ ਹੈ ਕਿ ਜੁੱਧ ਹੋ ਰਿਹਾ ਹੈ ਤੇ ਤੁਸਾਂ ਇਕ ਦੂਜੇ ਨੂੰ ਜੰਗ ਵਿਚ ਮਾਰਨਾ ਹੈ? ਇਕ ਪਿੰਡ ਵਿਚ ਵੱਸਦੇ ਹੋ, ਗੁਆਂਢੀ ਹੋ, ਭਰਾ ਹੋ, ਦੁਖ ਸੁਖ ਸਾਂਝੇ ਹਨ, ਰਲ ਵਰਤਣ ਦਾ ਵੇਲਾ ਹੈ ਕਿ ਹਮਸਾਇਆਂ ਨੂੰ ਪਰਜਾ ਦਾ ਵੈਰੀ ਸਮਝ ਕੇ ਮਾਰਨ ਦਾ ਵੇਲਾ ਹੈ? ਪਰਮੇਸ਼ੁਰ ਨਾ ਕਰੇ, ਜੇ ਤੁਰਕ ਫੇਰ ਆ ਜਾਣ, ਤਾਂ ਪਿਛਲੇ ਹਾਲ ਪੜ੍ਹ ਸੁਣ ਲਓ। ਤਦੇ ਤੁਸਾਂ ਨੂੰ ਮੈਂ ਕਿਹਾ ਕਰਦਾ ਹਾਂ ਕਿ ਸੂਰਜ ਪ੍ਰਕਾਸ਼ ਦੀ ਕਥਾ ਹੁੰਦੀ ਹੈ ਸੁਣਿਆ ਕਰੋ। ਸਿੰਘ ਜੀ! ਤੁਸੀਂ ਕਲਗੀਆਂ ਵਾਲੇ ਦੇ ਸਿੱਖ ਹੋ, ਤੁਸੀਂ ਦਾਤੇ ਹੋ, ਤੁਸੀਂ ਬੀਰ ਹੋ, ਤੁਸਾਂ ਬੀਰਤਾ ਵਿਚ ਤੁਲੇ ਰਹਿਣਾ ਹੈ, ਫਿਰ ਤੁਸਾਂ ਜਗਤ ਨੂੰ ਸੁਖ ਦੇਣਾ ਹੈ, ਤੁਸੀਂ ਵਾਹਿਗੁਰੂ ਦੇ ਹਲਕਾਰੇ ਹੋ, ਤੁਸਾਂ ਜਗਤ ਨੂੰ ਰੱਬੀ ਤਾਰ ਵਿਚ ਪ੍ਰੋਣਾ ਹੈ, ਤੁਸਾਨੂੰ ਜ਼ੋਰ ਜ਼ੁਲਮ ਠੀਕ ਨਹੀਂ ਹੈ, ਤੁਸੀਂ ਪਿਆਰ ਦੇ ਹਲਕਾਰੇ ਹੋ ਤੁਸੀਂ ਨਿਆਂ ਦੇ ਦੂਤ ਹੋ।

ਕੰਬੋ – ਬਾਬਾ ਸੱਚ ਹੈ, ਪਰ ਬਈ ਇਹ ਕਪਾਹ ਕੌਣ ਸੁਕਾਵੇ? ਸੱਚੀ ਗੱਲ ਇਹ ਹੈ।

ਬਾਬਾ – ਤੁਸੀਂ ਮੈਨੂੰ ਜੁ ਪਾਣੀ ਦੇਂਦੇ ਹੋ, ਤੁਸੀਂ ਮੇਰੇ ਸਿਰ ਹਸਾਨ ਕਰੋ, ਮੈਨੂੰ ਦੇ ਦਿਓ! ਮੈਂ ਤੁਹਾਨੂੰ ਖੂਹ ਬਣੇ ਤੇ ਕਸਰ ਕੱਢ ਦਿਆਂਗਾ। ਕੁਪਾਹ ਤੁਹਾਡੀ ਇਕ ਵਾਰੀ ਵਾਧੂ ਪਾਣੀ ਲੈ ਚੁਕੀ ਹੈ ਤੇ ਲਹਿ ਲਹਿ ਪਈ ਕਰਦੀ ਹੈ, ਦਸਾਂ ਦਿਨਾਂ ਵਿਚ ਇਸ ਦਾ ਕੁਛ ਨਹੀਂ ਵਿਗੜਨਾ ਤੇ ਮਰਚਾ ਦਾ ਦਸਾਂ ਦਿਨਾਂ ਵਿਚ ਫੱਕਾ ਨਹੀਂ ਰਹਿਣਾ।

ਕੰਬੋ – ਬਾਬਾ! ਤੇਰੀ ਖੇਤੀ ਕਹੇਂ ਤਾਂ ਪਾਣੀ ਪਾ ਦੇਂਦੇ ਹਾਂ, ਪਰ ਖੈਰੇ ਨੂੰ ਨਹੀਂ ਦੇਣਾ।

ਬਾਬਾ – ਮੈਂ ਟੁਰਕੇ ਆਇਆ ਹਾਂ, ਭਰਾਵਾ ਵਾਲੀ ਵੰਗਾਰ ਪਾਈ ਹੈ, ਆਪਣੇ ਸਿਰ ਤੇ ਹਸਾਨ ਲੈਂਦਾ ਹਾਂ, ਤੁਸੀਂ ਨਹੀਂ ਮੰਨਦੇ, ਹੁਣ ਫੇਰ ਤੁਹਾਡਾ ਚਿਤ ਇਹ ਚਾਹੁੰਦਾ ਹੈ ਕਿ ਜ਼ਿਲੇਦਾਰ ਆਵੇ ਤੇ ਪਿਆਦਾ ਨਾਲ ਲਿਆਵੇ ਤੇ ਓਹ ਪਾਣੀ ਵੱਢ ਕੇ ਖੈਰੇ ਦੀ ਪੈਲੀ ਨੂੰ ਪਾਵੇ।

ਕੰਬੋ – ਇਹ ਹੋ ਨਹੀਂ ਸਕਣ ਲੱਗਾ।

ਬਾਬਾ – ਹੋ ਸਕਦਾ ਹੈ।

ਕੰਬੋ – ਕਿੱਦਾਂ?

ਬਾਬਾ – ਜਿੱਦਾਂ ਤੁਸਾਂ ਕੀਤਾ ਹੈ।

ਕੰਬੋ – ਦੱਸ ਤਾਂ ਸਹੀ?

ਬਾਬਾ – ਜ਼ਿਲੇਦਾਰ ਅੱਜ ਕੱਲ ਬੀਮਾਰ ਹੈ, ਡਾਕਟਰ ਦੇ ਇਲਾਜ ਵਿਚ ਹੈ, ਮੈਂ ਹੁਣੇ ਡਾਕਟਰ ਨੂੰ ਸੁਨੇਹਾ ਘੱਲਦਾ ਹਾਂ। ਜਿੰਦ ਦਾ ਪਿਆਰ ਬੜੀ ਚੀਜ਼ ਹੈ, ਓਸ ਦੇ ਕਹੇ ਤੇ ਇਸੇ ਵੇਲੇ ਜ਼ਿਲੇਦਾਰ ਪਾਣੀ ਦੇਵੇਗਾ। ਇਕ ਇਹ ਤਰੀਕਾ ਹੈ, ਜੋ ਖ਼ੁਦਗਰਜ਼ਾਂ ਅਪਸੁਆਰਥੀਆਂ ਨੇ ਜਾਰੀ ਕੀਤਾ ਹੈ ਤੇ ਜਦੋਂ ਉਹਨਾਂ ਤੇ ਆ ਕੇ ਪੈਂਦਾ ਹੈ ਤਾਂ ਫੇਰ ਨਿਆਂ ਨਿਆਂ ਕੂਕਦੇ ਹਨ। ਦੂਸਰੇ ਮੈਂ ਹੁਣੇ ਘੋੜੀ ਲੈ ਕੇ ਸਾਹਿਬ ਮੁਹਤਮਿਮ ਪਾਸ ਜਾਂਦਾ ਹਾਂ ਤੇ ਉਸ ਨੂੰ ਆਖਦਾ ਹਾਂ ਕਿ ਇਹ ਖੜੇ ਫਸਲਾਂ ਉਤੇ ਪਾਣੀ ਬੰਦ ਕਰਨਾ ਕੀਕੂੰ ਦਾ ਕਾਨੂੰਨ ਹੈ? ਤੂੰ ਜਾਣਦਾ ਹੈਂ ਮੋਹਤਮਿਮ ਸਾਹਿਬ ਮੈਨੂੰ ਜਾਣਦਾ ਹੈ, ਇਹ ਭੀ ਤੂੰ ਜਾਣਦਾ ਹੈਂ ਕਿ ਕਿਸੇ ਦੀ ਪਾਣੀ ਦੀ ਵਾਰੀ ਖੁੱਸ ਨਹੀਂ ਸਕਦੀ। ਕਾਨੂੰਨ ਖੜੇ ਫਸਲਾਂ ਦੇ ਪਾਣੀ ਬੰਦ ਕਰ ਨਹੀਂ ਸਕਦਾ। ਕਿਸੇ ਦੀ ਵਾਰੀ ਕਿਸੇ ਨੂੰ ਮਿਲ ਨਹੀਂ ਸਕਦੀ। ਹੁਣ ਤੂੰ ਸੋਚ ਲੈ ਕਿ ਕਿਹੜਾ ਤਰੀਕਾ ਚੰਗਾ ਹੈ। ਭਾਈਚਾਰੇ ਵਾਲਾ, ਕਿ ਜੈਸੇ ਕੋ ਤੈਸਾ, ਕਿ ਕਾਨੂੰਨ ਦੀ ਸ਼ਰਨ ਲੈਣ ਦਾ? ਮੇਰੀ ਸਮਝ ਵਿਚ ਨਾ ਜੈਸੇ ਨੂੰ ਤੈਸਾ ਮਿਲੇ, ਨਾ ਕਾਨੂੰਨ ਦੀ ਸ਼ਰਨ ਲੈ ਕੇ ਅਰਜੀਆਂ ਪੈਣ, ਭਰਾਵਾਂ ਦੇ ਝਗੜੇ ਭਰਾਵਾਂ ਵਿਚ ਨਿਪਟੇ ਜਾਣ। ਇਹ ਤੂੰ ਜਾਣਦਾ ਹੈਂ ਕਿ ਜਦੋਂ ਭਰਾ ਭਰਾ-ਪੁਣੇ ਨੂੰ ਛੱਡ ਦੇਣ, ਫੇਰ ਫਲ ਇਹ ਨਿਕਲਦਾ ਹੈ ਕਿ ਕਚਹਿਰੀਆਂ ਦੇ ਬੂਹੇ ਸਾਡੇ ਜਿਹੇ ਮੂਰਖਾਂ ਨਾਲ ਭਰਦੇ ਹਨ। ਜੇ ਅਸੀਂ ਆਪੋ ਵਿਚ ਭਾਈਚਾਰੇ ਵਿਚ ਨਜਿੱਠ ਲਿਆ ਕਰੀਏ, ਤਦ ਭਲਿਆ ਲੋਕਾ! ਇਹ ਪੰਜ ਪੰਜ ਹਜ਼ਾਰ ਦੇ ਜੱਜ ਤੇ ਡਿਪਟੀ, ਪੁਲਸ ਤੇ ਠਾਣੇ ਕਿੱਥੇ ਰਹਿਣ? ਫੇਰ ਵਕੀਲਾਂ ਤੇ ਮੁਨਸ਼ੀਆਂ ਦੀ ਲੋੜ ਵੀ ਨਾ ਰਹੇ। ਪਰ ਪਸ਼ੂ ਬ੍ਰਿਤੀ ਪ੍ਰਧਾਨ ਹੈ, ਪਿਆਰ ਦਾ ਵਰਤਾਉ ਘਟ ਰਿਹਾ ਹੈ, ਭਾਈਚਾਰੇ ਨਸ਼ਟ ਹੁੰਦੇ ਜਾਂਦੇ ਹਨ, ਭਲੇਮਾਣਸ ਵਧੇਰੇ ਦੁਖ ਪਾ ਰਹੇ ਹਨ। ਜੇ ਲੋਕੀ ਭਰਾਵਾਂ ਦੀ ਸਮੱਸਿਆ ਵਿਚ ਆ ਜਾਣ ਤਾਂ ਉਨ੍ਹਾਂ ਨੂੰ ਕਚਹਿਰੀਆਂ ਵਿਚ ਨਾ ਰੁਲਣਾ ਪਏ। ਸ਼ੋਕ ਹੈ, ਦੁਖ ਹੈ, ਕਸ਼ਟ ਹੈ ਕਿ ਕੋਈ ਉਪਰਾਲਾ ਮਨੁੱਖ ਦੀ ਬਿਰਤੀ ਨੂੰ ਨਿਆਂ ਤੇ ਖੜਾ ਕਰਨ ਵਾਸਤੇ ਨਹੀਂ ਹੋ ਰਿਹਾ, ਜੋ ਹੋ ਰਿਹਾ ਹੈ ਪਸ਼ੂ ਬ੍ਰਿਤੀ ਨੂੰ ਤ੍ਰਿੱਖਾ ਤੇ ਜ਼ੋਰਦਾਰ ਕਰਨ ਵਿਚ ਹੋ ਰਿਹਾ ਹੈ। ਬਰਖ਼ੁਰਦਾਰ! ਤੇਰਾ ਪੁੱਤ ਤਸੀਲਦਾਰ ਹੋ ਗਿਆ, ਉਸਦੀ ਪੜ੍ਹਾਈ ਵਿਚ ਸਾਰੇ ਪਿੰਡ ਨੇ ਮੱਦਦ ਦਿੱਤੀ। ਜਦੋਂ ਤੇਰੇ ਕੋਠੇ ਢੱਠੇ ਸਨ, ਹਿੰਦੂ ਮੁਸਲਮਾਨ ਸਾਰਿਆਂ ਆ ਕੇ ਵਾਹਰ ਲਾਈ ਸੀ। ਹੁਣ ਤੁਸੀਂ ਰੱਜੇ ਸਾਓ, ਉੱਚੇ ਪਿੰਡ ਨੂੰ ਸੁਖ ਦੇਂਦੇ। ਭਲੇ ਪੁਰਖਾ! ਤੈਨੂੰ ਤਾਂ ਜੇ ਕਪਾਹ ਮਾਰੀ ਗਈ, ਤੇਰਾ ਪੁੱਤ ਵਰ੍ਹੇ ਦੀਆਂ ਰੋਟੀਆਂ ਦੇ ਸਕਦਾ ਹੈ, ਡੇਢ ਸੌ ਵਿਚੋਂ ਪੰਜਾਹ ਤੈਨੂੰ ਦਿੱਤਿਆਂ ਉਹ ਥੁੜਨ ਨਹੀਂ ਲੱਗਾ, ਪਰ ਮਿਰਚਾਂ ਸੜ ਜਾਣ ਤਾਂ ਖੈਰੇ ਦਾ ਘਾਣ ਬੱਚਾ ਪੀੜਿਆ ਜਾਂਦਾ ਹੈ। ਆ ਬੱਚਾ! ਨਿਉਂਕੇ ਟੁਰ, ਰੱਬ ਨੇ ਭਾਗ ਲਾਇਆ ਹੈ ਤਾਂ ਜੀਉਰਕੇ ਖਾਹ।

ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਡਾਕਟਰ ਸਾਹਿਬ ਆ ਗਏ। ਉਹ ਅਜ ਸ਼ਾਮਾਂ ਵੇਲੇ ਕਿਸੇ ਕੰਮ ਆਏ ਸਨ ਕਿ ਅੱਗੋਂ ਬਾਬੇ ਦੇ ਨਵੇਂ ਉਪਕਾਰ ਵਿਚ ਫਸੇ ਹੋਣ

ਦੀ ਵਿਥਿਆ ਸੁਣਕੇ ਖੇਤਾਂ ਵਲ ਭੱਜੇ ਆਏ। ਉਹਨਾਂ ਨੂੰ ਡਰ ਸੀ ਕਿ ਔੜ ਕਰੜੀ ਹੈ, ਵਿਸਾਖ, ਜੇਠ, ਹਾੜ ਤੇ ਸੌਣ ਚਾਰ ਮਹੀਨੇ ਇਕ ਕਣੀ ਨਹੀਂ ਪਈ, ਜ਼ਿਮੀਂਦਾਰ ਇਕ ਇਕ ਬੂੰਦ ਨੂੰ ਮੋਤੀ ਸਮਾਨ ਸਮਝ ਰਹੇ ਹਨ। ਬਾਬੇ ਦੀ ਆਖੀ ਜੇ ਨਾ ਮੰਨੀ ਗਈ ਤਾਂ ਵੀ ਮਾੜੀ ਗਲ ਤੇ ਜੇ ਕੋਈ ਕਲੇਸ਼ ਹੋ ਪਿਆ ਤਾਂ ਬੀ ਮਾੜਾ। ਅਗੇ ਜਾ ਕੇ ਡਾਕਟਰ ਨੇ ਓਹੋ ਹਾਲ ਡਿੱਠਾ। ਡਾਕਟਰ ਨੂੰ ਅਚਾਨਕ ਅੱਜ ਇਕ ਚਿਠੀ ਮਿਲ ਗਈ ਸੀ ਜੋ ਮਿਲਣ ਵੇਲੇ ਤਾਂ ਮਾਮੂਲੀ ਗੱਲ ਸੀ, ਪਰ ਹੁਣ ਉਹ ਜ਼ੋਰ ਵਾਲੀ ਸ਼ੈਅ ਹੋ ਦਿੱਸੀ ਸੀ। ਬਾਬੇ ਤੇ ਕੰਬੋਆਂ ਦੀ ਗੱਲ ਬਾਤ ਦਾ ਨਚੋੜ ਸੁਣ ਕੇ ਡਾਕਟਰ ਸਾਹਿਬ ਬੋਲੇ - ਬਾਬਾ ਜੀ! ਸੰਗਲਾਂ ਦੇ ਜਿੰਨ ਕਦੇ ਪਿਆਰ ਦੀਆਂ ਜੱਫੀਆਂ ਦੇ ਕਾਬੂ ਆਏ ਹਨ? ਆਪ ਕਿਉਂ ਮੂਰਖਾਂ ਨੂੰ ਸੋਧਣ ਉਠ ਤੁਰਦੇ ਹੋ? ਇਹ ਓਹੋ ਭਲੇਮਾਣਸ ਹਨ ਕਿ ਜਿਨ੍ਹਾਂ ਦੇ ਮੁੰਡੇ ਨੂੰ ਆਪ ਪੰਜ ਰੁਪਏ ਮਹੀਨਾ ਦਸ ਵਰ੍ਹੇ ਦੇਂਦੇ ਰਹੇ ਹੋ ਤੇ ਉਹ ਪੜ੍ਹਦਾ ਰਿਹਾ ਹੈ। ਫੇਰ ਤਸੀਲਦਾਰੀ ਵੇਲੇ ਮੈਥੋਂ ਹੀ ਸਪਾਰਸ਼ਾਂ ਕਰਵਾਈਆਂ ਸੀ ਡਿੱਠਾ ਜੇ ਅੱਜ ਤਮਾਸ਼ਾ! ਮੈਂ ਜੋ ਕਹਿੰਦਾ ਸਾਂ ਕਿ ਬਦਾਂ ਨਾਲ ਨੇਕੀ ਕਰਨੀ ਨੇਕਾਂ ਨਾਲ ਬਦੀ ਕਰਨੀ ਹੈ, ਸੱਪ ਤੇ ਰਹਿਮ ਕਰਨਾ ਮਨੁੱਖ ਦੇ ਬੱਚੇ ਤੇ ਬੇਰਹਿਮੀ ਕਰਨੀ ਹੈ, ਅੱਜ ਦੇਖ ਲੌ ਇਹ ਆਪਦੇ ਪਿਆਰ ਨਾਲ ਪਲ ਕੇ ਬਦੀ ਕਰ ਰਹੇ ਹਨ ਤੇ ਤੁਹਾਡੇ ਪਿਆਰ ਦਾ ਕੀ ਮੁੱਲ ਪਾ ਰਹੇ ਹਨ। ਹੁਣ ਜਾਣ ਦਿਓ ਘਰ ਚੱਲੋ। (ਕੰਬੋਆਂ ਵੱਲ ਤੱਕਕੇ) ਸੁਣੋਂ ਓਇ ਨਾਢੂ ਖਾਓ! ਪਾਣੀ ਖੈਰੇ ਦੀ ਪੈਲੀ ਨੂੰ ਲੱਗ ਜਾਏਗਾ ਤੇ ਅੱਜੋ ਲੱਗੇਗਾ। ਫਿਰ ਤੁਹਾਡੇ ਤੇ ਪਾਣੀ ਵੱਢ ਲੈਣ ਦਾ ਮੁਕੱਦਮਾਂ ਚੱਲੇਗਾ। ਤੂੰ ਲਿਖ ਦੇਹ ਆਪਣੇ ਤਸੀਲਦਾਰ ਨੂੰ ਆਕੇ ਲਾ ਲਵੇ ਸਾਰਾ ਜ਼ੋਰ। ਮੈਂ ਉਹ ਚਿੱਠੀ ਲੈ ਆਇਆ ਹਾਂ ਜੋ ਤੇਰੇ ਤਸੀਲਦਾਰੂਏ ਨੇ ਜ਼ਿਲੇਦਾਰ ਨੂੰ ਜ਼ੁਲਮ ਕਰਨ ਵਾਸਤੇ ਲਿਖੀ ਹੈ, ਉਹ ਅਦਾਲਤ ਵਿਚ ਪੇਸ਼ ਹੋਵੇਗੀ, ਫਿਰ ਉਸ ਤਸੀਲਦਾਰ ਨੂੰ ਛੁਡਾ ਲਿਆਵੀਂ, ਕਰਦਾ ਹੈ ਕਿ ਨਹੀਂ ਵੱਡੇ ਘਰ ਦੀ ਸੈਲ।

ਬਾਬਾ ਜੀ! ਚੱਲੋ ਹੁਣ ਚਲੀਏ ਮਿੰਨਤਾ ਨਾ ਕਰੋ। ਸੂਰਾਂ ਨੂੰ ਅੰਬਾਂ ਦੀਆਂ ਕੌੜੀਆਂ ਗਿਟਕਾਂ ਖੁਆਓ, ਕਮਾਦ ਆਦਮੀਆਂ ਨੂੰ ਦਿਓ, ਸੂਰ ਖਾਕੇ ਫਿੱਟ ਜਾਂਦੇ ਹਨ।

ਇਹ ਕੁਛ ਆਖਕੇ ਡਾਕਟਰ ਦਾ ਚਿਹਰਾ ਲਾਲ ਹੋ ਗਿਆ ਤੇ ਗੁੱਸੇ ਦੀਆਂ ਲਾਟਾਂ ਬਲ ਉੱਠੀਆਂ, ਬਾਬੇ ਨੂੰ ਉਨ੍ਹਾਂ ਕਲਾਈ ਵਿਚ ਲੈ ਲਿਆ। ਇਸ ਉਸ਼ਟ ਲਕੜ ਨਜ਼ਾਇ ਦਾ ਕੰਬੋਆਂ ਦੇ ਪਸ਼ੂ ਮਨ ਤੇ ਅਸਰ ਪਿਆ, ਕੁਛ ਚਿਰ ਤਾਂ ਗਿੱਚੀ ਸੱਟੀ ਚੁਪ ਚਾਪ ਮਗਰੇ ਮਗਰ ਗਏ। ਕਦੇ ਸ਼ਰਮ ਆਵੇ, ਕਦੇ ਗੁੱਸਾ ਚੜ੍ਹੇ, ਕਦੇ ਨੇਕੀਆਂ ਯਾਦ ਆਉਣ, ਕਦੇ ਭੈ ਖਾਵੇ ਕਿ ਜੇ ਪੁੱਤ ਦੀ ਚਿੱਠੀ ਸੱਚ ਮੁੱਚ ਡਾਕਟਰ ਦੇ ਹੱਥ ਆ ਗਈ ਹੈ ਤਾਂ ਇਹ ਜ਼ਰੂਰ ਪੇਸ਼ ਕਰੇਗਾ। ਇਸ ਤਰ੍ਹਾਂ ਦੇ ਅਨੇਕਾਂ ਖਿਆਲ ਕੰਬੋਆਂ ਦੇ ਜੀ ਵਿਚ ਆਏ, ਛੇਕੜ ਕੁਛ ਦੁਨੀਆਂਦਾਰੀ ਦੀ ਅਕਲ ਨੇ ਬੀ ਸੋਝੀ ਦਿੱਤੀ ਕਿ ਬਾਬੇ ਨਾਲ ਵਿਗਾੜਕੇ ਪਿੰਡ ਵੱਸਣਾ ਔਖਾ ਹੋ ਜਾਊ, ਸਾਰਾ ਨਗਰ ਬਾਬੇ ਦੇ ਮਗਰ ਹੈ। ਪਾਣੀ ਭੀ ਡਾਕਟਰ ਨੇ ਹੁਣ ਨਹੀਂ ਰਹਿਣ ਦੇਣਾ ਤੇ ਜੇ ਮੁਕੱਦਮਾਂ ਹੋ ਗਿਆ ਤਾਂ ਪਤਾ ਨਹੀਂ ਕੀ ਬਣੇ? ਇਧਰ ਕੁਪਾਹ ਭੀ ਅਸਾਂ ਸੋਕਿਓ ਬਚਾ ਹੀ ਲਈ ਹੈ, ਚਲੋ ਹੁਣ ਮੁਫਤ ਦੀ ਭੱਲ ਨਾ ਗੁਆਓ। ਅਸਲ ਵਿਚ ਭੱਲ ਤਾਂ ਹੁਣ ਗੁਆਚ ਹੀ ਚੁੱਕੀ ਸੀ, ਹੁਣ ਤਾਂ ਜੋ ਝੁਕਾਉ ਸੀ ਡਾਕਟਰ ਦੀ ਡਾਂਟ ਦਾ ਸੀ। ਪਸ਼ੂ ਤਾਂ ਇਹ ਸਨ ਹੀ, ਆਖਰ ਗੱਲਾਂ ਕਰਨ ਵਾਲੇ ਤੇ ਦੋ ਟੰਗਾਂ ਤੇ ਟੁਰਨ ਵਾਲੇ ਪਸ਼ੂ ਸਨ, ਅੱਗੇ ਵਧਕੇ ਕਹਿਣ ਲੱਗੇ, "ਬਾਬਾ ਯਾਰਾ! ਗੁੱਸੇ ਹੋ ਟੁਰਿਐਂ। ਅਸਾਂ ਤੈਨੂੰ ਕਦ ਨਾਂਹ ਕੀਤੀ ਹੈ? ਖੈਰੇ ਨਾਲ ਸਾਡੀ ਕੁਛ ਰੜਕ ਸੀ ਪਿਛਲੀ, ਸਾਨੂੰ ਗੁੱਸਾ ਸੀ, ਅਸੀਂ ਮਾਣ ਕਰ ਲਿਆ ਸਹੀ। ਤੂੰ ਵਡਾ ਹੈਂ ਤੇਰੇ ਨਾਲ ਲਾਡ ਨਾ ਕਰੀਏ ਤਾਂ ਕਿਸ ਨਾਲ ਕਰੀਏ?"

ਡਾਕਟਰ - ਹੁੱਜਤਾਂ ਨਾ ਬਣਾਓ, ਮੈਂ ਬਾਬੇ ਨੂੰ ਐਸੇ ਥਾਂ ਲੁਕਾਉਣਾ ਹੈ ਕਿ ਤੁਹਾਨੂੰ ਲੂੰ ਪੱਟਕੇ ਨਹੀਂ ਦਿਖਾਉਣਾ। ਤੁਸੀਂ ਬੜੇ ਨਕਦਰੇ ਹੋ। ਹੁਣ ਜਾਂ ਤਾਂ ਬਾਬੇ ਦੇ ਪੈਰੀਂ ਪਓ ਭੁੱਲ ਬਖਸ਼ਾਓ, ਨਹੀਂ ਤਾਂ ਮੈਂ ਪਾਣੀ ਦੂਸਰੀ ਤਰ੍ਹਾਂ ਲੈਣਾ ਹੈ।

ਕੰਬੋ - ਡਾਕਦਾਰਾ, ਯਾਰਾ! ਕੇਡਾ ਚੰਗਾ ਹੁੰਦਾ ਸੈਂ, ਅੱਜ ਕੀਹਦੇ ਮੱਥੇ ਲਗ ਕੇ ਆਇਆ ਹੈ? ਕੌੜਾ ਹੀ ਕੌੜਾ ਪਿਆ ਕੂਨੈਂ। ਅਸੀਂ ਬਾਬੇ ਦੇ ਦਾਸ, ਬਾਬੇ ਦੀ ਛਤਰ ਛਾਇਆ ਹੇਠ ਵੱਸਦੇ ਹਾਂ। ਹੋਇਆ ਕੀ ਜੇ ਪੁੱਤਾਂ ਨੇ ਰੋਸ ਕਰ ਲਿਆ ਤਾਂ?

ਇਹ ਕਹਿ ਕੇ ਉਨ੍ਹਾਂ ਨੇ ਬਾਬੇ ਦੀ ਦਾੜ੍ਹੀ ਹੱਥ ਲਾਇਆ ਤੇ ਆਖਿਆ - ਬਾਬਾ! ਤੂੰ ਸਾਡਾ ਬਾਪੂ ਹੈਂ ਬਖਸ਼ ਲੈ, ਆਪ ਪਾਣੀ ਲਾ ਲੈ, ਜਿਥੇ ਤੇਰੀ ਖੁਸ਼ੀ ਏ ਲਾ ਲੈ।

ਬਾਬਾ - ਤੁਸੀਂ ਡਾਕਟਰ ਸਾਹਿਬ ਦੀ ਡਾਂਟ ਹੇਠ ਝੁਕੇ ਹੋ, ਤੁਸੀਂ ਪਿਆਰ ਦੀ ਪੁਕਾਰ ਨਹੀਂ ਮੰਨੀ ਮੈਂ ਜਰਵਾਣਾ ਹੋ ਕੇ "ਭੈ ਦੇ ਕੇ" ਕੁਛ ਨਹੀਂ ਕਰਨਾ, ਸੋ ਤੁਸੀਂ ਜਾਣੋ ਤੁਹਾਡਾ ਕੰਮ ਜਾਣੇ। ਖੈਰੇ ਨੂੰ ਮੈਂ ਲੱਗਦੇ ਚਾਰੇ ਜੋ ਸਰੇ ਬਣੇਗਾ ਪਾਸੋਂ ਦੇ ਦਿਆਂਗਾ।

ਇਸ ਵੇਲੇ ਪਿੰਡ ਵਿਚੋਂ ਦੋ ਤਿੰਨ ਸਿੰਘ, ਇਕ ਬ੍ਰਾਹਮਣ ਤੇ ਇਕ ਸਯਦ ਆ ਗਏ ਕਿ ਬਾਬਾ ਜੀ! ਅਸਾਂ ਸੁਣਿਆਂ ਹੈ ਕਿ ਕੰਬੋਆਂ ਨੇ ਖੈਰੇ ਗਰੀਬ ਦਾ ਪਾਣੀ ਜ਼ੋਰੀਂ ਖੱਸ ਲਿਆ ਹੈ, ਇਹ ਕਹਿਰ ਸਾਡੇ ਪਿੰਡ ਕਦੇ ਨਹੀਂ ਸੀ ਵਰਤਿਆ। ਅਸੀਂ ਸਾਰੇ ਸ਼ੀਰ ਸ਼ੱਕਰ ਵੱਸਦੇ ਸਾਂ, ਹੁਣ ਅਸਾਂ ਸੁਣਿਆਂ ਹੈ ਕਿ ਕੰਬੋਆਂ ਨੇ ਆਪ ਜੀ ਦਾ ਅਨਾਦਰ ਕੀਤਾ

(ਬਾਕੀ ਪੰਨਾ 64 ਤੇ)

# ਸਿਹਤ ਵਿਗਿਆਨ

*ਕੈਪਟਨ ਸ਼ਮਸ਼ੇਰ ਸਿੰਘ*

ਮਨੁੱਖ ਜਿੰਨਾਂ ਪ੍ਰਾਕ੍ਰਿਤੀ ਦੇ ਨੇੜੇ ਰਹੇ ਉਨਾਂ ਹੀ ਸੁਖੀ ਰਹਿ ਸਕਦਾ ਹੈ। ਉਸ ਨੂੰ ਕੁਦਰਤ ਨੇ ਰੁੱਖ, ਜੜ੍ਹੀ ਬੂਟੀਆਂ ਤੇ ਹੋਰ ਪੌਦਿਆਂ ਦੀ ਨਿਹਮਤ ਬਖਸ਼ੀ ਹੈ ਜਿਸ ਤੋਂ ਉਹ ਖੁਰਾਕ ਦੇ ਨਾਲ ਨਾਲ ਦਵਾਈਆਂ ਦਾ ਕੰਮ ਭੀ ਲੈ ਸਕਦਾ ਹੈ। ਸਹੀ ਵਰਤੋਂ ਨਾਲ ਉਹ ਬੀਮਾਰੀਆਂ ਤੋਂ ਦੂਰ ਰਹਿ ਕੇ ਚੰਗੀ ਸਿਹਤ ਮਾਣ ਸਕਦਾ ਹੈ। ਇਹ ਪੌਦੇ ਕੁਦਰਤੀ ਹਾਲਤ ਵਿਚ ਆਮ ਰੋਗਾਂ ਦਾ ਉਤਮ ਉਪਚਾਰ ਭਲੀ ਭਾਂਤ ਕਰਦੇ ਹਨ, ਜੇਕਰ ਸਾਨੂੰ ਉਨ੍ਹਾਂ ਦੇ ਗੁਣਾਂ ਅਵਗੁਣਾਂ ਦੀ ਸਹੀ ਜਾਣਕਾਰੀ ਹੋਵੇ। ਬਿਮਾਰੀਆਂ ਨੂੰ ਆਉਣ ਤੋਂ ਪਹਿਲਾਂ ਹੀ ਜਾਂ ਆਉਂਦਿਆਂ ਹੀ ਇਨ੍ਹਾਂ ਨੂੰ ਜੜ੍ਹੀ ਬੂਟੀਆਂ, ਪੌਦਿਆਂ ਦੀ ਮਦਦ ਨਾਲ ਬਾਖੂਬੀ ਬੰਨ੍ਹ ਕੇ ਰੱਖ ਸਕਦੇ ਹਾਂ। ਗਰਮ ਮਸਾਲਾ ਹਰ ਘਰ ਵਿਚ ਵਰਤਿਆ ਜਾਂਦਾ ਹੈ। ਆਮ ਲੋਕ ਇਸ ਦੀ ਬਨਾਵਟ ਤੇ ਘਟਕਾਂ ਤੋਂ ਚੰਗੀ ਤਰ੍ਹਾਂ ਵਾਕਿਫ ਹਨ। ਪਿਛਲੇ ਅੰਕਾਂ ਵਿਚ ਅਸੀਂ ਜੀਰੇ ਤੇ ਧਨੀਏ ਬਾਰੇ ਪੜ੍ਹ ਚੁੱਕੇ ਹਾਂ। ਇਸ ਮਹੀਨੇ ਅਸੀਂ ਦਾਲ ਚੀਨੀ ਤੇ ਛੋਟੀ ਵੱਡੀ ਇਲਾਇਚੀ ਬਾਰੇ ਕੁਝ ਗਿਆਨ ਪ੍ਰਾਪਤ ਕਰਨ ਦਾ ਯਤਨ ਕਰਾਂਗੇ।

**ਦਾਲ ਚੀਨੀ** - Cinnamon Bark ਇਸ ਦਾ ਰੁੱਖ ਦੱਖਣੀ ਭਾਰਤ ਵਿਚ ਪੈਦਾ ਹੁੰਦਾ ਹੈ ਤੇ ਇਹ ਸਦਾ ਬਹਾਰ ਰੁੱਖ ਹੈ। ਲੰਕਾ ਦੀ ਦਾਲ ਚੀਨੀ ਸਭ ਤੋਂ ਉਤਮ ਗਿਣੀ ਜਾਂਦੀ ਹੈ। ਇਹਨੂੰ ਸਿਹਲੀ ਦਾਲ ਚੀਨੀ ਕਿਹਾ ਜਾਂਦਾ ਹੈ। ਇਸ ਰੁੱਖ ਦਾ ਛਿਲਕਾ (ਦਾਲ ਚੀਨੀ) ਅਤੇ ਦਾਲ ਚੀਨੀ ਦਾ ਤੇਲ ਵਰਤੋਂ ਵਿਚ ਆਉਂਦੇ ਹਨ। ਮਸਾਲੇ ਵਿਚ ਤਾਂ ਇਸ ਨੂੰ ਹਮੇਸ਼ਾ ਹੀ ਵਰਤਿਆ ਜਾਂਦਾ ਹੈ ਪਰ ਰੋਗਾਂ ਵਿਚ ਭੀ ਇਸ ਦਾ ਇਸਤੇਮਾਲ ਲਾਭ ਦੇਣ ਵਾਲਾ ਹੈ।

**ਦੰਦ ਦਾੜ ਦਾ ਦਰਦ** - ਦਾਲ ਚੀਨੀ ਤੇਲ ਦਾ ਫਾਹਾ (ਰੂਈਂ) ਦੰਦ ਦਾੜ੍ਹ ਦਰਦ ਦੀ ਹਾਲਤ ਵਿਚ ਰੱਖਣ ਨਾਲ ਦਰਦ ਹਟ ਜਾਂਦਾ ਹੈ ਤੇ ਜੇ ਦਾੜ੍ਹ ਵਿਚ ਕੀੜਾ ਹੈ ਤਾਂ ਉਹ ਭੀ ਮਰ ਜਾਂਦਾ ਹੈ।

**ਉਲਟੀ** - ਉਲਟੀਆਂ ਹੋਣ ਦੀ ਹਾਲਤ ਵਿਚ ਦਾਲ ਚੀਨੀ ਦਾ ਚੂਰਨ ਬਣਾ ਕੇ ਦੋ ਰੱਤੀ ਸ਼ਹਿਦ ਵਿਚ ਮਿਲਾ ਕੇ ਚੱਟਣ ਨਾਲ ਉਲਟੀਆਂ ਬੰਦ ਹੋ ਜਾਂਦੀਆਂ ਹਨ। ਸਿਰ ਦਰਦ ਦੀ ਹਾਲਤ ਵਿਚ ਦਾਲ ਚੀਨੀ ਦਾ ਤੇਲ ਮਲਣ ਨਾਲ ਫਾਇਦਾ ਹੁੰਦਾ ਹੈ। ਸੌਂਫ ਨਾਲ ਦਾਲ ਚੀਨੀ ਖਾਣ ਨਾਲ ਪੇਟ ਦਰਦ ਤੇ ਬਦਹਜ਼ਮੀ ਤੋਂ ਫਾਇਦਾ ਹੁੰਦਾ ਹੈ।

ਦੰਦਾਂ ਦੇ ਪਾਓਰੀਆ ਕਾਰਨ ਮੂੰਹ ਤੋਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਨੂੰ ਖਤਮ ਕਰਨ ਲਈ ਦਾਲ ਚੀਨੀ ਦਾ ਛਿਲਕਾ ਦਿਨ ਵਿਚ ਤਿੰਨ ਵਾਰ ਚਬਾ ਕੇ ਚੂਸਦੇ ਰਹਿਣ ਨਾਲ ਬਦਬੂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਅਨਬੁਝ ਪਿਆਸ ਦੀ ਹਾਲਤ ਵਿਚ ਦਾਲ ਚੀਨੀ ਦਾ ਚੂਰਨ ਨਿੰਬੂ, ਸ਼ਰਬਤ ਲੈਣ ਨਾਲ ਪਿਆਸ ਬੁੱਝ ਜਾਂਦੀ ਹੈ। ਤੋਤਲਾਪਣ ਲਈ ਦਾਲ ਚੀਨੀ ਚਬਾਂਦੇ ਰਹਿਣ ਨਾਲ ਫਾਇਦਾ ਹੁੰਦਾ ਹੈ ਤੇ ਤੋਤਲਾਪਣ ਹਟ ਜਾਂਦਾ ਹੈ।

**ਨੋਟ** - ਦਾਲ ਚੀਨੀ ਦਾ ਪ੍ਰਯੋਗ ਥੋੜ੍ਹੀ ਮਾਤਰਾ ਵਿਚ ਹੀ ਕਰਨਾ ਚਾਹੀਦਾ ਹੈ, ਜ਼ਿਆਦਾ ਮਿਕਦਾਰ ਵਿਚ ਇਸਤੇਮਾਲ ਨਾਲ ਇਸ ਤੋਂ ਨੁਕਸਾਨ ਭੀ ਹੋ ਸਕਦਾ ਹੈ।

ਇਨ-ਫਲੂ-ਐਂਜ਼ਾ ਵਿਚ ਦਾਲ ਚੀਨੀ ਅੱਧਾ ਤੋਲਾ ਲੌਂਗ 3/4, ਸੁੰਢ ਦੋ ਗ੍ਰਾਮ ਪਾਊਡਰ ਬਣਾ ਕੇ ਇਕ ਕਿਲੋ ਪਾਣੀ ਵਿਚ ਉਬਾਲੋ ਤੇ ਜਦ ਚੌਥਾ ਹਿੱਸਾ ਰਹਿ ਜਾਵੇ ਤਾਂ 50-50 ਗ੍ਰਾਮ ਦੀ ਮਾਤਰਾ 4-4 ਘੰਟੇ ਬਾਅਦ ਪੀਣ ਨਾਲ ਇਨਫਲੂਐਂਜ਼ਾ ਠੀਕ ਹੋ ਜਾਂਦਾ ਹੈ।

**ਛੋਟੀ ਇਲਾਇਚੀ (Cardamom) ਦੇ ਕੁਝ ਪ੍ਰਯੋਗ -**

ਪਿਸ਼ਾਬ ਜੇ ਰੁਕ ਜਾਵੇ ਤਾਂ ਛੋਟੀ ਇਲਾਇਚੀ ਦੇ ਬੀਜ ਪੀਸ ਕੇ ਦੁੱਧ ਨਾਲ ਖਾਣ ਨਾਲ ਪਿਸ਼ਾਬ ਦਾ ਬੰਨ੍ਹ ਖੁਲ੍ਹ ਜਾਂਦਾ ਹੈ। ਇਹ ਪਿਸ਼ਾਬ ਦੀ ਜਲਣ ਵੀ ਦੂਰ ਕਰਦੀ ਹੈ। ਖਾਂਸੀ ਦਮਾ ਵਿਚ ਛੋਟੀ ਇਲਾਇਚੀ ਲੈਣ ਨਾਲ ਆਰਾਮ ਆ ਜਾਂਦਾ ਹੈ।

ਇਲਾਇਚੀ ਵੱਡੀ - (The Greater Cardamom) ਭਾਰਤ ਵਿਚ ਇਹ ਸਿੱਕਮ ਆਸਾਮ ਦੀ ਤਰਾਈ ਦੇ ਇਲਾਕਿਆਂ ਵਿਚ, ਤੇ ਬੰਗਾਲ ਦੇ ਜੰਗਲਾਂ ਵਿਚ ਅਤੇ ਲੰਕਾਂ ਵਿਚ ਵੀ ਪੈਦਾ ਹੁੰਦੀ ਹੈ। ਇਸ ਦੇ ਪੌਦੇ ਦੋ ਤੋਂ ਚਾਰ ਫੁੱਟ ਉਚੇ ਤੇ ਸਦਾ ਬਹਾਰ ਹੁੰਦੇ ਹਨ।

ਇਸ ਦੇ ਫਲ ਤੇ ਤੇਲ ਕੰਮ ਵਿਚ ਆਉਂਦੇ ਹਨ। ਵੱਡੀ ਇਲਾਇਚੀ ਗਰਮ ਮਸਾਲੇ ਦਾ ਇਕ ਖਾਸ ਅੰਗ ਹੈ। ਇਹ ਦੋ ਸਾਲ ਤਕ ਖਰਾਬ ਨਹੀਂ ਹੁੰਦੀ। ਇਸ ਦਾ ਤੇਲ ਖਾਸ ਤੌਰ ਤੇ ਦਵਾਈਆਂ ਵਿਚ ਕੰਮ ਆਉਂਦਾ ਹੈ। ਇਸ ਦੇ ਗੁਣ ਛੋਟੀ ਇਲਾਇਚੀ ਵਰਗੇ ਹੀ ਹਨ ਪਰ ਇਹ ਉਸ ਨਾਲੋਂ ਸਸਤੀ ਹੈ। ਇਸ ਦੇ ਦਵਾਈ ਦੇ ਤੌਰ ਤੇ ਕੁਝ ਗੁਣ ਹੇਠ ਦਿਤੇ ਜਾਂਦੇ ਹਨ। ਗਲੇ ਦੀ ਖਿੱਚ ਖਿਚਾਹਟ ਵਿਚ ਬੜੀ ਇਲਾਇਚੀ ਦੇ ਬੀਜ ਚਬਾ ਕੇ ਖਾਣ ਨਾਲ ਫਾਇਦਾ ਮਿਲਦਾ ਹੈ। ਪੇਟ ਗੈਸ ਵਿਚ ਭੀ ਇਲਾਇਚੀ ਖਾਣ ਨਾਲ ਫਾਇਦਾ ਹੁੰਦਾ ਹੈ।

(ਪੰਨਾ 61 ਦੀ ਬਾਕੀ)

ਹੈ ਤੇ ਆਖੇ ਨਹੀਂ ਲਗੇ। ਸੋ ਬਾਬਾ ਜੀ! ਆਪ ਫਿਕਰ ਨਾ ਕਰੋ, ਦੋ ਦਿਨ ਹੋਰ ਔਖੇ ਹਨ, ਤੀਏ ਦਿਨ ਸਾਡੀਆਂ ਸਾਰਿਆਂ ਦੀਆਂ ਵਾਰੀਆਂ ਹਨ, ਅਸੀਂ ਪਹਿਲਾਂ ਖੈਰੇ ਦੇ ਖੇਤ ਭਰਾਂਗੇ ਤਾਂ ਪਾਣੀ ਵਰਤਾਂਗੇ। ਅਸੀਂ ਬੀ ਗਰੀਬ ਹਾਂ ਪਰ ਐਨਾ ਜ਼ਰੂਰ ਰਲ ਵਰਤਾਂਗੇ ਕਿ ਸਾਡੇ ਖੇਤ ਭੀ ਨਾਂ ਸੁਕਣ ਤੇ ਮਿਰਚਾਂ ਨੂੰ ਭੀ ਸੋਕਾਂ ਨਾ ਮਾਰੇ। ਖਬਰੇ ਸਾਂਈ ਗਰੀਬਾਂ ਦੀ ਸੁਣਦਾ ਹੈ, ਅਗੰਮ ਦੇ ਸੋਮੇਂ ਹੀ ਖੋਲ੍ਹ ਦੇਵੇ ਤੇ ਉਤੋਂ ਹੀ ਜਲ ਥਲ ਹੋ ਜਾਵੇ। ਪਰ ਬਾਬਾ ਜੀ! ਤੁਸੀਂ ਉਦਾਸ ਨਹੀਂ ਹੋਣਾ, ਅਸੀਂ ਸਾਰੇ ਇਕ ਪਿੰਡ ਦੇ ਭਰਾ ਹਾਂ, ਅਸੀਂ ਰਲ ਵਰਤਾਂਗੇ। ਬਾਬੇ ਦੇ ਦਿਲ ਵਿਚ ਕੰਬੋਆਂ ਦੇ ਹਿਰਦੇ ਦੀ ਕਠੋਰਤਾ ਕਰਕੇ ਉਦਾਸੀ ਸੀ, ਇਸ ਪਿਆਰ ਦੀ ਵਰਤੋਂ ਨੂੰ ਸੁਣਕੇ ਬਦਲ ਗਈ ਤੇ ਆਖਣ ਲੱਗਾ, ਸ਼ਾਬਾਸ਼ ਪੁਤ੍ਰੋ! ਇਹੀ ਹੁਕਮ ਹੈ –

***ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥***
***ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥***
***(ਬਾਬਾ ਫਰੀਦ, ਅੰਗ-1384)***

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ -**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ - ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name..................................................................
3. ਪਿਤਾ ਦਾ ਨਾਮ/Father's Name.........................................
4. ਪੂਰਾ ਪਤਾ/Full address.....................................................

.....................................................

.....................................................

PINCODE......................Telephone..............

ਮੈਂ ............ ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.......................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ..................................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 7, 14, 21, 28 ਮਾਰਚ।

**ਸੰਗਰਾਂਦ** - 14 ਮਾਰਚ, ਦਿਨ ਐਤਵਾਰ।

**ਪੂਰਨਮਾਸ਼ੀ** - 6 ਮਾਰਚ, ਦਿਨ ਸ਼ਨੀਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## For more information

**please visit us on internet at -**

http://www.atammarg.org

&

http://www.Ratwara sahib.com

## ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/ 2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*

ਪ੍ਰਿੰਟਰ ਪਬਲਿਸ਼ਰ ਤੇ ਐਡੀਟਰ ਭਾਈ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ -**

**0160-2255002**

**0160-2255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ** - 0160-2255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ ਟੈਕਨਾਲੌਜੀ, ਰਤਵਾੜਾ ਸਾਹਿਬ** - 0160-2255005, 2255006. 2255007

**ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ** - 98142-80259